ਬੁਲੇਟਿਨ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਮਾਰਚ-ਅਪ੍ਰੈਲ 2011 • ₹ 10



ਅਰਬ ਦੇ ਲੋਕ ਉਠ ਖੜ੍ਹੇ ਹੋਏ!

ਆਖ਼ਰ ਅੰਬੇਡਕਰ ਹਨ ਕੀ ਚੀਜ਼?

ਭਲਾ ਮਨਪ੍ਰੀਤ ਬਾਦਲ ਦੀ ਭਗਤ ਸਿੰਘ ਨਾਲ਼ ਕੀ ਸਾਂਝ ਹੋ ਸਕਦੀ ਹੈ?

23 ਮਾਰਚ, 23ਵੇਂ ਸ਼ਹਾਦਤ ਦਿਵਸ 'ਤੇ

ਅਸੀਂ ਲੜਾਂਗੇ ਸਾਥੀ



9 ਸਤੰਬਰ, 1950-23 ਮਾਰਚ, 1988

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗ਼ੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ

ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ 'ਤੇ
ਸਿਆੜ ਹੁਣ ਵੀ ਵਗਦੇ ਨੇ, ਚੀਕਦੀ ਧਰਤੀ 'ਤੇ
ਇਹ ਕੰਮ ਸਾਡਾ ਨਹੀਂ ਬਣਦਾ ਸਵਾਲ ਨੱਚਦਾ ਹੈ
ਸਵਾਲ ਦੇ ਮੌਰਾਂ 'ਤੇ ਚੜ੍ਹ ਕੇ
ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਤਦ ਤੱਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤੱਕ
ਬੱਕਰੀਆਂ ਦਾ ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ
ਜਦੋਂ ਤੱਕ ਵਾਹੁਣ ਵਾਲੇ ਆਪ ਨਹੀਂ ਸੁੰਘਦੇ
ਕਿ ਸੁੱਜੀਆਂ ਅੱਖੀਆਂ ਵਾਲੀ
ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤੱਕ
ਜੰਗ 'ਚੋਂ ਪਰਤ ਨਹੀਂ ਆਉਂਦਾ
ਜਦੋਂ ਤੱਕ ਪੁਲਸ ਦੇ ਸਿਪਾਹੀ
ਆਪਣੇ ਹੀ ਭਰਾਵਾਂ ਦਾ ਗਲਾ ਘੁੱਟਣ ਤੇ ਬਾਧਕ ਹਨ
ਕਿ ਬਾਬੂ ਦਫ਼ਤਰਾਂ ਵਾਲੇ
ਜਦੋਂ ਤੱਕ ਲਹੂ ਦੇ ਨਾਲ ਹਰਫ਼ ਪਾਉਂਦੇ ਹਨ...
ਅਸੀਂ ਲੜਾਂਗੇ ਜਦ ਤੱਕ
ਦੁਨੀਆਂ 'ਚ ਲੜਨ ਦੀ ਲੋੜ ਬਾਕੀ ਹੈ...

ਜਦੋਂ ਬੰਦੂਕ ਨਾ ਹੋਈ, ਓਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
ਤੇ ਅਸੀਂ ਲੜਾਂਗੇ ਸਾਥੀ...
ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁੱਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤੱਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ...

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ’ਚ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ

ਬੁਲੇਟਿਨ-17, ਮਾਰਚ-ਅਪ੍ਰੈਲ 2011

ਸੰਪਾਦਕ

ਲਖਵਿੰਦਰ

ਇੱਕ ਕਾਪੀ ਦਾ ਮੁੱਲ
ਦਸ ਰੁਪਏ
ਸਾਲਾਨਾ ਚੰਦਾ
60 ਰੁਪਏ (ਡਾਕ ਰਾਹੀਂ 80 ਰੁਪਏ)
ਫੋਨ ਨੰ. - 9646150249
ਈਮੇਲ: lalkaar08@rediffmail.com

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਸਰਹਿੰਦ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ 140406, ਪੰਜਾਬ

ਮਾਲਕ, ਪ੍ਰਕਾਸ਼ਕ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋਂ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਸਰਹਿੰਦ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ 140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ

ਸੰਪਾਦਕੀ

ਜਾਗੋ ਨੌਜਵਾਨੋਂ, ਉੱਠੋ ਸਾਨੂੰ ਸੁੱਤਿਆਂ ਨੂੰ ਯੁੱਗ ਬੀਤ ਚੁੱਕੇ ਹਨ !

ਇਹ ਬੋਲ ਸ਼ਹੀਦ ਭਗਤ ਸਿੰਘ ਦੇ ਹਨ। ਆਉਣ ਵਾਲ਼ੀ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ 80ਵਾਂ ਸ਼ਹੀਦੀ ਦਿਹਾੜਾ ਹੈ। ਅੱਜ ਤੋਂ ਲਗਭਗ ਅੱਠ ਦਹਾਕੇ ਪਹਿਲਾਂ ਭਗਤ ਸਿੰਘ ਨੇ ਨੌਜਵਾਨਾਂ ਨੂੰ ਵਿਦੇਸ਼ੀ ਗੁਲਾਮੀ ਵਿਰੁੱਧ ਉੱਠ ਖੜ੍ਹੇ ਹੋਣ ਲਈ ਲਲਕਾਰਿਆ ਸੀ। ਉਦੋਂ ਸਾਡਾ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ। ਸਾਡੇ ਦੇਸ਼ ਦੇ ਜਗੀਰਦਾਰਾਂ ਅਤੇ ਰਾਜੇ ਰਜਵਾੜਿਆ ਨਾਲ਼ ਉਹਨਾਂ ਦੀ ਗੂੜ੍ਹੀ ਯਾਰੀ ਸੀ। ਇਹ ਦੋਵੇਂ ਮਿਲ਼ ਕੇ ਸਾਡੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ ਨੂੰ ਨਪੀੜ ਰਹੇ ਸਨ। ਇਸ ਲੁੱਟ, ਜ਼ਬਰ, ਅਨਿਆਂ ਵਿਰੁੱਧ ਉਦੋਂ ਚੱਲ ਰਹੀ ਲੜਾਈ ਵਿੱਚ ਨੌਜਵਾਨ ਵੀ ਮੂਹਰਲੀਆਂ ਸਫਾਂ ਵਿੱਚ ਸਨ। ਜੇਲ੍ਹਾਂ, ਫਾਂਸੀਆਂ, ਜਲਾਵਤਨੀਆਂ, ਗੋਲ਼ੀਆਂ ਆਦਿ ਦਾ ਵੇਲੇ ਦੇ ਹਾਕਮਾਂ ਦਾ ਕੋਈ ਵੀ ਜ਼ਬਰ ਉਹਨਾਂ ਨੂੰ ਦੇਸ਼ ਦੀ ਜੰਗੇ ਆਜ਼ਾਦੀ 'ਚ ਹਿੱਸਾ ਲੈਣੋ ਰੋਕ ਨਾ ਸਕਿਆ। ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਦੇ ਅਨੇਕਾਂ ਜੁਝਾਰੂ ਸੰਘਰਸ਼ਾਂ, ਤਿਆਗ, ਕੁਰਬਾਨੀਆਂ ਦਾ ਹੀ ਨਤੀਜਾ ਸੀ ਕਿ 1947 'ਚ ਅੰਗਰੇਜ਼ਾਂ ਨੂੰ ਇੱਥੋਂ ਦਫਾ ਹੋਣਾ ਪਿਆ। ਪਰ 1947 'ਚ ਦੇਸ਼ ਦੀ ਲੁਟੇਰੀ ਸਰਮਾਏਦਾਰ ਜਮਾਤ ਸੱਤ੍ਹਾ 'ਤੇ ਕਾਬਜ਼ ਹੋਈ। ਭਗਤ ਸਿੰਘ ਦੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ 'ਗੋਰੀ ਬੁਰਾਈ ਦੀ ਥਾਂ ਕਾਲ਼ੀ ਬੁਰਾਈ' ਨੇ ਲੈ ਲਈ।

ਮਾਓ-ਜ਼ੇ-ਤੁੰਗ ਨੇ ਕਿਹਾ ਸੀ ਕਿ 'ਰੁੱਖ ਜਿੰਨਾ ਮਰਜ਼ੀ ਸ਼ਾਂਤ ਰਹਿਣਾ ਚਾਹੁਣ ਪਰ ਹਵਾ ਉਹਨਾਂ ਨੂੰ ਟਿਕਣ ਨਹੀਂ ਦਿੰਦੀ।' ਇਸ ਸਮਾਜ ਵਿੱਚ ਰਹਿੰਦੇ ਹੋਏ ਅਸੀਂ ਇਸ ਤੋਂ ਨਿਰਲੇਪ ਨਹੀਂ ਰਹਿ ਸਕਦੇ। ਸਾਰੇ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਹਰ ਸਮਾਜੀ ਉੱਥਲ-ਪੁੱਥਲ ਵਿੱਚ, ਹਰ ਇਨਕਲਾਬ ਵਿੱਚ ਨੌਜਵਾਨਾਂ ਨੇ ਮੂਹਰਲੇ ਮੋਰਚਿਆਂ 'ਤੇ ਲੜਾਈ ਲੜੀ ਹੈ।

1947 ਤੋਂ ਬਾਅਦ ਜੋ ਇਸ ਦੇਸ਼ ਵਿੱਚ ਤਬਦੀਲੀ ਹੋਈ ਉਹ ਬੱਸ ਇਹ ਸੀ ਕਿ ਇੱਕ ਧੀਮੀ ਪ੍ਰੀਕ੍ਰਿਆ 'ਚ ਜਗੀਰਦਾਰੀ ਦੀ ਥਾਂ ਸਰਮਾਏਦਾਰੀ ਨੇ ਲੈ ਲਈ, ਪਿੰਡਾਂ ਵਿੱਚ ਵੀ ਅਤੇ ਸ਼ਹਿਰਾਂ ਵਿੱਚ ਵੀ। ਹੁਣ ਵੀ ਸਿੱਧੇ ਦੀ ਥਾਂ ਅਸਿੱਧੇ ਰੂਪ ਵਿੱਚ ਸਾਮਰਾਜਵਾਦੀ ਦੇਸ਼ਾਂ ਦੁਆਰਾ ਸਾਡੇ ਦੇਸ਼ ਦੇ ਕੁਦਰਤੀ ਸਾਧਨਾਂ ਅਤੇ ਕਿਰਤ ਸ਼ਕਤੀ ਦੀ ਲੁੱਟ ਬਾਦਸਤੂਰ ਜਾਰੀ ਰਹੀ।

ਅਜ਼ਾਦੀ ਤੋਂ ਬਾਅਦ ਦੇ ਪਿਛਲੇ ਛੇ ਦਹਾਕਿਆਂ 'ਚ ਇੱਥੇ ਜੋ ਸਮਾਜ ਬਣਿਆ ਹੈ, ਇਹ ਬਹੁਤ ਹੀ ਗੈਰ-ਬਰਾਬਰੀ ਪੂਰਨ ਹੈ। ਅਮੀਰ ਗਰੀਬ ਵਿਚਲਾ ਪਾੜਾ ਪਿਛਲੇ ਛੇ ਦਹਾਕਿਆਂ 'ਚ ਛਾਲ਼ੀਂ ਵਧਿਆ ਹੈ। ਉੱਪਰਲੀ 15 ਤੋਂ 20 ਫੀਸਦੀ ਅਬਾਦੀ ਨੂੰ ਇੱਥੇ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਉਪਲਬਧ ਹਨ। ਇਸ ਕੋਲ ਧਨ ਦੌਲਤ ਦੇ ਅੰਬਾਰ ਹਨ। ਇਸ ਦੀ ਅੱਯਾਸ਼ੀ ਦੇ ਕਿੱਸਿਆਂ ਅੱਗੇ ਇਤਿਹਾਸ ਦੇ ਸਭ ਤਰ੍ਹਾਂ ਦੇ ਹਾਕਮਾਂ ਦੀ ਅੱਯਾਸ਼ੀ ਦੇ ਕਿੱਸੇ ਛੋਟੇ ਪੈ ਜਾਂਦੇ ਹਨ। ਦੂਜੇ ਪਾਸੇ ਇਸੇ ਦੇਸ਼ ਦੀ 77 ਫੀਸਦੀ ਆਬਾਦੀ 20 ਰੁਪੈ ਰੋਜ਼ਾਨਾ 'ਤੇ ਗੁਜ਼ਾਰਾ ਕਰ ਰਹੀ ਹੈ। ਦੇਸ਼ ਦੇ 80 ਫੀਸਦੀ ਕਿਰਤ ਲੋਕ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਦੀ ਚੱਕੀ 'ਚ ਪਿਸ ਰਹੇ ਹਨ।

1991 'ਚ ਦੇਸ਼ ਦੇ ਹਾਕਮਾਂ ਵੱਲੋਂ ਅਪਣਾਈ ਨਵੀਂ ਆਰਥਿਕ ਨੀਤੀ ਦੇ ਪਿਛਲੇ ਦੋ ਦਹਾਕਿਆਂ 'ਚ ਕਰੋੜਾਂ ਕਿਸਾਨ ਅਤੇ ਹੋਰ ਛੋਟੇ ਕਾਰੋਬਾਰੀ ਉੱਜੜਕੇ, ਜਾਇਦਾਦ ਵਿਹੀਣ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਲ ਹੋਏ ਹਨ। ਆਉਣ ਵਾਲ਼ੇ ਦਿਨਾਂ ਵਿੱਚ ਇਹ ਗਤੀ ਹੋਰ ਤੇਜ਼ ਹੋਵੇਗੀ। ਦੇਸ਼ ਵਿੱਚ ਅਮੀਰ ਗਰੀਬ ਦਰਮਿਆਨ ਧਰੁਵੀਕਰਨ ਹੋਰ ਵਧੇਰੇ ਤਿੱਖਾ ਹੋਵੇਗਾ।

ਦੇਸ਼ ਦੇ ਕਰੋੜਾਂ ਨੌਜਵਾਨ ਬੇਰੁਜ਼ਗਾਰ ਹਨ ਜਾਂ ਅਰਧ ਬੇਰੁਜ਼ਗਾਰ ਹਨ। ਪਬਲਿਕ ਸੈਕਟਰ ਦੇ ਨਿੱਜੀਕਰਨ ਹੁੰਦੇ ਜਾਣ ਨਾਲ਼ ਪੱਕੀਆਂ ਨੌਕਰੀਆਂ ਦਾ ਸਕੋਪ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਅਜਿਹੇ ਸਮੇਂ 'ਚ ਜਾਂ ਤਾਂ ਰੁਜ਼ਗਾਰ ਮਿਲਦਾ ਹੀ ਨਹੀਂ ਜੇ ਮਿਲਦਾ ਹੈ ਤਾਂ ਬੇਹੱਦ ਘੱਟ ਤਨਖਾਹ 'ਤੇ ਕੰਮ ਕਰਨਾ ਪੈਂਦਾ ਹੈ। ਇਹ ਰੁਜ਼ਗਾਰ ਵੀ ਅਨਿਸ਼ਚਿਤ ਹੀ ਹੁੰਦਾ ਹੈ। ਕਿਸੇ ਵੀ ਸਮੇਂ ਇੱਕ ਬਾਰੁਜ਼ਗਾਰ, ਬੇਰੁਜ਼ਗਾਰ ਹੋ ਸਕਦਾ ਹੈ। ਪ੍ਰਾਈਵੇਟ ਸੈਕਟਰ ਵਿੱਚ ਮਾਲਕ ਕੰਮ ਤਾਂ ਨਿਚੋੜ ਕੇ ਲੈਂਦੇ ਹਨ, ਪਰ ਬਦਲੇ 'ਚ ਤਨਖਾਹ ਬੇਹੱਦ ਘੱਟ ਦਿੰਦੇ ਹਨ। ਅਜਿਹੇ ਖੇਤਰਾਂ 'ਚ ਕੰਮ ਕਰਨ ਵਾਲ਼ੇ ਨੌਜਵਾਨ ਹਮੇਸ਼ਾ ਭਿਆਨਕ ਮਾਨਸਿਕ ਤਣਾਅ ਵਿੱਚ ਜਿਉਂਦੇ ਹਨ। ਇੱਕ ਅੰਦਾਜ਼ੇ ਮੁਤਾਬਕ ਦੇਸ਼ ਦੇ ਪਿੰਡਾਂ ਵਿੱਚ ਹੀ 5 ਕਰੋੜ ਦੇ ਲਗਭਗ ਨੌਜਵਾਨ ਬੇਰੁਜ਼ਗਾਰ ਹਨ। ਦੇਸ਼ ਦੀ ਕੁੱਲ ਕੰਮ ਕਰਨ ਯੋਗ ਆਬਾਦੀ ਵਿੱਚੋਂ ਇੱਕ ਤਿਹਾਈ ਆਬਾਦੀ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਦੀ ਸ਼ਿਕਾਰ ਹੈ।

ਇੱਕ ਪਾਸੇ ਦੇਸ਼ ਦੇ ਸ਼ਹਿਰਾਂ ਦੇ ਪੌਸ਼ ਇਲਾਕਿਆਂ 'ਚ ਲਗਾਤਾਰ ਵੱਡੇ-ਵੱਡੇ ਖੂਬਸੂਰਤ ਬੰਗਲੇ ਉੱਸਰ ਰਹੇ ਹਨ। ਸ਼ਹਿਰਾਂ ਦੇ ਬਾਹਰਵਾਰ ਕਈ ਕਈ ਏਕੜਾਂ 'ਚ ਫਾਰਮ ਹਾਊਸ ਬਣ ਰਹੇ ਹਨ ਜੋ ਸ਼ਹਿਰੀ ਧਨਾਢਾਂ ਦੇ ਅੱਯਾਸ਼ੀ ਦੇ ਅੱਡੇ ਹਨ। ਦੂਜੇ ਪਾਸੇ ਝੁੱਗੀਆਂ-ਝੌਪੜੀਆਂ ਵੀ ਖੁੰਭਾ ਵਾਂਗ ਵੱਧ ਫੁੱਲ ਰਹੀਆਂ ਹਨ। ਰਾਤ ਵੇਲੇ ਬੰਦ ਦੁਕਾਨਾਂ ਮੂਹਰੇ, ਫੁੱਟਪਾਥਾਂ ਅਤੇ ਸੜਕਾਂ ਦੇ ਡਿਵਾਈਡਰਾਂ 'ਤੇ ਸੌਣ ਵਾਲਿਆਂ ਦੀ ਸੰਖਿਆ ਲਗਾਤਾਰ ਵੱਧ ਰਹੀ ਹੈ। ਰੇਲ ਲਾਈਨਾਂ ਦੇ ਕਿਨਾਰੇ ਅਤੇ ਲਗਾਤਾਰ ਉਸਰ ਰਹੇ ਫਲਾਈਓਵਰਾਂ ਦੇ ਹੇਠਾਂ ਇੱਕ ਪੂਰਾ ਸੰਸਾਰ ਵਸਦਾ ਹੈ, ਜਿੱਥੇ ਦਿਨ ਰਾਤ ਹੱਡ ਭੰਨਵੀਂ ਮਿਹਨਤ ਕਰਨ ਵਾਲੇ ਕੀੜੇ ਮਕੌੜਿਆਂ ਜਿਹਾ ਜੀਵਨ ਜੀਉਣ ਲਈ ਮਜਬੂਰ ਹਨ।

ਇਹ ਸੀ ਦੇਸ਼ ਦੇ ਅਰਥਚਾਰੇ ਦੀ ਇੱਕ ਝਲਕ। ਆਓ! ਹੁਣ ਰਾਜਨੀਤੀ ਦੇ ਦਰਸ਼ਨ ਕਰਦੇ ਹਾਂ।

ਭਾਰਤ ਦੇ ਹਾਕਮ ਅਤੇ ਉਹਨਾਂ ਦੀਆਂ ਬੌਧਿਕ ਵੇਸਵਾਵਾਂ ਭਾਵ ਉਹਨਾਂ ਦੇ ਬੁੱਧੀਜੀਵੀ ਦਿਨ ਰਾਤ ਇਹ ਦੁਹਰਾਉਂਦੇ ਨਹੀਂ ਥੱਕਦੇ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਲੋਕਤੰਤਰ ਦੀ ਅਬਰਾਹਮ ਲਿੰਕਨ ਨੇ ਇੱਕ ਪਰਿਭਾਸ਼ਾ ਦਿੱਤੀ ਸੀ। ਉਸਨੇ ਕਿਹਾ ਸੀ ਕਿ, "ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੈ।" ਪਰ ਸਾਡਾ ਕਹਿਣਾ ਹੈ ਤਿੰਨਾਂ ਪੱਖਾਂ ਤੋਂ ਹੀ ਇਹ ਗੱਲ ਝੂਠ ਹੈ। ਨਾ ਤਾਂ ਇਹ ਸਰਕਾਰ ਲੋਕਾਂ ਦੀ ਹੈ, ਨਾ ਲੋਕਾਂ ਦੁਆਰਾ ਅਤੇ ਨਾ ਹੀ ਲੋਕਾਂ ਲਈ ਹੈ। ਇਹ ਸਰਕਾਰ ਜੇਕਰ ਲੋਕਾਂ ਦੀ ਹੁੰਦੀ ਤਾਂ ਦੇਸ਼ ਦੇ 80 ਫੀਸਦੀ ਲੋਕਾਂ ਦੀ ਹਾਲਤ ਉਹ ਨਾ ਹੁੰਦੀ ਜਿਸਦਾ ਉੱਪਰ ਵਰਣਨ ਕੀਤਾ ਗਿਆ ਹੈ।

ਜਿੱਥੋਂ ਤੱਕ ਸਰਕਾਰ ਦੇ ਲੋਕਾਂ ਦੁਆਰਾ ਚੁਣੇ ਜਾਣ ਦਾ ਸਵਾਲ ਹੈ, ਇਹ ਵੀ ਇੱਕ ਭਰਮ ਹੀ ਹੈ ਕਿ ਇੱਥੇ ਲੋਕ ਆਵਦੇ ਨੁਮਾਇੰਦੇ ਚੁਣਦੇ ਹਨ। ਲੋਕ ਭਾਵੇਂ ਵੋਟ ਪਰਚੀ ਤੇ ਮੋਹਰ ਲਾਉਣ ਦੀ ਰਸਮ ਅਦਾਇਗੀ ਕਰਦੇ ਹਨ, ਪਰ ਅੱਸੀ ਫੀਸਦੀ ਲੋਕ ਖੁਦ ਚੁਣੇ ਜਾਣ ਦੇ ਦਾਇਰੇ ਤੋਂ ਬਾਹਰ ਹਨ। ਅੱਜ ਇੱਥੇ ਇੱਕ ਸਰਪੰਚ ਬਣਨ ਲਈ ਘੱਟੋ ਘੱਟ ਇੱਕ ਕਰੋੜ ਦੀ ਲਾਗਤ ਆਉਂਦੀ ਹੈ, ਵਿਧਾਇਕ ਲਈ ਕਈ ਕਰੋੜ ਅਤੇ ਐੱਮ. ਪੀ. ਬਣਨ ਲਈ ਤਾਂ ਪੁੱਛੋ ਹੀ ਨਾ। ਇਸ ਲਈ ਇਸ ਦੇਸ਼ ਦੇ 80 ਫੀਸਦੀ ਲੋਕ ਤਾਂ ਚੋਣ ਲੜਨ ਦਾ ਸੁਪਨਾ ਵੀ ਨਹੀਂ ਲੈ ਸਕਦੇ। ਅੱਜ ਦੇਸ਼ ਦੀ ਸੰਸਦ, ਵਿਧਾਨ ਸਭਾਵਾਂ ਵਿੱਚ ਕਰੋੜਪਤੀਆਂ, ਅਰਬਪਤੀਆਂ, ਗੁੰਡਿਆਂ, ਬਦਮਾਸ਼ਾਂ, ਕਾਤਲਾਂ, ਬਲਾਤਕਾਰੀਆਂ ਦੀ ਭਰਮਾਰ ਹੈ। ਅਤੇ ਲੋਕਾਂ ਨੇ ਇਹਨਾਂ ਵਿੱਚੋਂ ਹੀ ਕਿਸੇ ਨੂੰ ਚੁਣਨਾ ਹੁੰਦਾ ਹੈ। ਇਸ ਲਈ ਲੋਕਾਂ ਦੀ ਚੋਣ ਦਾ ਸਕੋਪ ਵੀ ਬੇਹੱਦ ਸੀਮਤ ਹੈ। ਅਤੇ ਇਹ ਇਸ ਅਰਥ ਵਿੱਚ ਸੀਮਤ ਹੈ ਕਿ ਵੱਖ ਵੱਖ ਵੋਟ ਪਾਰਟੀਆਂ ਲੁਟੇਰੇ ਪੂੰਜੀਵਾਦੀ ਢਾਂਚੇ ਦੀਆਂ ਰੱਖਿਅਕ ਹਨ। ਸਭ ਬੁਨਿਆਦੀ ਮੁੱਦਿਆਂ 'ਤੇ ਉਹਨਾਂ ਵਿੱਚ ਸਹਿਮਤੀ ਹੈ। ਇਸ ਲਈ ਲੋਕਾਂ ਕੋਲ ਚੁਣਨ ਲਈ ਕੁਝ ਵੀ ਨਹੀਂ ਬਚਦਾ।

ਇਹ ਸਰਕਾਰ ਲੋਕਾਂ ਲਈ ਇਸ ਕਰਕੇ ਨਹੀਂ ਹੈ, ਕਿਉਂਕਿ ਪਿਛਲੇ 60 ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਕੋਈ ਵੀ ਸਰਕਾਰ ਲੋਕਾਂ ਦੇ ਹਿੱਤ ਵਿੱਚ ਕੰਮ ਨਹੀਂ ਕਰਦੀ। ਇੱਕ ਵਾਰ ਚੁਣੇ ਜਾਣ ਤੋਂ ਬਾਅਦ ਹਰ ਸਰਕਾਰ ਇੱਕ ਹੀ ਕੰਮ ਕਰਦੀ ਹੈ, ਉਹ ਹੈ ਲੋਕਾਂ ਨੂੰ ਲੁੱਟਣਾ ਤੇ ਕੁੱਟਣਾ ਅਤੇ ਸਰਮਾਏਦਾਰ ਜਮਾਤਾਂ ਦੀ ਸੇਵਾ ਕਰਨਾ। ਇਸ ਤਰ੍ਹਾਂ ਇਹ "ਲੋਕਤੰਤਰ" ਇੱਕ ਫਰੇਬ, ਇਹ ਲੋਕਾਂ ਦੇ ਅੱਖੀਂ ਘੱਟਾ ਪਾਉਂਦਾ ਹੈ। ਇਹ "ਲੋਕਤੰਤਰ" ਦੇ ਪਰਦੇ 'ਚ ਲੁਕੀ ਸਰਮਾਏਦਾਰ ਜਮਾਤ ਦੀ ਤਾਨਾਸ਼ਾਹੀ ਅਤੇ ਅੱਜ ਹਰ ਪੱਖੋਂ ਦੇਸ਼ ਦੀ ਪੂੰਜੀਵਾਦੀ ਰਾਜਨੀਤੀ ਦਾ ਨਿਘਾਰ ਆਪਣੀਆਂ ਸਿਖਰਾਂ ਛੂਹ ਰਿਹਾ ਹੈ।

ਦੇਸ਼ ਦੇ ਸਮਾਜ, ਸੱਭਿਆਚਾਰ ਦੀ ਗੱਲ ਕਰਨੀ ਹੋਵੇ ਤਾਂ ਪੂੰਜੀਵਾਦ ਨੇ ਲੋਕਾਂ ਨੂੰ ਇੱਕ ਚੂਹਾ ਦੌੜ ਵਿੱਚ ਲਗਾ ਰੱਖਿਆ ਹੈ। ਚਾਰੇ ਪਾਸੇ ਗਲਾ ਵੱਢ ਮੁਕਾਬਲੇ ਦਾ ਬੋਲਬਾਲਾ ਹੈ। ਹਰ ਕੋਈ ਦੂਸਰੇ ਦੀ ਧੌਣ 'ਤੇ ਪੈਰ ਰੱਖ ਕੇ ਅੱਗੇ ਵਧਣ ਦੀ ਦੌੜ 'ਚ ਹੈ। ਚਾਰੇ ਪਾਸੇ ਲੋਭ-ਲਾਲਚ ਦਾ ਸੱਭਿਆਚਾਰ ਹਾਵੀ ਹੈ। ਸਭ ਰਿਸ਼ਤਿਆਂ 'ਤੇ ਇੱਥੇ ਸੋਨੇ ਚਾਂਦੀ ਦੀ ਝਾਲ ਚੜ੍ਹੀ ਹੋਈ ਹੈ। ਸਭ ਮਨੁੱਖੀ ਰਿਸ਼ਤੇ ਬਿਜ਼ਨਸ ਡੀਲਜ਼ ਵਿੱਚ ਬਦਲ ਚੁੱਕੇ ਹਨ। ਸਾਡੇ ਇੱਥੇ ਪਹਿਲਾਂ ਤੋਂ ਹਾਵੀ ਜਗੀਰੂ ਸੱਭਿਆਚਾਰ ਨਾਲ਼ ਪੂੰਜੀਵਾਦੀ ਖਪਤ ਸੱਭਿਆਚਾਰ ਆਣ ਮਿਲਿਆ ਹੈ। ਇਹਨਾਂ ਦੋਹਾਂ ਦੇ ਮਿਸ਼ਰਣ ਤੋਂ ਗੰਦੀ ਬਦਬੂਦਾਰ ਖਿਚੜੀ ਤਿਆਰ ਹੋਈ ਹੈ। ਚਾਰੇ ਪਾਸੇ ਹਰ ਹੀਲੇ ਧਨ ਇਕੱਠਾ ਕਰਨ ਦੀ ਕੁੱਤਾ ਦੌੜ ਜਾਰੀ ਹੈ। ਇਸ ਦੇਸ਼ ਦੇ ਧਨਾਢਾਂ ਦੀ ਧਨ ਦੀ ਹਵਸ ਫੈਕਟਰੀਆਂ, ਜ਼ਮੀਨਾਂ 'ਤੇ ਮਜ਼ਦੂਰਾਂ ਦੀ ਕਿਰਤ ਸ਼ਕਤੀ ਦੀ ਅੰਨ੍ਹੀ ਲੁੱਟ ਰਾਹੀਂ ਸ਼ਾਂਤ ਨਹੀਂ ਹੋਈ। ਹੁਣ ਇੱਥੇ ਜਥੇਬੰਦ ਗਰੋਹਾਂ ਨੇ ਲੋਕਾਂ ਦੇ ਬੱਚਿਆਂ ਨੂੰ ਚੁੱਕ ਕੇ ਉਹਨਾਂ ਦੇ ਅੰਗ ਵੇਚਣ ਅਤੇ ਮਾਸੂਮ ਬੱਚੀਆਂ ਨੂੰ ਵੇਸਵਾਗਿਰੀ ਦੇ ਧੰਦੇ ਵਿੱਚ ਧੱਕਣ ਦਾ ਨਵਾਂ "ਕਾਰੋਬਾਰ" ਸ਼ੁਰੂ ਕੀਤਾ ਹੈ। ਕੁਝ ਸਾਲ ਪਹਿਲਾਂ ਨਿਠਾਰੀ ਕਾਂਢ ਨੇ ਇਹ ਘਿਨੌਣਾ "ਕਾਰੋਬਾਰ" ਸਾਹਮਣੇ ਲਿਆਂਦਾ ਸੀ, ਜੋ ਅਜੇ ਵੀ ਬਾਦਸਤੂਰ ਜਾਰੀ ਹੈ। 26 ਫਰਵਰੀ 2011 ਦੇ ਪੰਜਾਬੀ ਟ੍ਰਿਬਿਊਨ ਮੁਤਾਬਕ ਪਿਛਲੇ ਇੱਕ ਦਹਾਕੇ ਵਿੱਚ ਪੰਜਾਬ ਦੀਆਂ 781 ਧੀਆਂ ਲਾਪਤਾ ਹੋਈਆਂ ਹਨ। ਜਿਹਨਾਂ ਦੇ ਵੇਸਵਾਗਿਰੀ 'ਚ ਧੱਕੀਆਂ ਜਾਣ ਬਾਰੇ ਸ਼ੰਕਾ ਪ੍ਰਗਟਾਇਆ ਜਾ ਰਿਹਾ ਹੈ। ਇਹ ਤਾਂ ਬੱਸ ਉਹ ਗਿਣਤੀ ਹੈ ਜਿਸ ਦੀ ਪੁਲਿਸ ਕੋਲ ਰਿਪੋਰਟ ਦਰਜ ਕਰਾਈ ਜਾਂਦੀ ਹੈ। ਅਤੇ ਜਿਹੜੇ ਮਾਮਲੇ ਪੁਲਿਸ ਰਿਕਾਰਡ ਤੋਂ ਬਾਹਰ ਰਹਿ ਜਾਂਦੇ ਹਨ ਉਹਨਾਂ ਦੀ ਗਿਣਤੀ ਇਸ ਤੋਂ ਕਿਤੇ ਵਧੇਰੇ ਹੋਵੇਗੀ।

ਇਹ ਹੈ ਅਜ਼ਾਦੀ ਤੋਂ ਬਾਅਦ ਇੱਥੇ ਉਸਰੇ ਸਮਾਜ ਦੀ ਨੰਗੀ ਅਤੇ ਗੰਦੀ ਤਸਵੀਰ। ਨੌਜਵਾਨ ਦੋਸਤੋ ਕੀ ਅਜਿਹੇ ਵਾਤਾਵਰਣ ਵਿੱਚ ਤੁਹਾਡਾ ਦਮ ਨਹੀਂ ਘੁੱਟਦਾ? ਕੀ ਦਿਲ ਵਿੱਚ ਇੱਕ ਤੜਪ ਨਹੀਂ ਉੱਠਦੀ ਕਿ ਅਜਿਹੇ ਆਰਥਿਕ-ਰਾਜਸੀ-ਸਮਾਜੀ ਨਿਜ਼ਾਮ ਨੂੰ ਉਖਾੜ ਸੁੱਟਿਆ ਜਾਣਾ ਚਾਹੀਦਾ ਹੈ? ਕੀ ਇਹ ਸੰਭਵ ਹੈ ਕਿ ਅਜਿਹੇ ਸਮਾਜ ਵਿੱਚ ਜੀਉਂਦੇ ਹੋਏ ਸਾਡਾ ਭਵਿੱਖ, ਕੈਰੀਅਰ ਸੁਰੱਖਿਅਤ ਰਹਿ ਸਕਦਾ ਹੈ? ਮਾਓ-ਜ਼ੇ-ਤੁੰਗ ਨੇ ਕਿਹਾ ਸੀ ਕਿ 'ਰੁੱਖ ਜਿੰਨਾ ਮਰਜ਼ੀ ਸ਼ਾਂਤ ਰਹਿਣਾ ਚਾਹੁਣ ਪਰ ਹਵਾ ਉਹਨਾਂ ਨੂੰ ਟਿਕਣ ਨਹੀਂ ਦਿੰਦੀ।' ਇਸ ਸਮਾਜ ਵਿੱਚ ਰਹਿੰਦੇ ਹੋਏ ਅਸੀਂ ਇਸ ਤੋਂ ਨਿਰਲੇਪ ਨਹੀਂ ਰਹਿ ਸਕਦੇ। ਸਾਰੇ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਹਰ ਸਮਾਜੀ ਉੱਥਲ-ਪੁੱਥਲ ਵਿੱਚ, ਹਰ ਇਨਕਲਾਬ ਵਿੱਚ ਨੌਜਵਾਨਾਂ ਨੇ ਮੂਹਰਲੇ ਮੋਰਚਿਆਂ 'ਤੇ ਲੜਾਈ ਲੜੀ ਹੈ। ਸਾਡੀ ਕੌਮੀ ਅਜ਼ਾਦੀ ਦੀ ਲਹਿਰ ਦਾ ਇਤਿਹਾਸ ਵੀ ਇਸ ਦੀ ਗਵਾਹੀ ਦਿੰਦਾ ਹੈ, ਜਿੱਥੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਅਜ਼ਾਦ, ਕਰਤਾਰ ਸਿੰਘ ਸਰਭਾ ਜਿਹੇ ਹਜ਼ਾਰਾਂ ਨੌਜਵਾਨਾਂ ਨੇ ਸ਼ਹਾਦਤਾਂ ਦੇ ਜਾਮ ਪੀਤੇ। ਅੱਜ ਜਦੋਂ ਸਾਡੇ ਸਮਾਜ ਵਿੱਚ ਚੌਤਰਫਾ ਨਿਘਾਰ ਦਾ ਬੋਲਬਾਲਾ ਹੈ, ਜਦੋਂ ਚਾਰੇ ਪਾਸੇ ਲੁੱਟ ਜ਼ਬਰ ਅਨਿਆਂ ਹਾਵੀ ਤਾਂ ਕੀ ਸਾਡੇ ਨੌਜਵਾਨ ਹੱਥ 'ਤੇ ਹੱਥ ਧਰੀ ਬੈਠੇ ਰਹਿਣਗੇ? ਅੱਜ ਸਾਡੇ ਸਮਾਜ ਦੀਆਂ ਹਾਲਤਾਂ ਚੀਕ ਚੀਕ ਕੇ ਇਹ ਮੰਗ ਕਰ ਰਹੀਆਂ ਹਨ ਕਿ ਇਹ ਇਸ ਦੁਨੀਆਂ ਨੂੰ ਬਦਲਣ ਲਈ ਨੌਜਵਾਨ ਅੱਗੇ ਆਉਣ। ਹਾਲਾਤ ਮੰਗ ਕਰਦੇ ਹਨ ਕਿ **ਭਗਤ ਸਿੰਘ ਦੇ ਵਾਰਸੋ! ਜਾਗੋ, ਉੱਠੋ ਸਾਨੂੰ ਸੁਤਿਆਂ ਨੂੰ ਯੁੱਗ ਬੀਤ ਚੁੱਕੇ ਹਨ।** ●

ਅਰਬ ਮੁਲਕਾਂ ਵਿਚ ਲੋਕ ਲਹਿਰਾਂ ਦਾ ਪ੍ਰਚੰਡ ਉਭਾਰ

ਤਾਨਾਸ਼ਾਹਾਂ ਨੂੰ ਨਵਾਂ ਸਾਲ ''ਮੁਬਾਰਕ'' !

— ਡਾ. ਅੰਮ੍ਰਿਤ

ਕਿਸੇ ਸਪਰਿੰਗ ਨੂੰ ਜਿੰਨਾ ਵਧੇਰੇ ਦਬਾਇਆ ਜਾਂਦਾ ਹੈ, ਉਨੀ ਹੀ ਜ਼ਿਆਦਾ ਊਰਜਾ ਉਸ ਵਿੱਚ ਇਕੱਠੀ ਹੁੰਦੀ ਜਾਂਦੀ ਹੈ ਅਤੇ ਉਨਾ ਹੀ ਵਧੇਰੇ ਜ਼ੋਰ ਨਾਲ ਉਹ ਦਬਾਉਣ ਵਾਲੇ ਦਾ ਮੂੰਹ ਭੰਨ ਸਕਦਾ ਹੈ? ਪੂਰੀ ਦੁਨੀਆਂ ਵਿੱਚ ਆਮ ਲੋਕਾਂ ਨੂੰ ਦਬਾਉਣ ਦਾ ਸਿਲਸਿਲਾ ਲਗਭਗ ਸਾਰੇ ਦੇਸ਼ਾਂ ਵਿੱਚ ਜਾਰੀ ਹੈ, ਅਰਬ ਮੁਲਕਾਂ ਦੇ ਲੋਕ ਵੀ ਕੋਈ ਛੋਟ ਨਹੀਂ ਹਨ? ਭਾਰੀ ਮੁਸਲਿਮ ਬਹੁਗਿਣਤੀ ਵਾਲੇ ਇਹਨਾਂ ਦੇਸ਼ਾਂ ਅੰਦਰ ਕੌਮਾਂਤਰੀ ਮੁਦਰਾ ਕੋਸ਼ ਤੇ ਅਮਰੀਕੀ ਸਾਮਰਾਜਵਾਦੀਆਂ ਦੇ ਬੂਟ-ਚੱਟ ਤਾਨਾਸ਼ਾਹਾਂ ਦੀਆਂ ਨਵ-ਉਦਾਰਵਾਦੀ ਨੀਤੀਆਂ ਤੇ ਚੱਲਦੀਆਂ ਹਕੂਮਤਾਂ ਨੇ ਮਿਹਨਤਕਸ਼ ਲੋਕਾਂ ਨੂੰ ਲੁੱਟਣ ਤੇ ਕੁੱਟਣ ਵਿੱਚ 'ਚ ਕੋਈ ਕਸਰ ਨਹੀਂ ਛੱਡੀ? ਪਰ ਹਰ ਚੀਜ਼ ਦੀ ਕੋਈ ਹੱਦ ਹੁੰਦੀ ਹੈ, ਸਪਰਿੰਗ ਨੂੰ ਕਿਸੇ ਹੱਦ ਤੱਕ ਹੀ ਦਬਾਇਆ ਜਾ ਸਕਦਾ? ਆਖਰਕਾਰ ਲੋਕਾਂ ਦਾ ਗੁੱਸਾ ਭੜਕ ਉੱਠਿਆ ਹੈ ਅਤੇ ਹੁਣ ਕਹਿੰਦੇ ਕਹਾਉਂਦਿਆਂ ਦੇ ਮੂੰਹ ਭੰਨੇ ਜਾ ਰਹੇ ਹਨ ਤੇ ਬਾਕੀ ਬਚੇ ਆਪਣਾ ਚੇਹਰਾ ਛੁਪਾਉਣ ਲਈ ਕਦੇ ਰਿਆਇਤਾਂ ਦਾ ਤੇ ਦੁਬਾਰਾ ਚੋਣ ਨਾ ਲੜਨ ਦਾ ਐਲਾਨ ਕਰਦੇ ਹਨ ਤੇ ਕਦੇ ਵਾਸ਼ਿੰਗਟਨ ਬੈਠੇ ਆਕਿਆਂ ਤੋਂ ਫੋਨ ਤੇ 'ਸਥਿਤੀ' ਨੂੰ ਕਾਬੂ ਕਰਨ ਦੇ ਨੁਸਖੇ ਪੁਛਦੇ ਹਨ?

ਪੂਰੇ ਦੇਸ਼ ਪੱਧਰ ਤੇ ਹੋ ਰਹੀਆਂ ਇਹਨਾਂ ਆਮ ਬਗਾਵਤਾਂ ਦੇ ਸਿਲਸਿਲੇ ਦੀ ਸ਼ੁਰੂਆਤ ਉੱਤਰੀ ਅਫਰੀਕਾ ਦੇ ਦੇਸ਼ ਟੁਨੀਸ਼ੀਆ ਤੋਂ ਹੋਈ? ਬਾਕੀ ਦੇਸ਼ਾਂ ਵਾਂਗ ਇਥੇ ਵੀ ਭਿਅੰਕਰ ਗਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਤੇ ਹੈ? 17 ਦਸੰਬਰ, 2010 ਨੂੰ ਇੱਕ ਛੋਟੇ ਸ਼ਹਿਰ, ਸੀਦੀ ਬੌਜਿਦ, ਵਿੱਚ ਬੇਰੁਜ਼ਗਾਰੀ ਤੇ ਪੁਲਿਸ ਦੇ ਸਤਾਏ ਇੱਕ 26 ਸਾਲਾ ਨੌਜਵਾਨ, ਮੁਹੰਮਦ ਬੋਉਜਿਜ਼ੀ, ਨੇ ਖੁਦ ਨੂੰ ਅੱਗ ਲਗਾ ਕੇ ਖੁਦਕਸ਼ੀ ਕਰ ਲਈ? ਇਸੇ ਘਟਨਾ ਤੋਂ ਬਾਅਦ ਹੀ ਇੱਕ ਹੋਰ ਬੇਰੁਜ਼ਗਾਰ ਨੌਜਵਾਨ ਨੇ ਖੁਦ ਨੂੰ ਬਿਜਲੀ ਦਾ ਕਰੰਟ ਲਗਾ ਕੇ ਜਾਨ ਦੇ ਦਿੱਤੀ? 17 ਦਸੰਬਰ, 2010 ਨੂੰ ਹੀ ਸ਼ਹਿਰ ਵਿੱਚ ਲੋਕਾਂ ਨੇ ਰੋਸ ਵਿਖਾਵਾ ਕੀਤਾ ਜਿਸਦੀ ਖਬਰ ਝੱਟਪਟ ਲਾਗੇ ਦੇ ਸ਼ਹਿਰਾਂ ਵਿੱਚ ਫੈਲ ਗਈ? ਦੇਸ਼ ਦੀਆਂ ਵੱਖ ਵੱਖ ਜਨਤਕ ਜਥੇਬੰਦੀਆਂ, ਜਿੰਨਾਂ ਵਿੱਚ ਟੁਨੀਸ਼ੀਆ ਦੀ ਜਨਰਲ ਲੇਬਰ ਯੂਨੀਅਨ ਮੁੱਖ ਹੈ, ਦੀ ਸਰਗਰਮੀ ਦੇ ਚੱਲਦੇ 29 ਦਸੰਬਰ ਤੱਕ ਲਹਿਰ ਰਾਜਧਾਨੀ ਤੱਕ ਪਹੁੰਚ ਗਈ ਤੇ ਲੱਖਾਂ ਲੋਕ 'ਰੋਟੀ, ਅਜ਼ਾਦੀ ਅਤੇ ਸਨਮਾਨ' ਦੇ ਬੈਨਰ ਲੈ ਕੇ ਰਾਜਧਾਨੀ ਟੁਨਿਸ ਦੀਆਂ ਸੜਕਾਂ ਤੇ ਨਿਕਲ ਆਏ? ਸਰਕਾਰ ਨੇ ਹਰ ਹਰਬਾ ਵਰਤ ਕੇ ਲੋਕ ਲਹਿਰ ਦਬਾਉਣ ਦੀ ਕੋਸ਼ਿਸ਼ ਕੀਤੀ? ਲੋਕਾਂ ਦੀ ਇਕੱਤਰਤਾ ਤੇ ਗੋਲੀਆਂ ਚੱਲੀਆਂ, ਸਿੱਟੇ ਵਜੋਂ 14 ਜਨਵਰੀ ਤੱਕ 66 ਲੋਕਾਂ ਦੀ ਜਾਨ ਗਈ ਤੇ ਸੈਂਕੜੇ ਲੋਕ ਜਖਮੀ ਹੋਏ? ਪਰ ਲੋਕ ਰੋਹ ਦੀ ਪ੍ਰਚੰਡ ਹੁੰਦੀ ਜਾਂਦੀ ਲਹਿਰ ਦੇਖ ਕੇ ਢਾਈ ਦਹਾਕਿਆਂ ਤੋਂ ਗੱਦੀ ਤੇ ਬੈਠਾ ਡਿਕਟੇਟਰ ਬੇਨ ਅਲੀ ਨੇ ਭੱਜ ਨਿਕਲਿਆ ਤੇ ਉਹ 14 ਜਨਵਰੀ ਦੀ ਰਾਤ ਨੂੰ ਜਹਾਜ਼ ਫੜਕੇ ਸਾਉਦੀ ਅਰਬ ਦੌੜ ਗਿਆ ਜਿੱਥੇ ਲੋਕਾਂ ਤੇ ਜੁਲਮ ਢਾਉਣ ਵਾਲੇ ਹਰ ਤਾਨਾਸ਼ਾਹ ਦੇ ਆਰਾਮ ਫਰਮਾਉਣ ਲਈ ਰਿਜ਼ੋਰਟਾਂ ਦਾ ਖਾਸ ਪ੍ਰਬੰਧ ਹੈ? ਇਸ ਦੇ ਨਾਲ ਹੀ ਸ਼ੁਰੂ ਹੋ ਗਿਆ ਅਰਬ ਦੇਸ਼ਾਂ ਵਿੱਚ ਲੋਕ ਵਿਦਰੋਹਾਂ ਦਾ ਸਿਲਸਿਲਾ ਜੋ ਹੁਣ ਰੁਕ ਨਹੀਂ ਰਿਹਾ ਤੇ ਇੱਕ ਤੋਂ ਬਾਅਦ ਇੱਕ ਦੇਸ਼ ਨੂੰ ਕਲਾਵੇ ਵਿੱਚ ਲੈਂਦਾ ਜਾ ਰਿਹਾ ਹੈ? ਟੁਨੀਸ਼ੀਆ ਤੋਂ ਬਾਅਦ ਇਹ ਤੂਫਾਨ ਅਲਜੀਰੀਆ, ਮੋਰੱਕੋ, ਮਿਸਰ, ਜਾਰਡਨ, ਲੇਬਨਾਨ, ਬਹਿਰੀਨ, ਯਮਨ, ਲਿਬੀਆ, ਓਮਾਨ ਨੂੰ ਲਪੇਟ 'ਚ ਲੈ ਚੁੱਕਾ ਹੈ? ਇਹਨਾਂ ਸਾਰੇ ਦੇਸ਼ਾਂ 'ਚੋਂ ਹੁਣ ਤੱਕ ਮਿਸਰ ਵਿੱਚ ਇਹ ਤੂਫਾਨ ਸਭ ਤੋਂ ਵੱਧ ਵੇਗ ਨਾਲ ਝੁੱਲਿਆ ਹੈ? ਮਿਸਰ ਅਤੇ ਟੁਨੀਸ਼ੀਆ 'ਚ ਲੋਕ ਤਾਨਾਸ਼ਾਹਾਂ ਨੂੰ ਗੱਦੀ ਤੋਂ ਲਾਹੁਣ 'ਚ ਕਾਬਯਾਬ ਰਹੇ ਹਨ, ਜਦ ਕਿ ਲਿਬੀਆ 'ਚ ਇਸ ਸਮੇਂ ਘਮਾਸਾਣ ਯੁੱਧ ਚੱਲ ਰਿਹਾ ਹੈ।

ਜਨਵਰੀ ਦੇ ਆਖਰੀ ਹਫਤਾ ਆਉਂਦੇ ਆਉਂਦੇ ਮਿਸਰ ਵਿੱਚ ਵੀ ਲੋਕ ਲਹਿਰ ਜ਼ੋਰ ਫੜਨ ਲੱਗ ਪਈ? ਮਿਸਰ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਲੋਕਾਂ ਦੇ ਵੱਡੇ ਵੱਡੇ ਮੁਜ਼ਾਹਰੇ ਹੋਣੇ ਸ਼ੁਰੂ ਹੋ ਗਏ? ਉਧਰ ਹਜ਼ਾਰਾਂ ਲੋਕਾਂ ਨੇ ਰਾਜਧਾਨੀ ਕਾਹਿਰਾ ਦੇ ਤਹਿਰੀਰ ਸੁਕੇਅਰ ਵਿੱਚ ਡੇਰੇ ਜਮਾ ਲਏ? ਪੂਰੇ ਦੇਸ਼ ਵਿਚੋਂ ਲੋਕਾਂ ਨੇ ਤਹਿਰੀਰ ਸੁਕੇਅਰ ਵੱਲ ਵਹੀਰਾਂ ਘੱਤ ਦਿੱਤੀਆਂ? ਦੱਸ ਲੱਖ ਤੋਂ ਵੱਧ ਲੋਕ ਸੜਕਾਂ ਤੇ ਉੱਤਰ ਆਏ? ਸ਼ੁਰੂ ਵਿੱਚ ਮਿਸਰ ਦੇ ਤਾਨਾਸ਼ਾਹ ਹੁਸਨੀ ਮੁਬਾਰਕ ਨੇ ਲਾਰਿਆਂ ਨਾਲ ਕੰਮ ਚਲਾਉਣਾ ਚਾਹਿਆ, ਚੋਣਾਂ ਕਰਵਾਉਣ, ਮੌਜੂਦਾ ਕਾਰਜਕਾਲ ਪੂਰਾ ਹੋਣ ਤੇ ਗੱਦੀ ਛਡਣ ਤੇ ਦੁਬਾਰਾ ਚੋਣ ਨਾ ਲੜਨ ਦੇ ਲਾਲੀਪਾਪ ਦੇ ਕੇ ਲੋਕਾਂ ਨੂੰ ਪਰਚਾਉਣ ਦੀ ਕੋਸ਼ਿਸ਼ ਕੀਤੀ? ਉਸਨੇ ਆਪਣੇ ਭਰੋਸੇਯੋਗ ਤੇ ਲੋਕਾਂ ਉੱਪਰ ਭਿਆਨਕ ਅੱਤਿਆਚਾਰ ਲਈ ਬਦਨਾਮ ਗੁਪਤਚਰ ਵਿਭਾਗ ਦੇ ਮੁਖੀ ਉਮਰ ਸੁਲੇਮਾਨ ਨੂੰ ਉਪ-ਰਾਸ਼ਟਰਪਤੀ ਤੇ ਇੱਕ ਹੋਰ ਫੌਜੀ ਅਫਸਰ ਨੂੰ ਪ੍ਰਧਾਨ ਮੰਤਰੀ ਥਾਪ ਕੇ ਨੌਟੰਕੀ ਕੀਤੀ, ਪਰ ਲੋਕ ਉਸਦੇ ਅਸਤੀਫੇ ਤੋਂ ਘੱਟ ਕੁਝ ਲਈ ਵੀ ਤਿਆਰ ਨਹੀਂ ਸਨ? ਦੂਜੇ, ਮੁਬਾਰਕ ਦੇ ਆਕੇ ਅਮਰੀਕਾ ਨੇ ਵੀ ਸਮੇਂ ਦੀ ਨਬਜ਼ ਪਛਾਣ ਕੇ ਮੁਬਾਰਕ ਤੋਂ ਪੱਲਾ ਝਾੜ ਲਿਆ ਤੇ ਉਸਨੂੰ 'ਸੁਧਰ' ਜਾਣ ਦੀ ਸਲਾਹ ਦੇ ਦਿੱਤੀ? ਹੁਸਨੀ ਮੁਬਾਰਕ ਨੇ ਆਪਣੇ ਭਾੜੇ ਦੇ ਗੁੰਡਿਆਂ ਤੋਂ ਲੋਕਾਂ ਉੱਪਰ ਹਮਲਾ ਕਰਵਾਇਆ ਜਿਸ ਕਾਰਨ ਕਈ ਲੋਕਾਂ ਦੀਆਂ ਜਾਨਾਂ ਗਈਆਂ ਤੇ ਸੈਂਕੜੇ ਫੱਟੜ ਹੋ ਗਏ? ਇਸ ਹਮਲੇ ਦੇ ਬਾਵਜੂਦ ਲੋਕ ਡਟੇ ਰਹੇ, ਅੰਤ ਸਾਰੇ ਰਸਤੇ ਬੰਦ ਦੇਖ ਕੇ ਹੁਸਨੀ ਮੁਬਾਰਕ ਨੇ ਲੋਕ

ਲਹਿਰ ਦੇ 18ਵੇਂ ਦਿਨ ਅਸਤੀਫਾ ਦੇਣਾ ਹੀ ਬਿਹਤਰ ਸਮਝਿਆ ਤੇ ਰਾਜਧਾਨੀ ਵਿਚਲਾ ਆਪਣਾ ਮਹਿਲ ਛੱਡ ਕੇ ਸ਼ਰਮ-ਅਲ-ਸ਼ੇਖ ਵਿਚਲੇ ਆਪਣੇ ਦੂਸਰੇ ਮਹਿਲ ਵਿੱਚ ਨੱਠ ਗਿਆ? ਇੱਕ ਪਾਸੇ ਮਿਸਰ ਦੇ ਲੋਕ ਇਤਿਹਾਸ ਦਾ ਇੱਕ ਨਵਾਂ ਆਧਿਆਏ ਲਿਖ ਰਹੇ ਸਨ, ਦੂਜੇ ਪਾਸੇ ਅਮਰੀਕਾ, ਇਜ਼ਰਾਇਲ ਤੇ ਦੂਸਰੇ ਮੁਲਕਾਂ ਦੀਆਂ ਸਰਕਾਰਾਂ ਦੇ ਨਾਲ ਨਾਲ ਮੀਡੀਆ ਦੇ ਚੇਹਰੇ ਵੀ ਨੰਗੇ ਹੋ ਰਹੇ ਸਨ?

ਸ਼ੁਰੂ ਸ਼ੁਰੂ ਵਿੱਚ ਪੱਛਮੀ ਮੀਡੀਆ ਦੇ ਵੱਡੇ ਹਿੱਸੇ ਨੇ ਮੁਬਾਰਕ ਦੇ ਹੱਕ ਵਿੱਚ ਰਾਇ ਬਣਾਉਣ ਦੀ ਕੋਸ਼ਿਸ਼ ਕੀਤੀ? ਇਸ ਪ੍ਰਚਾਰ ਮੁਹਿੰਮ ਵਿੱਚ ਇਜ਼ਰਾਇਲ ਦਾ ਪ੍ਰਧਾਨ ਮੰਤਰੀ ਸਭ ਤੋਂ ਅੱਗੇ ਸੀ, ਮੁਬਾਰਕ ਦੇ ਜਾਣ ਦਾ ਸਭ ਤੋਂ ਵੱਡਾ ਤੇ ਸਭ ਤੋਂ ਪਹਿਲਾਂ ਨੁਕਸਾਨ ਇਜ਼ਰਾਇਲ ਦੀ ਫਾਸੀਵਾਦੀ ਜੁੰਡਲੀ ਦੀ ਸਰਕਾਰ ਨੂੰ ਹੋਣਾ ਸੀ ਕਿਉਂਕਿ ਮੁਬਾਰਕ ਨਾਲ ਸਮਝੌਤਾ ਕਰਨ ਕਰਕੇ ਇਜ਼ਰਾਇਲ ਫਿਲਸਤੀਨ ਦੇ ਲੋਕਾਂ ਤੇ ਪੂਰੇ ਅਰਬ ਮੁਲਕਾਂ ਨੂੰ ਲਗਾਤਾਰ ਆਪਣੇ ਹਮਲਿਆਂ ਦਾ ਸ਼ਿਕਾਰ ਬਣਾਉਂਦਾ ਆ ਰਿਹਾ ਹੈ? ਇਹਨਾਂ ਮੁਬਾਰਕ ਪੱਖੀ 'ਝੂਠ ਦੇ ਵਪਾਰੀਆਂ' ਅਨੁਸਾਰ ਮੁਬਾਰਕ ਨੇ ਮਿਸਰ ਵਿੱਚ ਤੇ ਪੂਰੇ ਮੱਧ-ਪੂਰਬ ਵਿੱਚ 'ਸਥਿਰਤਾ ਤੇ ਸ਼ਾਂਤੀ' ਲਿਆਂਦੀ, ਇਸ ਲਈ ਮੁਬਾਰਕ ਦੇ ਜਾਣ ਨਾਲ ਇਸ 'ਸਥਿਰਤਾ ਤੇ ਸ਼ਾਂਤੀ' ਨੂੰ ਗੰਭੀਰ ਖਤਰਾ ਖੜਾ ਹੋ ਜਾਵੇਗਾ? ਇਜ਼ਰਾਇਲੀ ਪ੍ਰਧਾਨ ਮੰਤਰੀ ਤਾਂ ਅਮਰੀਕਾ ਨੂੰ ਮੁਬਾਰਕ ਦੇ ਹੱਕ ਵਿੱਚ ਰੱਖਣ ਲਈ ਓਬਾਮਾ ਸਾਬ ਦੇ ਪੈਰ ਘੁੱਟਣ ਲਈ 'ਵ੍ਹਾਈਟ ਹਾਊਸ' ਦਾ ਗੇੜਾ ਵੀ ਕੱਢ ਆਇਆ? ਪਰ ਅਮਰੀਕਾ ਦੇ ਲੀਡਰਾਂ ਨੇ ਭਾਂਪ ਲਿਆ ਕਿ ਹੁਣ ਮੁਬਾਰਕ ਦੇ ਹੱਕ ਵਿੱਚ ਖੜਨਾ ਆਪਣੇ ਪੈਰ ਕੁਹਾੜੀ ਮਾਰਨਾ ਹੋਵੇਗਾ, ਸੋ ਉਹਨਾਂ ਨੇ ਆਪਣਾ ਜਾਣਿਆ-ਪਛਾਣਿਆ 'ਜਮਹੂਰੀਅਤ' ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ? ਲੋਕ ਲਹਿਰ ਦੇ ਉਭਾਰ ਨਾਲ ਹੁਣ ਅਮਰੀਕੀ ਸਾਮਰਾਜੀਆਂ ਨੂੰ ਮਿਸਰ ਵਿੱਚ 'ਜਮਹੂਰੀਅਤ' ਦੀ ਘਾਟ ਦਿਖਾਈ ਦੇਣ ਲੱਗ ਪਈ ਹਾਲਾਂਕਿ ਜਨਵਰੀ ਦੇ ਆਖਰੀ ਹਫਤੇ ਤੋਂ ਪਹਿਲਾਂ ਹੀ ਅਮਰੀਕੀ ਉਪ-ਰਾਸ਼ਟਰਪਤੀ ਜੋਸਫ਼ ਬਿਦਨ ਨੂੰ ਹੁਸਨੀ ਮੁਬਾਰਕ 'ਬਹੁਤ ਜਿੰਮੇਵਾਰ – ਖਾਸ ਕਰਕੇ ਖਿੱਤੇ ਵਿੱਚ ਅਮਰੀਕੀ ਹਿੱਤਾਂ ਦੇ ਸੰਬੰਧ ਵਿੱਚ' ਲੱਗ ਰਿਹਾ ਸੀ? ਇਹਨਾਂ ਨੂੰ ਮੁਬਾਰਕ ਦੇ ਪਿਛਲੇ 30 ਸਾਲਾਂ ਦੇ ਬਰਬਰ ਰਾਜ ਦੌਰਾਨ ਇੱਕ ਦਿਨ ਵੀ 'ਜਮਹੂਰੀਅਤ ਦੀ ਘਾਟ' ਨਜ਼ਰ ਨਹੀਂ ਆਈ, ਉਲਟਾ ਉਹਨਾਂ ਨੇ ਮੁਬਾਰਕ ਦੀ ਤਾਨਾਸ਼ਾਹੀ ਨੂੰ ਅਰਬਾਂ-ਖਰਬਾਂ ਡਾਲਰਾਂ ਦੀ ਸਹਾਇਤਾ ਦਿੱਤੀ ਅਤੇ ਜਵਾਬ 'ਚ ਮੁਬਾਰਕ ਨੇ ਅਮਰੀਕੀ ਸਾਮਰਾਜੀਆਂ ਦੀ ਚਾਕਰੀ 'ਚ ਕੋਈ ਕਸਰ ਬਾਕੀ ਨਹੀਂ ਛੱਡੀ?

ਕੁਝ ਹੋਰ ਲੋਕਾਂ ਨੇ ਸੰਸਾਰ ਅੰਦਰ 'ਮੁਸਲਿਮ ਕੱਟੜਪੰਥੀਆਂ' ਦਾ ਹਊਆ ਖੜਾ ਕਰਕੇ ਮੁਬਾਰਕ ਨੂੰ ਪੂਰੀ ਦੁਨੀਆਂ ਨੂੰ ਇਸ 'ਜਿੰਨ' ਤੋਂ ਬਚਾਉਣ ਵਾਲਾ ਦੇਵਤਾ ਬਣਾ ਕੇ ਪੇਸ਼ ਕੀਤਾ ਅਤੇ ਮੁਬਾਰਕ ਦੇ ਜਾਣ ਨਾਲ ਮੁਸਲਿਮ ਕੱਟੜਪੰਥੀਆਂ ਦੇ ਸੱਤਾ ਵਿੱਚ ਆਉਣ ਤੇ ਮਿਸਰ ਦੇ ਅਲ-ਕਾਇਦਾ ਦਾ ਅੱਡਾ ਬਣ ਜਾਣ ਦੀਆਂ ਕਿਆਸ-ਰਾਈਆਂ ਲਗਾ ਕੇ ਪੂਰੇ ਵਿਸ਼ਵ ਦੇ ਲੋਕਾਂ ਨੂੰ ਭੈਭੀਤ ਕਰਨ ਦੀ ਕੋਸ਼ਿਸ਼ ਕੀਤੀ; ਲੋਕ ਲਹਿਰ ਨੂੰ ਮਨੁੱਖਤਾ ਪ੍ਰਤੀ ਮਿਸਰ ਦੇ ਕੁਝ ਲੋਕਾਂ ਦੁਆਰਾ ਅੰਜ਼ਾਮ ਦਿੱਤਾ ਜਾ ਰਿਹਾ ਇੱਕ ਵੱਡਾ ਜੁਰਮ ਬਣਾ ਦਿੱਤਾ ਹੈ? ਪਰ ਲੋਕ ਉਭਾਰ ਦਾ ਆਕਾਰ ਦੇਖਕੇ ਇਹਨਾਂ ਸਾਮਰਾਜੀ ਟੁੱਕੜ-ਬੋਚਾਂ ਨੂੰ ਥੁੱਕ ਕੇ ਚੱਟਣਾ ਪਿਆ ਤੇ ਆਪਣੀ ਝੂਠ ਦੀ ਦੁਕਾਨ ਸਮੇਟਣੀ ਪਈ?

ਇਸ ਤੋਂ ਬਾਅਦ ਸ਼ੁਰੂ ਹੋਈ ਨੁਕਸਾਨ ਘੱਟ ਕਰਨ ਦੀ ਕਵਾਇਤ? ਮਿਸਰ ਦੇ ਲੋਕ ਵਿਦਰੋਹ ਦੀ ਘਟਨਾ ਨੂੰ ਮਹਿਜ਼ ਇੱਕ ਇਤਫਾਕ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਣ ਲੱਗੀ? ਸਾਮਰਾਜੀ ਟੀਵੀ ਚੈਨਲਾਂ ਅਨੁਸਾਰ ਮਿਸਰ ਦੇ ਇਤਿਹਾਸ ਵਿੱਚ ਹਮੇਸ਼ਾਂ ਸ਼ਾਂਤੀ ਰਹੀ ਹੈ, ਇਥੋਂ ਦੇ ਲੋਕ ਬਹੁਤ 'ਅਮਨਪਸੰਦ' ਸ਼ਹਿਰੀ ਹਨ ਤੇ ਹਜਾਰਾਂ ਸਾਲਾਂ ਤੋਂ ਲੋਕ ਇਦਾਂ ਹੀ ਰਹਿੰਦੇ ਆ ਰਹੇ ਹਨ? ਉਹਨਾਂ ਦੀਆਂ ਗੱਲਾਂ ਸੁਣ ਕੇ ਇੰਝ ਲੱਗੇਗਾ ਕਿ ਜਿਵੇਂ ਇਹ ਸਾਰਾ ਕੁਝ ਲੋਕਾਂ ਦੇ ਭੁਲੇਖੇ ਕਾਰਨ ਜਾਂ ਉਕਸਾਵੇ ਵਿੱਚ ਆ ਜਾਣ ਕਰਕੇ ਹੋ ਰਿਹਾ ਹੈ? ਇਸ ਤਰਾਂ ਕਰਕੇ ਅਸਲ ਵਿੱਚ ਉਹ ਲੋਕਾਂ ਨੂੰ ਮਨੁੱਖਤਾ ਦੇ ਜਬਰ-ਜੁਲਮ ਖਿਲਾਫ਼ ਕੀਤੇ ਸੰਘਰਸ਼ਾਂ ਤੋਂ ਧਿਆਨ ਵਾਂਝਾ ਕਰਨਾ ਚਾਹੁੰਦੇ ਹਨ ਤੇ ਅਜਿਹੇ ਲੋਕ ਵਿਦਰੋਹ ਨੂੰ ਇੱਕ ਅਪਵਾਦ ਬਣਾਉਣ ਦੀ ਹੋਛੀ ਕੋਸ਼ਿਸ਼ ਕਰਦੇ ਹਨ? ਪਰ ਜੇ ਅਸੀਂ ਮਿਸਰ ਦੇ ਇਤਿਹਾਸ ਨੂੰ ਜਾਣੀਏ ਤਾਂ ਪਤਾ ਲੱਗੇਗਾ ਕਿ ਮਿਸਰ ਦੇ ਲੋਕਾਂ ਨੇ ਹਰ ਤਰਾਂ ਦੇ ਜਬਰ-ਜੁਲਮ ਤੇ ਗੁਲਾਮੀ ਖਿਲਾਫ਼ ਬੜੇ ਸ਼ਾਨਾਮੱਤੇ ਘੋਲ ਲੜੇ ਹਨ? ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਉਹਨਾਂ ਨੇ ਅੰਗਰੇਜਾਂ ਦੀ ਗੁਲਾਮੀ ਖਿਲਾਫ਼ ਤੇ ਰਾਜਸ਼ਾਹੀ ਦੇ ਵਿਰੋਧ 'ਚ ਵੱਡੇ ਸੰਘਰਸ਼ ਲੜੇ ਜਿਹਨਾਂ ਵਿਚ 1946 ਦੀਆਂ ਵੱਡੀਆਂ ਹੜਤਾਲਾਂ ਵੀ ਸ਼ਾਮਿਲ ਹਨ? 1947 ਵਿੱਚ ਮਿਸਰ ਦੇ ਮਜ਼ਦੂਰਾਂ ਨੇ ਇੰਡੋਨੇਸ਼ੀਆ ਦੀ ਅਜ਼ਾਦੀ ਦੀ ਲਹਿਰ ਦੇ ਹੱਕ ਵਿੱਚ ਸੁਵੇਜ਼ ਨਹਿਰ ਨੂੰ ਬੰਦ ਕਰ ਦਿੱਤਾ ਸੀ? 1977 ਵਿੱਚ ਇੱਕ ਵਾਰ ਫੌਜੀ ਹਕੂਮਤ ਦੇ ਖਿਲਾਫ਼ ਮਿਸਰੀ ਮਿਹਨਤਕਸ਼ ਲੋਕਾਂ ਨੇ ਸੜਕਾਂ ਤੇ ਵੱਡੇ ਪ੍ਰਦਰਸ਼ਨ ਕੀਤੇ ਤੇ ਸਰਕਾਰ ਦੇ ਮੱਥੇ ਪਸੀਨਾ ਲਿਆ ਦਿੱਤਾ? ਵਰਤਮਾਨ ਅੰਦੋਲਨ ਦੀ ਪਿੱਠ-ਭੂਮੀ ਵੀ ਕੋਈ ਇੱਕ ਦਿਨ 'ਚ ਤਿਆਰ ਨਹੀਂ ਹੋ ਗਈ, ਸਗੋਂ ਇਹ ਵੀ ਪਿਛਲੇ ਕਈ ਸਾਲਾਂ ਤੋਂ ਚੱਲ ਰਹੇ ਅੰਦੋਲਨਾਂ ਦੀ ਇੱਕ ਤਰਾਂ ਸਿਖਰ ਹੈ? 2008 ਵਿੱਚ ਕਾਹਿਰਾ ਦੇ ਨਾਲ ਲੱਗਦੇ ਕੱਪੜਾ ਮਿਲਾਂ ਦੇ ਵੱਡੇ ਸੈਂਟਰ ਦੇ ਮਜਦੂਰਾਂ ਨੇ ਤਕੜਾ ਵਿਰੋਧ ਪ੍ਰਗਟ ਕੀਤਾ ਅਤੇ ਹੜਤਾਲ ਦੌਰਾਨ ਕਈ ਦਿਨਾਂ ਤੱਕ ਮਿਲਾਂ ਤੇ ਕਬਜ਼ਾ ਕਰ ਕੇ ਰੱਖਿਆ? ਪਰ ਇਸ ਉਭਾਰ ਨੂੰ ਖੂਨ 'ਚ ਡੋਬ ਦਿੱਤਾ ਗਿਆ? ਪਿਛਲੇ ਸਾਲ ਹੀ ਵਿਦਿਆਰਥੀਆਂ ਦੇ ਇੱਕ ਪ੍ਰਦਰਸਨ 'ਤੇ ਪੁਲਿਸ ਨੇ ਕਹਿਰ ਢਾਹਿਆ ਤੇ ਕਈ ਵਿਦਿਆਰਥੀ ਮਾਰੇ ਗਏ? ਇਸ ਤਰਾਂ ਇਹ ਲੋਕ ਉਭਾਰ ਕੋਈ ਅਚਾਨਕ ਹੋਣ ਵਾਲੀ ਘਟਨਾ ਨਹੀਂ ਹੈ, ਸਗੋਂ ਲੋਕਾਂ ਅੰਦਰ ਫੈਲੀ ਹੋਈ ਬੇਚੈਨੀ ਤੇ ਘੁਟਣ ਦਾ ਸੰਘਣਾ ਪ੍ਰਗਟਾਵਾ ਹੈ?

ਲੋਕ ਲਹਿਰਾਂ ਦੇ ਇਤਿਹਾਸ ਤੇ ਪੋਚਾ ਫੇਰਨ ਦੇ ਹੋਛੇ ਯਤਨਾਂ ਦੇ ਨਾਲ ਹੀ ਇਸ ਲੋਕ ਵਿਦਰੋਹ ਦੇ ਅਸਲੀ ਕਾਰਨਾਂ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ? 1952 ਵਿੱਚ ਰਾਜਸ਼ਾਹੀ ਦੇ ਖਾਤਮੇ ਤੇ 1956 ਵਿੱਚ ਮਿਸਰ ਦੇ ਕੌਮੀ ਨੇਤਾ ਅਬਦੇਲ ਨਾਸਿਰ ਦੇ ਸੱਤਾ ਸੰਭਾਲਣ ਤੋਂ ਬਾਅਦ ਸਮਾਜਵਾਦ ਉਸਾਰਨ ਦੇ ਨਾਂ ਤੇ

ਪਬਲਿਕ ਸੈਕਟਰ ਖੜਾ ਕੀਤਾ ਗਿਆ ਤੇ ਕੁਝ ਹੱਦ ਤੱਕ ਜ਼ਮੀਨੀ ਸੁਧਾਰ ਵੀ ਕੀਤੇ ਗਏ ? ਸਿੱਟੇ ਵਜੋਂ ਮਿਸਰ ਵਿੱਚ ਕਿਸਾਨਾਂ ਤੇ ਛੋਟੇ ਕੰਮ ਧੰਦੇ ਕਰਨ ਵਾਲਿਆਂ ਦਾ ਇੱਕ ਵੱਡਾ ਤਬਕਾ ਹੋਂਦ ਵਿੱਚ ਆਇਆ ਤੇ ਆਮ ਤੌਰ ਤੇ ਲੋਕਾਂ ਦੀ ਆਰਥਿਕ ਹਾਲਤ ਵਿੱਚ ਥੋੜਾ-ਬਹੁਤ ਸੁਧਾਰ ਵੀ ਆਇਆ ? ਪਰ ਇਹ 'ਸਮਾਜਵਾਦ' ਦਾ ਗੁਬਾਰਾ ਬਹੁਤੀ ਦੇਰ ਫੁੱਲਿਆ ਨਾ ਰਹਿ ਸਕਿਆ ? 1967 ਦੀ ਇਜ਼ਰਾਇਲ ਨਾਲ ਜੰਗ ਤੇ ਸਮਝੌਤੇ ਕਾਰਨ ਆਮ ਲੋਕਾਂ ਦੀ ਆਰਥਿਕ ਹਾਲਤ ਖਰਾਬ ਹੋਣੀ ਸ਼ੁਰੂ ਹੋ ਗਈ, ਜਿਸ ਨੂੰ ਹੋਰ ਤੇਜ਼ ਕੀਤਾ 1980ਵਿਆਂ ਵਿੱਚ ਹੁਸਨੀ ਮੁਬਾਰਕ ਦੀ ਅਗਵਾਈ 'ਚ ਸ਼ੁਰੂ ਕੀਤੀਆਂ ਗਈਆਂ ਸਾਮਰਾਜੀ ਪੱਖੀ ਉਦਾਰਵਾਦੀ ਨੀਤੀਆਂ ਨੇ ? ਮੁਬਾਰਕ ਸਰਕਾਰ ਨੇ ਮਿਸਰ ਨੂੰ ਸਾਮਰਾਜੀ ਲੁੱਟ ਲਈ ਪੂਰੀ ਤਰਾਂ ਖੋਲ ਦਿੱਤਾ ਜਿਸ ਦਾ ਸਾਮਰਾਜੀ ਤੇ ਦੇਸੀ ਪੂੰਜੀਪਤੀਆਂ ਨੇ ਖੂਬ ਫਾਇਦਾ ਲਿਆ ? ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ ਮਿਸਰ ਦੀ ਆਰਥਿਕਤਾ ਭਾਵੇਂ ਬਹੁਤ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਪਰ ਇਹ ਕੁਝ ਮੁੱਠੀ ਭਰ ਲੋਕਾਂ ਦੀ ਤਰੱਕੀ ਦੀ ਗੱਲ ਤੱਕ ਸੀਮਤ ਹੈ ? ਆਮ ਲੋਕਾਂ ਦਾ ਗਰੀਬੀ, ਭੁੱਖਮਰੀ, ਮਹਿੰਗਾਈ ਤੇ ਬੇਰੁਜ਼ਗਾਰੀ ਨਾਲ ਜੀਣਾ ਮੁਹਾਲ ਹੈ, ਉੱਤੋਂ ਮੁਬਾਰਕ ਪਰਿਵਾਰ ਤੇ ਸਰਕਾਰ ਦੇ ਮੰਤਰੀਆਂ ਨੇ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜ ਕੇ ਮਿਸਰ ਦੀ ਕੌਮੀ ਦੌਲਤ 'ਚੋਂ ਅਰਬਾਂ-ਖਰਬਾਂ ਡਾਲਰ ਲੁੱਟ ਕੇ ਆਪਣੀਆਂ ਜੇਬਾਂ ਭਰ ਲਈਆਂ ? ਹੁਣ ਹਾਲਤ ਇਹ ਹਨ ਕਿ ਮਿਸਰ ਦੀ ਅੱਠ ਕਰੋੜ ਆਬਾਦੀ ਵਿੱਚੋਂ 7.7 ਕਰੋੜ ਲੋਕ ਇੱਕ ਡਾਲਰ ਪ੍ਰਤੀ ਦਿਨ ਤੋਂ ਘੱਟ ਤੇ ਗੁਜਾਰਾ ਕਰ ਰਹੇ ਹਨ, 30% ਕੰਮ ਕਰਨਯੋਗ ਲੋਕ ਬੇਰੁਜਗਾਰ ਹਨ ਤੇ ਲੱਖਾਂ ਲੋਕ ਬੇਘਰ ਹਨ, ਬੱਚੇ ਸਕੂਲ ਨਹੀਂ ਜਾ ਸਕਦੇ ਤੇ ਹਜਾਰਾਂ ਬੱਚੇ ਸੜਕਾਂ ਤੇ ਭੀਖ ਮੰਗਦੇ ਹਨ ? ਇਹ ਹਨ ਉਹ ਹਾਲਾਤ ਜਿੰਨਾਂ ਨੇ ਮਿਸਰ ਦੇ ਲੋਕਾਂ ਨੂੰ ਤਹਿਰੀਰ ਸੁਕੇਅਰ ਵਿੱਚ ਇਕੱਠਾ ਕਰ ਦਿੱਤਾ ਤੇ ਆਪਣੇ ਸਾਰੇ ਧਰਮਾਂ ਦੇ ਵਖਰੇਵੇਂ ਭੁਲਾ ਕੇ ਲੋਕੀਂ ਰੋਟੀ ਤੇ ਰੁਜ਼ਗਾਰ ਲਈ ਤਾਨਾਸ਼ਾਹੀ ਨਾਲ ਦੋ-ਦੋ ਹੱਥ ਕਰਨ ਲਈ ਸੜਕਾਂ ਤੇ ਨਿਤਰ ਆਏ ? ਪਰ ਸਾਮਰਾਜੀ ਚਮਚਾ ਕਿਸਮ ਦੇ ਬੁੱਧੀਜੀਵੀਆਂ, ਪੱਤਰਕਾਰਾਂ ਨੂੰ ਲੋਕਾਂ ਦੇ ਇਕੱਠ ਪਿੱਛੇ ਲੋਕਾਂ ਦੀ ਭੈੜੀ ਆਰਥਿਕ ਹਾਲਤ ਨਜ਼ਰ ਨਹੀਂ ਆਉਂਦੀ ਸਗੋਂ ਉਹਨਾਂ ਨੂੰ ਇਸ ਵਿੱਚ ਸਿਰਫ਼ ਮਿਸਰ ਦੇ ਲੋਕਾਂ ਦੀ 'ਮੁਸਲਮਾਨ ਮਾਨਸਿਕਤਾ' ਤੇ ਉਹਨਾਂ ਵਿੱਚ ਇਜ਼ਰਾਇਲ ਤੇ ਅਮਰੀਕਾ ਪ੍ਰਤੀ ਨਫਰਤ ਤੇ ਇਜ਼ਰਾਇਲ ਨਾਲ ਮਿਲ ਕੇ ਚੱਲਣ ਕਾਰਨ ਹੁਸਨੀ ਮੁਬਾਰਕ ਪ੍ਰਤੀ ਗੁੱਸਾ ਹੀ ਨਜ਼ਰ ਆਉਂਦਾ ਹੈ ? ਇਸ ਤਰਾਂ ਇਹ ਲੋਕ ਇਸ ਲੋਕ ਉਭਾਰ ਨੂੰ ਤੇ ਇਸਦੇ ਕਾਰਨਾਂ ਨੂੰ ਮਿਸਰ ਤੇ ਵਧ ਤੋਂ ਵਧ ਮੁਸਲਿਮ ਮੁਲਕਾਂ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਪੂਰੀ ਦੁਨੀਆਂ ਵਿੱਚ ਆਮ ਮਿਹਨਤਕਸ਼ ਲੋਕਾਂ ਦੀ ਹਾਲਤ ਉਹੀ ਹੈ ਜੋ ਮਿਸਰ ਵਿੱਚ ਹੈ ਤੇ ਪੂੰਜੀਪਤੀ ਲੁਟੇਰਿਆਂ ਨੂੰ ਹਰ ਦੇਸ਼ ਵਿੱਚ ਅਜਿਹੇ ਲੋਕ ਵਿਦਰੋਹਾਂ ਦਾ ਡਰ ਸਤਾ ਰਿਹਾ ਹੈ ? ਜਿਸ ਵਜ੍ਹਾ ਕਰਕੇ ਪੂੰਜੀਪਤੀਆਂ ਦੇ ਚਾਕਰ ਮਿਸਰ ਦੀਆਂ ਘਟਨਾਵਾਂ ਦੇ ਪਿੱਛੇ ਛੁਪੇ ਕੋਝੇ ਸੱਚ ਨੂੰ ਹਰ ਹੀਲੇ ਲੁਕਾ ਕੇ ਰੱਖਣਾ ਚਾਹੁੰਦੇ ਹਨ ਤਾਂ ਕਿ ਇਹ ਦੂਜੇ ਦੇਸ਼ਾਂ ਦੇ ਮਿਹਨਤਕਸ਼ ਲੋਕਾਂ ਲਈ ਪ੍ਰੇਰਨਾਸ੍ਰੋਤ ਨਾ ਬਣ ਸਕੇ ?

ਉੱਪਰਲੀ ਕਿਸਮ ਦੇ ਚਾਕਰ ਪੂਰੇ ਲੋਟੂ ਢਾਂਚੇ ਨੂੰ ਕੁਝ ਚਿਹਰਿਆਂ ਪਿੱਛੇ ਹੀ ਛੁਪਾਉਣ ਦਾ ਯਤਨ ਵੀ ਕਰਦੇ ਹਨ ? ਉਹ ਬਗਾਵਤ ਦਾ ਨਿਸ਼ਾਨਾ ਕਿਸੇ ਇੱਕ ਚਿਹਰੇ ਜਾਂ ਕੁਝ ਚਿਹਰਿਆਂ ਨੂੰ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਅਜਿਹਾ ਕਰਕੇ ਉਹਨਾਂ ਦੀ ਇੱਛਾ ਇਹਨਾਂ ਮਖੌਟਿਆਂ ਪਿੱਛੇ ਲੁਕੇ ਪੂਰੇ ਲੋਟੂ ਤੰਤਰ ਤੇ ਲੋਟੂ ਜਮਾਤ ਨੂੰ ਲੁਕਾਉਣ ਦੀ ਹੁੰਦੀ ਹੈ ? ਉਹ ਘਟਨਾਵਾਂ ਨੂੰ ਕੁਝ ਇਸ ਤਰਾਂ ਪੇਸ਼ ਕਰਨਗੇ ਜਿਵੇਂ ਲੋਕਾਂ ਦੀ ਬੁਰੀ ਹਾਲਤ ਦਾ ਜਿੰਮੇਵਾਰ ਮੁਬਾਰਕ ਜਾਂ ਬੇਨ ਅਲੀ ਵਰਗੇ ਕੁਝ ਬੰਦੇ ਹੀ ਹਨ, ਨਾ ਕਿ ਪੂਰੀ ਲੋਟੂ ਜਮਾਤ ਜਿਸਦੀ ਨੁਮਾਂਇੰਦਗੀ ਤੇ ਸੇਵਾ ਇਹੋ ਜਿਹੇ ਲੋਕ ਜਾਂ ਸਰਕਾਰਾਂ ਕਰਦੀਆਂ ਹਨ ? ਉਹ ਲੋਕਾਂ ਦਾ ਗੁੱਸਾ ਹੁਸਨੀ ਮੁਬਾਰਕ ਜਾਂ ਬੇਨ ਅਲੀ ਜਿਹੇ ਤਾਨਾਸ਼ਾਹਾਂ ਵੱਲ ਸੇਧਿਤ ਕਰ ਕੇ ਪੂੰਜੀਵਾਦੀ ਲੁੱਟ ਤੇ ਆਧਾਰਿਤ ਸਿਸਟਮ ਨੂੰ ਬਚਾ ਕੇ ਰਖਦੇ ਹਨ ਤੇ ਲੋਕਾਂ ਵਿੱਚ ਜਮਾਤੀ ਚੇਤਨਾ ਪੈਦਾ ਹੋਣ ਨੂੰ ਰੋਕਦੇ ਹਨ ਜਾਂ ਖੁੰਡਾ ਕਰਦੇ ਹਨ ਅਤੇ ਇਹ ਭਰਮ ਪੈਦਾ ਕਰਦੇ ਹਨ ਕਿ ਮੁਬਾਰਕ ਜਾਂ ਬੇਨ ਅਲੀ ਦੀ ਥਾਂ ਕਿਸੇ ਹੋਰ ਦੇ ਆਉਣ ਨਾਲ ਹੀ ਬਿਨਾਂ ਕਿਸੇ ਬੁਨਿਆਦੀ ਆਰਥਿਕ ਤਬਦੀਲੀ ਦੇ 'ਮਨੁੱਖਤਾ ਦਾ ਸੁਨਹਿਰੀ ਯੁਗ' ਸ਼ੁਰੂ ਹੋ ਜਾਵੇਗਾ ਤੇ ਆਮ ਲੋਕਾਂ ਦੀਆਂ ਸਭ ਮੁਸ਼ਕਿਲਾਂ ਅੱਖ ਦੇ ਫੋਰ 'ਚ ਦੂਰ ਹੋ ਜਾਣਗੀਆਂ ?

ਕੁਝ ਹੋਰ ਵੀ ਹਨ 'ਜਮਹੂਰੀਅਤ' ਦੇ 'ਉਪਾਸ਼ਕ' ਜਿਹਨਾਂ ਨੂੰ ਇਸ ਸੰਘਰਸ਼ ਵਿਚੋਂ 'ਜਮਹੂਰੀਅਤ' ਤੇ 'ਤਾਨਾਸ਼ਾਹੀ' ਵਿੱਚ ਕੁਝ ਇਸ ਤਰਾਂ ਦਾ ਯੁੱਧ ਦਿਖਾਈ ਦਿੰਦਾ ਹੈ ਜਿਵੇਂ ਇਸਦਾ ਆਮ ਲੋਕਾਂ ਦੀਆਂ ਰਹਿਣ ਦੀਆਂ ਤੇ ਜੀਵਨ ਹਾਲਤਾਂ ਨਾਲ ਕੁਝ ਸੰਬੰਧ ਹੀ ਨਹੀਂ ? ਇਹਨਾਂ ਨੂੰ ਲੱਗਦਾ ਹੈ ਕਿ ਲੋਕਾਂ ਦਾ ਢਿੱਡ 'ਜਮਹੂਰੀਅਤ' ਨਾਂ ਦੇ ਸ਼ਬਦ ਨਾਲ ਭਰਦਾ ਹੈ ਤੇ ਜਮਹੂਰੀਅਤ ਉਹ ਸਰਟੀਫਿਕੇਟ ਹੈ ਜਿਸ ਨਾਲ ਹਰ ਕੋਈ ਰੁਜ਼ਗਾਰ ਪ੍ਰਾਪਤ ਕਰ ਲਵੇਗਾ ਤੇ ਸਵਰਗਾਂ 'ਚ ਰਹਿਣ ਲੱਗੇਗਾ ? ਇਹਨਾਂ ਨੂੰ ਕੋਈ ਪੁੱਛੇ ਕਿ ਭਾਰਤ ਵਿੱਚ ਤਾਂ 65 ਸਾਲਾਂ ਤੋਂ ਉਹਨਾਂ ਦੀ ਪਸੰਦੀਦਾ 'ਜਮਹੂਰੀਅਤ' ਬਿਰਾਜਮਾਨ ਹੈ ਪਰ ਇੱਥੇ ਤਾਂ ਇਸ 'ਜਮਹੂਰੀ' ਰੱਥ ਨੇ ਹੀ ਆਮ ਲੋਕਾਂ ਨੂੰ ਕੋਹ ਕੋਹ ਕੇ ਮਰਨ ਕੰਢੇ ਕਰ ਰੱਖਿਆ ਹੈ ? ਹੋਰ ਵੀ ਦੇਸ਼ਾਂ ਵਿੱਚ ਜਿੱਥੇ ਜਮਹੂਰੀਅਤ ਹੈ, ਉੱਥੇ ਵੀ ਆਮ ਲੋਕਾਂ ਦੀ ਹਾਲਤ ਮਿਸਰ ਤੋਂ ਕੋਈ ਅਲੱਗ ਨਹੀਂ ਹੈ ? ਇਹ ਲੋਕ ਵੀ ਸਿੱਧੇ-ਅਸਿੱਧੇ ਰੂਪ ਵਿੱਚ ਪੂੰਜੀਪਤੀਅ ਦੀ ਸੇਵਾ ਕਰਦੇ ਹਨ ਕਿਉਂਕਿ 'ਜਮਹੂਰੀਅਤ' ਦੇ ਸ਼ਬਦ ਪਿੱਛੇ ਇਹ ਪੂਰੀ ਰਾਜਸੱਤਾ ਦੇ ਖਾਸੇ ਨੂੰ ਲੁਕਾ ਦਿੰਦੇ ਹਨ ? ਉਹ ਇਹ ਤੱਥ ਲੁਕਾ ਦਿੰਦੇ ਹਨ ਕਿ ਜਮਹੂਰੀਅਤ ਹੋਵੇ ਜਾਂ ਤਾਨਾਸ਼ਾਹੀ, ਅਸਲ ਵਿੱਚ ਇਹ ਦੋਵੇਂ ਹੀ ਰਾਜਸੱਤਾ ਦੇ ਰੂਪ ਹੀ ਹਨ ਜਿਹਨਾਂ ਨੂੰ ਮਾਲਿਕ ਜਮਾਤਾਂ ਆਪਣੀ ਲੁੱਟ ਬਰਕਰਾਰ ਰੱਖਣ ਲਈ ਮਿਹਨਤਕਸ਼ ਲੋਕਾਂ ਤੇ ਤਾਨਾਸ਼ਾਹੀ ਸਥਾਪਤ ਕਰਨ ਲਈ ਵਰਤਦੀਆਂ ਹਨ ? ਇੱਕ ਤੋਂ ਦੂਜੀ ਕਿਸਮ ਵਿੱਚ ਰੂਪ ਬਦਲੀ ਨਾਲ ਆਮ ਲੋਕਾਂ ਦਾ ਕੁਝ ਨਹੀਂ ਸੌਰਨ ਲੱਗਾ, ਬਸ ਕੁਝ ਸਮੇਂ ਲਈ ਲੋਕਾਂ ਵਿੱਚ ਭਰਮ ਜ਼ਰੂਰ ਪੈਦਾ ਹੋ ਜਾਂਦਾ ਹੈ ਕਿ ਵੋਟਾਂ ਪਾਉਣ ਨਾਲ ਉਹ ਹੀ ਰਾਜਭਾਗ ਨੂੰ ਚਲਾਉਂਦੇ ਹਨ ? ਲੋਕਾਂ ਦੀ ਹਾਲਤ ਸੁਧਾਰਨ ਲਈ ਜ਼ਰੂਰੀ ਹੈ ਮੁਨਾਫਾ ਆਧਾਰਿਤ ਪੂੰਜੀਵਾਦੀ ਲੁੱਟ-ਤੰਤਰ ਨੂੰ ਖਤਮ ਕਰਕੇ ਵਿਆਪਕ ਆਰਥਿਕ

ਤਬਦੀਲੀ ਲਿਆਂਦੀ ਜਾਵੇ ਪਰ ਇਹ ਤਬਦੀਲੀ ਇਹਨਾਂ ਬਗਲ 'ਚ ਛੁਰੀ ਰੱਖ ਕੇ ਰਾਮ-ਰਾਮ ਜਪਣ ਵਾਲਿਆਂ 'ਸੰਤਾਂ' ਨੂੰ ਕਿੱਥੇ ਭਾਉਂਦੀ ਹੈ? ਇਹ 'ਸੰਤ' ਆਪਣੀ ਜਮਹੂਰੀਅਤ ਦਾ ਉਪਦੇਸ਼ ਇੱਥੇ ਤੱਕ ਹੀ ਸੀਮਤ ਨਹੀਂ ਰੱਖਦੇ, ਉਹ ਇਸ ਵਿੱਚ ਵੀ ਝੱਟਪਟ ਕਮਿਊਨਿਸਟਾਂ ਨੂੰ ਬਦਨਾਮ ਕਰਨ ਦਾ ਸਕੋਪ ਤਲਾਸ਼ ਲੈਂਦੇ ਹਨ? ਉਹ ਇਕਦਮ ਮਿਸਰ ਨੂੰ ਭੁੱਲ ਜਾਂਦੇ ਹਨ ਅਤੇ ਚੀਨ, ਉੱਤਰੀ ਕੋਰੀਆ ਤੇ ਕਿਊਬਾ ਬਾਰੇ ਗੱਲ ਕਰਨ ਲੱਗਦੇ ਹਨ? ਭਾਵੇਂ ਇਹਨਾਂ ਦੇਸ਼ਾਂ ਵਿੱਚ ਸਮਾਜਵਾਦੀ ਢਾਂਚੇ ਨੂੰ ਕਦੋਂ ਦਾ ਖਤਮ ਕੀਤਾ ਜਾ ਚੁੱਕਾ ਹੈ, ਪਰ ਇਸ ਨਾਲ ਇਹਨਾਂ 'ਸੰਤਾਂ' ਨੂੰ ਕੋਈ ਫਰਕ ਨਹੀਂ ਪੈਂਦਾ? ਖਾਸ ਕਰਕੇ ਚੀਨ ਵਿੱਚ, ਕਮਿਊਨਿਸਟਾਂ ਦੇ ਲਬਾਦੇ ਹੇਠ ਪੂੰਜੀਵਾਦੀ ਹਕੂਮਤ ਵੱਲੋਂ ਬਰਬਰ ਅੱਤਿਆਚਾਰ ਕੀਤੇ ਜਾ ਰਹੇ ਹਨ ਪਰ ਫਿਰ ਵੀ ਇਹਨਾਂ 'ਸੰਤ' ਲੋਕਾਂ ਨੂੰ ਕੁਝ ਦਿਖਾਈ ਨਹੀਂ ਦਿੰਦਾ, ਉਹਨਾਂ ਨੂੰ ਦਿਖਾਈ ਦਿੰਦਾ ਹੈ ਤਾਂ ਸਿਰਫ਼ 'ਜਮਹੂਰੀਅਤ' ਤੇ 'ਤਾਨਾਸ਼ਾਹੀ' ਦਾ ਦੂਰ ਕਿਤੇ ਪੁਲਾੜ 'ਚ ਹੋਣ ਵਾਲਾ ਖਿਆਲੀ ਯੁੱਧ ਜਿਸ ਵਿੱਚ ਆਮ ਲੋਕ ਕਿਤੇ ਸ਼ਾਮਿਲ ਹੀ ਨਹੀਂ ਹੁੰਦੇ? ਉਹ ਮਿਸਰ ਨੂੰ ਛੱਡ ਕੇ ਚੀਨ ਤੇ ਕੋਰੀਆ ਦੇ ਲੋਕਾਂ ਨੂੰ 'ਕਮਿਊਨਿਸਟ' ਤਾਨਾਸ਼ਾਹਾਂ ਦਾ ਤਖਤਾ ਉਲਟਣ ਦਾ ਸੱਦਾ ਦਿੰਦੇ ਹਨ ਤੇ ਫਿਰ ਉਹ 'ਕਮਿਊਨਿਸਟਾਂ' ਬਾਰੇ ਉਪਦੇਸ਼ ਵਿੱਚ ਗੁਆਚ ਜਾਂਦੇ ਹਨ.... ਖੈਰ ਆਪਾਂ ਉਹਨਾਂ ਨਾਲ ਇਸ ਪ੍ਰਵਚਨ ਵਿੱਚ ਕਿਤੇ ਫਿਰ ਸ਼ਾਮਿਲ ਹੋਵਾਂਗੇ, ਫਿਲਹਾਲ ਮਿਸਰ ਵੱਲ ਵਾਪਿਸ ਆਇਆ ਜਾਵੇ ਜਿੱਥੇ 'ਸੰਤਾਂ' ਅਨੁਸਾਰ ਜਮਹੂਰੀਅਤ ਬਹਾਲੀ ਦਾ ਮਹਾਂਭਾਰਤ ਚੱਲ ਰਿਹਾ ਹੈ?

ਇਹਨਾਂ ਭੁਲੇਖਾਪਾਊ ਨੀਲੇ ਗਿੱਦੜਾਂ ਵਿੱਚ ਆਖਰੀ ਉਹ ਹਨ ਜਿਹੜੇ ਲੋਕ ਸ਼ਕਤੀ ਦੇ ਆਪਾਰ ਸ਼ਰਧਾਲੂ ਹਨ? ਇਹਨਾਂ ਅਨੁਸਾਰ ਲੋਕ ਹੀ ਸਭ ਕੁਝ ਕਰਦੇ ਹਨ, ਲੋਕੀਂ ਲੋੜ ਪੈਣ ਤੇ ਆਪਣੇ ਆਪ ਇਕੱਠੇ ਹੋ ਜਾਂਦੇ ਹਨ ਤੇ ਵੱਡੀਆਂ ਵੱਡੀਆਂ ਜਾਲਿਮ ਹਕੂਮਤਾਂ ਨੂੰ ਅੱਖ ਝਪਕਦੇ ਉਲਟਾ ਦਿੰਦੇ ਹਨ ਅਤੇ ਲੋਕ ਲਹਿਰਾਂ ਵਿੱਚੋਂ ਆਪਣੇ ਆਪ ਨੇਤਾ ਉਭਰ ਆਉਂਦੇ ਹਨ ਤੇ ਭਵਿੱਖ ਦਾ ਪ੍ਰੋਗਰਾਮ ਵੀ ਨਿਕਲ ਆਉਂਦਾ ਹੈ, ਉਹਨਾਂ ਅਨੁਸਾਰ ਚੱਲੀਏ ਤਾਂ ਪ੍ਰਦਰਸ਼ਨ ਜਾਂ ਧਰਨੇ ਤੇ ਬੈਠੇ ਲੋਕ ਸਾਰਾ ਕੁਝ ਕਰ ਲੈਂਦੇ ਹਨ, ਇਸ ਲਈ ਕਿਸੇ ਕੇਂਦਰੀ ਅਗਵਾਈ, ਕਿਸੇ ਪਾਰਟੀ (ਪਾਰਟੀ ਤੋਂ ਉਹਨਾਂ ਦਾ ਖਾਸ ਤੌਰ ਤੇ ਅਰਥ ਕਮਿਊਨਿਸਟ ਪਾਰਟੀ ਤੋਂ ਹੁੰਦਾ ਹੈ) ਤੇ ਕਿਸੇ ਪ੍ਰੋਗਰਾਮ (ਪ੍ਰੋਗਰਾਮ ਤੋਂ ਵੀ ਉਹਨਾਂ ਦਾ ਕੋਈ ਆਮ-ਖਾਸ ਪ੍ਰੋਗਰਾਮ ਨਹੀਂ ਸਗੋਂ ਸਮਾਜਵਾਦ ਦੇ ਪ੍ਰੋਗਰਾਮ ਤੋਂ ਹੁੰਦਾ ਹੈ) ਦੀ ਕੋਈ ਲੋੜ ਨਹੀਂ ਹੁੰਦੀ, ਸਭ ਆਪਣੇ ਆਪ ਹੋ ਜਾਂਦਾ ਹੈ? ਜਦੋਂ ਬਿਨਾਂ ਕਿਸੇ ਅਗਵਾਈ ਜਾਂ ਪ੍ਰੋਗਰਾਮ ਦੇ ਲੋਕ ਉਭਾਰਾਂ ਦੇ ਆਮ ਲੋਕਾਂ ਦੇ ਜੀਵਨ-ਸਤਰ ਸੁਧਾਰਨ ਵਿੱਚ ਕੋਈ ਖਾਸ ਸਿੱਟੇ ਨਹੀਂ ਨਿਕਲਦੇ ਤਾਂ ਇਹੀ ਲੋਕ ਸਭ ਤੋਂ ਅੱਗੇ ਰੌਲਾ ਪਾਉਣ ਵਾਲਿਆਂ 'ਚ ਹੁੰਦੇ ਕਿ ਹੁਣ ਲੋਕ ਲਹਿਰਾਂ ਦਾ ਸਮਾਂ ਲੰਘ ਚੁੱਕਾ ਹੈ, ਹਰ ਤਰਾਂ ਦੀ ਵਿਚਾਰਧਾਰਾ (ਇੱਥੇ ਵੀ ਵਿਚਾਰਧਾਰਾ ਤੋਂ ਉਹਨਾਂ ਦਾ ਖਾਸ ਮਤਲਬ ਹੁੰਦਾ ਹੈ) ਦਾ ਵਕਤ ਗੁਜ਼ਰ ਗਿਆ ਹੈ, ਲੁੱਟ ਨੂੰ ਤੇ ਅਮੀਰੀ-ਗਰੀਬੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਅਤੇ ਮਨੁੱਖਾਂ ਨੂੰ ਇਸਦੇ ਨਾਲ ਰਹਿਣਾ ਹੀ ਪੈਣਾ ਹੈ ਤੇ ਰਹਿਣਾ ਸਿੱਖਣਾ ਚਾਹੀਦਾ ਹੈ?

ਵਿੱਚ ਵਿੱਚ ਮਿਸਰ ਤੇ ਹੋਰ ਦੇਸ਼ਾਂ ਵਿੱਚ ਹੋ ਰਹੇ ਘਟਨਾਕ੍ਰਮ ਦੀ ਪ੍ਰਮਾਣਿਕਤਾ ਤੇ ਪ੍ਰਸ਼ਨਚਿਨ੍ਹ ਲਗਾਏ ਜਾ ਰਹੇ ਹਨ? ਅਜਿਹੇ ਸ਼ੋਸ਼ੇ ਛੱਡੇ ਜਾ ਰਹੇ ਹਨ ਕਿ ਇਹ ਸਭ ਕੁਝ ਸਾਮਰਾਜੀ ਆਕਿਆਂ ਦੇ ਇਸ਼ਾਰਿਆਂ ਤੇ ਐਨ. ਜੀ. ਓ. ਕਿਸਮ ਦੀਆਂ ਸੰਸਥਾਵਾਂ ਦਾ ਕੀਤਾ ਕਰਾਇਆ ਹੈ? ਇਹਨਾਂ ਸ਼ੋਸ਼ਿਆਂ ਅਨੁਸਾਰ ਤਹਿਰੀਰ ਸੁਕੇਅਰ ਵਿੱਚ ਇੰਨੇ ਲੋਕਾਂ ਦੇ ਬੈਠਣ ਦਾ ਪ੍ਰਬੰਧ ਕਰਨਾ ਐਨ. ਜੀ. ਓ. ਤੋਂ ਬਿਨਾ ਸੰਭਵ ਨਹੀਂ? ਫਿਰ ਤਾਂ ਰੂਸ ਤੇ ਚੀਨ ਦੇ ਇਨਕਲਾਬ ਵੀ ਐਨ. ਜੀ. ਓ. ਦਾ ਕੀਤਾ ਕਰਾਇਆ ਹੋ ਸਕਦਾ ਹੈ ਕਿਉਂਕਿ ਉਹਨਾਂ ਦਾ ਫਲਕ ਤਾਂ ਮਿਸਰ ਦੀਆਂ ਘਟਨਾਵਾਂ ਤੋਂ ਕਿਤੇ ਜ਼ਿਆਦਾ ਵਿਸ਼ਾਲ ਸੀ? ਨਾਲੇ ਇੱਕ ਅੱਧ ਦੇਸ਼ ਵਿੱਚ ਤਾਂ ਇਹ ਮੰਨਿਆ ਵੀ ਜਾ ਸਕਦਾ ਹੈ ਪਰ ਇੰਨੇ ਮੁਲਕਾਂ ਵਿੱਚ ਲੋਕ ਵਿਦਰੋਹਾਂ ਦਾ ਫੁੱਟਣਾ ਕਿਸੇ ਐਨ. ਜੀ. ਓ. ਦਾ ਕੰਮ ਬਿਲਕੁਲ ਨਹੀਂ ਹੋ ਸਕਦਾ? ਵੈਸੇ ਵੀ ਇਹ ਘਟਨਾਵਾਂ ਸਾਮਰਾਜੀ ਹਿੱਤਾਂ ਦੇ ਖਿਲਾਫ਼ ਹੀ ਹੋ ਰਹੀਆਂ ਹਨ? ਬਹੁਤ ਸਾਰੇ ਲੋਕਾਂ ਨੂੰ ਅਰਬ ਮੁਲਕਾਂ ਤੇ ਖਾਸ ਕਰਕੇ ਮਿਸਰ ਦੇ ਇਹਨਾਂ ਲੋਕ ਵਿਦਰੋਹਾਂ ਪ੍ਰਤੀ ਅਮਰੀਕਾ ਦਾ ਵਤੀਰਾ ਦੇਖ ਕੇ ਵੀ ਅਚੰਭਾ ਲੱਗਦਾ ਹੈ, ਹਾਲਾਂਕਿ ਅਜਿਹੇ ਲੱਕੜਸਿਰੇ ਥੋੜੇ ਹੀ ਹਨ ਜਿਹਨਾਂ ਨੂੰ ਅਮਰੀਕਾ ਦੇ ਇਸ ਵਤੀਰੇ 'ਚੋਂ 'ਜਮਹੂਰੀਅਤ' ਪ੍ਰਤੀ ਅਮਰੀਕੀ 'ਵਚਨਬੱਧਤਾ' ਨਜ਼ਰ ਆਉਂਦੀ ਹੈ? ਜਿੱਥੇ ਵੀ ਅਮਰੀਕਾ ਤੇ ਹੋਰ ਸਾਮਰਾਜੀਆਂ ਨੂੰ ਲੱਗਦਾ ਹੈ ਕਿ ਅਜਿਹਾ ਬਦਲਾਅ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ ਜਿਸ ਨਾਲ ਪੂੰਜੀਵਾਦੀ ਲੁੱਟ-ਤੰਤਰ ਨੂੰ ਕੋਈ ਖਤਰਾ ਹੋ ਸਕਦਾ ਹੈ, ਉਹ ਚੁਪਚਾਪ ਤਮਾਸ਼ਾ ਦੇਖਦੇ ਹਨ ਤੇ ਉਥੋਂ ਦੇ ਲੀਡਰ 'ਜਮਹੂਰੀਅਤ' ਸ਼ਬਦ ਦੀ ਜੁਗਾਲੀ ਕਰਦੇ ਰਹਿੰਦੇ ਹਨ ਜਿਸਨੂੰ ਜੋਰ-ਸ਼ੋਰ ਨਾਲ ਪੂੰਜੀਵਾਦੀ ਮੀਡੀਆ ਪ੍ਰਚਾਰਦਾ ਹੈ? ਇਸੇ ਦੌਰਾਨ ਉਹ ਨਵੇਂ ਉਭਰ ਰਹੇ ਬਦਲਾਂ ਨੂੰ ਵਾਚਦੇ ਹਨ ਤੇ ਆਪਣੇ ਹਿੱਤਾਂ ਦੇ ਫਿੱਟ ਆਉਂਦੀ ਧਿਰ ਨੂੰ ਅੱਗੇ ਲੈਕੇ ਆਉਣ ਦੀਆਂ ਕੂਟਨੀਤਿਕ ਚਾਲਾਂ ਚਲਦੇ ਰਹਿੰਦੇ ਹਨ? ਅਜਿਹਾ ਕਿਊਬਾ ਦੇ ਇਨਕਲਾਬ ਸਮੇਂ ਵੀ ਦੇਖਣ ਨੂੰ ਮਿਲਿਆ ਤੇ ਹੋਰ ਦੇਸ਼ਾਂ ਵਿੱਚ ਵੀ? ਪਰ ਜਦੋਂ ਲੋਕ ਲਹਿਰ ਦਾ ਨਿਸ਼ਾਨਾ ਪੂੰਜੀਵਾਦੀ ਢਾਂਚਾ ਹੋਵੇ, ਉਸ ਸਮੇਂ ਇਹਨਾਂ ਦਾ 'ਜਮਹੂਰੀ' ਚਿਹਰਾ ਦੇਖਣ ਵਾਲਾ ਹੁੰਦਾ ਹੈ ਜਿਵੇਂ ਕਿ ਰੂਸ ਤੇ ਚੀਨ ਇਨਕਲਾਬ, ਵੀਅਤਨਾਮ ਦਾ ਦੋ ਦਹਾਕੇ ਚੱਲਣ ਵਾਲਾ ਭਿਅੰਕਰ ਯੁੱਧ ਤੇ ਹੁਣੇ ਹੁਣੇ ਨੇਪਾਲ 'ਚ ਰਾਜਸ਼ਾਹੀ ਨੂੰ ਤਖਤੋਂ ਲਾਹੁਣ ਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ? ਇਸ ਲਈ ਅਮਰੀਕਾ ਤੇ ਦੂਜੇ ਸਾਮਰਾਜੀਆਂ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ?

ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਲੋਕ ਉਭਾਰਾਂ ਦੀਆਂ ਇਹਨਾਂ ਲਹਿਰਾਂ ਦਾ ਸਵਾਗਤ ਕਰਨਾ ਬਣਦਾ ਹੈ ਤੇ ਮਨੁੱਖਤਾ ਦੀ ਬਿਹਤਰੀ ਲਈ ਲੜ ਰਹੇ ਹਰ ਵਿਅਕਤੀ ਦੇ ਚਿਹਰੇ ਤੇ ਮੁਸਕਾਨ ਆਉਣੀ ਸੁਭਾਵਕ ਹੈ? ਇਸ ਲਹਿਰ ਨੇ ਪਛਮੀ ਮੀਡੀਆ ਤੇ ਬੁਰਜੂਆ ਬੁੱਧੀਜੀਵੀਆਂ ਦੀਆਂ ਇਹ ਸਿਧਾਂਤਿਕ ਪੇਸ਼ਕਸਾਂ ਕਿ ਮੁਸਲਿਮ ਲੋਕਾਂ ਨੂੰ ਸਿਰਫ਼ ਧਰਮ ਦੇ ਨਾਂ ਹੇਠ ਹੀ ਲਾਮਬੰਦ ਕੀਤਾ

(ਬਾਕੀ ਸਫਾ 17 'ਤੇ)

ਆਖ਼ਰ ਅੰਬੇਡਕਰ ਹਨ ਕੀ ਚੀਜ਼?

— ਰੰਗਾਨਾਇਆਕੰਮਾ

ਹੁਣ ਇਹ ਸਮਝਣਾ ਅਸਾਨ ਹੋ ਜਾਂਦਾ ਹੈ ਕਿ ਅੰਬੇਡਕਰ ਦੇ ਲੇਖਾਂ ਅਤੇ ਅੰਦੋਲਨਾਂ ਦੇ ਸਕਾਰਾਤਮਕ ਪਹਿਲੂ ਅਤੇ ਨਕਾਰਾਤਮਕ ਪੱਖ ਕੀ ਹਨ, ਦਲਿਤਾਂ ਦੀਆਂ ਸਮੱਸਿਆਵਾਂ ਅਤੇ ਜਾਤ ਦੇ ਸਵਾਲ ਬਾਰੇ ਸਾਨੂੰ ਕੀ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਕੀ ਛੱਡ ਦੇਣਾ ਚਾਹੀਦਾ ਹੈ।

- ਅੰਬੇਡਕਰ ਨੇ ਦੇਸ਼ ਦੇ ਸਾਰੇ ਲੋਕਾਂ ਨੂੰ ਛੂਆ-ਛੂਤ ਦੀ ਸਮੱਸਿਆ ਤੋਂ ਜਾਣੂ ਕਰਾਇਆ। ਉਹਨਾਂ ਇਸ ਦੁਰ-ਆਚਰਣ ਖ਼ਿਲਾਫ ਸੰਘਰਸ਼ ਨੂੰ ਸਿਆਸੀ ਹੱਕਾਂ ਦੀ ਲੜਾਈ ਦਾ ਸਰੂਪ ਦੇ ਦਿੱਤਾ।
- ਭਾਵੇਂ ਰਿਜ਼ਰਵੇਸ਼ਨ ਲਈ ਤਹਿਰੀਕ ਅੰਬੇਡਕਰ ਤੋਂ ਪਹਿਲਾਂ ਸ਼ੁਰੂ ਹੋ ਗਈ ਸੀ, ਉਹਨਾਂ ਨੇ ਉਸ ਤਹਿਰੀਕ ਨੂੰ ਤਦ ਤਕ ਜਾਰੀ ਰੱਖਿਆ ਜਦੋਂ ਤੱਕ ਕਿ ਰਿਜ਼ਰਵੇਸ਼ਨ ਹਾਸਲ ਨਹੀਂ ਹੋ ਗਈ। ਰਿਜ਼ਰਵੇਸ਼ਨ ਕਾਰਨ ਹੀ ਇਹ ਸੰਭਵ ਹੋ ਸਕਿਆ ਕਿ ਨੀਵੀਂ ਜਾਤ ਦੀ ਘੱਟ ਤੋਂ ਘੱਟ ਕੁੱਝ ਵਸੋਂ ਲਈ ਉੱਚ ਸਿੱਖਿਆ ਅਤੇ ਸਰਕਾਰੀ ਨੌਕਰੀਆਂ 'ਚ ਉੱਚੇ ਅਹੁਦੇ ਮਿਲਣੇ ਅਸਾਨ ਹੋ ਗਏ।
- ਛੂਆ-ਛੂਤ ਦੇ ਸਵਾਲ 'ਤੇ ਅੰਬੇਡਕਰ ਨੇ ਕਾਂਗਰਸ ਅਤੇ ਗਾਂਧੀ ਨੂੰ ਵੱਧ ਤੋਂ ਵੱਧ ਹੱਦ ਤੱਕ ਨੰਗਾ ਕਰ ਦਿੱਤਾ। ਜੇਕਰ ਅੰਬੇਡਕਰ ਨੇ ਉਹਨਾਂ ਨੂੰ ਨੰਗਾ ਨਾ ਕੀਤਾ ਹੁੰਦ ਤਾਂ ਸਾਰੇ ਲੋਕ ਹੁਣ ਤਕ ਵੀ ਇਹੀ ਸਮਝਦੇ ਰਹਿੰਦੇ ਕਿ ਗਾਂਧੀ ਨੂੰ ਛੂਆ-ਛੂਤ ਦੀ ਬਹੁਤ ਚਿੰਤਾ ਸੀ। ਹੁਣ ਘੱਟ ਤੋਂ ਘੱਟ ਕੁਝ ਲੋਕ ਤਾਂ ਗਾਂਧੀ ਦੀ ਸੱਚਾਈ ਜਾਣ ਚੁਕੇ ਸਨ।
- ਅੰਬੇਡਕਰ ਨੇ ਨਾ ਸਿਰਫ਼ ਛੂਆ-ਛੂਤ ਵਿਰੁੱਧ ਪ੍ਰਚੰਡ ਵਿਰੋਧ ਦਾ ਇਜ਼ਹਾਰ ਕੀਤਾ ਸਗੋਂ ਪੂਰੇ ਜਾਤ ਪ੍ਰਬੰਧ ਖਿਲਾਫ਼ ਉਹਨਾਂ ਨੇ ਮੁਹਿੰਮ ਛੇੜ ਦਿੱਤੀ।
- ਉਹਨਾਂ ਲੋਕਾਂ ਨੂੰ ਹਿੰਦੂ ਧਰਮ ਛੱਡਣ ਦਾ ਸੁਝਾਅ ਦਿੱਤਾ ਜਿਸ 'ਚ ਹੁਣ ਵੀ ਜਾਤ ਵਖਰੇਵਾਂ ਮੌਜੂਦ ਹੈ। ਉਹਨਾਂ ਖੁਦ ਇਸ ਧਰਮ ਨੂੰ ਛੱਡਿਆ।

ਕਿਉਂ ਕਿ ਇਹ ਸਾਰੇ ਨਜ਼ਰੀਏ ਨੀਵੀਂਆਂ ਜਾਤਾਂ ਦੀ ਬੇਹਤਰੀ ਲਈ ਹਨ, ਸਾਨੂੰ ਨਿਸ਼ਚਿਤ ਰੂਪ ਨਾਲ ਇਸਨੂੰ ਮੰਨਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਪਾਲਣ ਕਰਨਾ ਚਾਹੀਦਾ ਹੈ। ਫਿਰ ਵੀ ਇਹਨਾਂ ਨਜ਼ਰੀਆਂ ਦੇ ਨਾਲ-ਨਾਲ ਕਈ ਅਜਿਹੇ ਨਜ਼ਰੀਏ ਵੀ ਹਨ ਜਿਹੜੇ ਨੀਵੀਂਆਂ ਜਾਤਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ ਅਤੇ ਇਸ ਲਈ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਛੱਡ ਦੇਣਾ ਹੋਵੇਗਾ। ਇਹ ਅੰਬੇਡਕਰ ਦੇ ਚਰਿੱਤਰ ਦੀ ਵਿਰੋਧਤਾਈ ਹੈ। ਇਹ ਭਿਆਨਕ ਤਰਾਸਦੀ ਹੈ।

ਅੰਬੇਡਕਰ ਨੇ ਕੱਟੜਪੰਥੀਆਂ ਤੋਂ ਵੀ ਵੱਧ ਧਾਰਮਿਕ ਆਸਥਾਵਾਂ ਦਾ ਬਚਾਅ ਕੀਤਾ, ਪਰ 'ਤਰਕਵਾਦ' ਦੇ ਨਾਂ 'ਤੇ! ਉਹਨਾਂ ਨੂੰ ਬੁੱਧ ਧਰਮ 'ਚ ਕੋਈ ਤਾਰਕਿਕ ਪੱਖ ਨਹੀਂ ਮਿਲਿਆ। ਬੁੱਧ ਧਰਮ ਦੀ ਵਿਆਖਿਆ ਉਹਨਾਂ ਨੇ ਆਪਣੀ ਤਰ੍ਹਾਂ ਨਾਲ ਕੀਤੀ ਅਤੇ ਜਿਹੜਾ ਵੀ ਵਰਨਣ ਕੀਤਾ ਉਸ 'ਚ ਦੂਜੇ ਧਰਮਾਂ ਵਾਂਗੂੰ ਹੀ ਅੰਧਵਿਸ਼ਵਾਸੀ ਸੰਕਲਪਾਂ ਦੀ ਭਰਮਾਰ ਹੈ। ਇਸੇ ਤਰ੍ਹਾਂ ਉਹਨਾਂ ਦਾ ਅਰਥਸ਼ਾਸਤਰ ਵੀ ਉਹੀ ਹੈ ਜਿਹੜਾ ਲੋਟੂ ਆਮਦਨੀ ਅਤੇ ਲੋਟੂ ਸੰਪਤੀ ਹੱਕਾਂ ਦਾ ਸਮਰਥਨ ਕਰਦਾ ਹੈ। ਉਹਨਾਂ ਦਾ ਫ਼ਲਸਫਾ, ਉਹਨਾਂ ਦੀ ਸਿਆਸਤ ਅਤੇ ਸਭ ਕੁਝ ਲੋਟੂ ਸਬੰਧਾਂ ਦੇ ਅਨੁਸਾਰੀ ਹੈ।

ਜਦੋਂ ਕੋਈ ਇਸ ਸੱਚਾਈ ਤੋਂ ਮੂੰਹ ਫੇਰ ਲੈਂਦਾ ਹੈ ਕਿ **ਕਿਰਤ** ਹੀ ਉਹ ਚੀਜ਼ ਹੈ ਜਿਹੜੀ ਇਨਸਾਨਾਂ ਅਤੇ ਜਾਨਵਰਾਂ 'ਚ ਫ਼ਰਕ ਕਰਦੀ ਹੈ ਅਤੇ ਇਹ ਕਿ ਮਨੁੱਖੀ ਸਮਾਜ **ਕਿਰਤ ਸਬੰਧਾਂ ਦਾ ਸਮੁੱਚ** ਹੁੰਦਾ ਹੈ, ਤਦ ਉਹ ਕਿਸੇ ਵੀ ਮੁੱਦੇ ਨੂੰ ਸਤਹੀ ਤੌਰ 'ਤੇ ਹੀ ਸਮਝ ਸਕਦਾ ਹੈ ਅਤੇ ਉਸ ਲਈ ਇਸਦੇ ਸਿਵਾ ਕੋਈ ਹੋਰ ਰਾਸਤਾ ਨਹੀਂ ਬਚਿਆ ਰਹਿੰਦਾ। ਜਿਹੜੇ ਲੋਕ ਕਿਰਤ ਸੰਬਧਾਂ ਵੱਲੋਂ ਅੱਖਾਂ ਮੀਟ ਲੈਂਦੇ ਹਨ ਉਹ ਅਜਿਹਾ ਹੀ ਕਰਦੇ ਹਨ। ਇਹੀ ਅੰਬੇਡਕਰ ਨੇ ਵੀ ਕੀਤਾ ਹੈ।

ਅੰਬੇਡਕਰ ਨੇ ਜਿਸ ਬੁੱਧੀ ਅਤੇ ਤਾਰਕਿਕਤਾ ਨੂੰ ਜਾਤਪਾਤ ਦੇ ਵਖਰੇਵਿਆਂ ਦੇ ਮਾਮਲੇ 'ਚ ਲਾਗੂ ਕੀਤਾ ਉਸਦਾ ਥੋੜਾ ਹਿੱਸਾ ਵੀ ਉਹਨਾਂ ਨੇ ਸੰਪਤੀ ਹੱਕਾਂ ਦੇ ਮਾਮਲੇ 'ਚ ਨਹੀਂ ਲਾਗੂ ਕੀਤਾ। ਇਸ ਲਈ ਅੰਬੇਡਕਰ ਵੀ ਕੁਲੀਨਾਂ ਦੀ ਉਸ ਕਤਾਰ 'ਚ ਸ਼ਾਮਲ ਹੋ ਗਏ ਜਿਹੜੇ ਲੋਟੂ ਸਬੰਧਾਂ ਦਾ ਸਮਰਥਨ ਕਰਦੇ ਹਨ। ਉਹ ਅਣਗਿਣਤ ਵਿਰੋਧਤਾਈਆਂ 'ਚ ਫੱਸ ਚੁੱਕੇ ਹਨ।

ਜਦੋਂ ਅੰਬੇਡਕਰ ਨੇ ਆਪਣੀ ਲੇਖਣੀ ਸ਼ੁਰੂ ਕੀਤੀ ਤਾਂ ਉਸੇ ਪਲ ਤੋਂ ਉਹਨਾਂ 'ਚ ਇਹ ਅਧਾਰ-ਵਿਹੂਣਾ ਵਿਸ਼ਵਾਸ ਘਰ ਕਰ ਗਿਆ ਕਿ ਉਹ ਇਕ ਮਹਾਨ ਬੁੱਧੀਜੀਵੀ ਹਨ। ਇਸ ਨਾਲ ਇਕ ਤਰ੍ਹਾਂ ਦੇ ਗਲਤ ਤਰਕਸ਼ਾਸਤਰ ਦਾ ਜਨਮ ਹੋਇਆ, ਅਰਥਾਤ ਇਹ ਕਿ 'ਮੈਂ ਜਿਹੜਾ ਲਿਖ ਦਿੱਤਾ ਉਹ ਤਰਕਸ਼ਾਸਤਰ ਹੈ'।

ਅੰਬੇਡਕਰ ਜਦੋਂ ਵੀ ਕਿਸੇ ਸਮੱਸਿਆ ਦਾ ਅਧਿਐਨ ਕਰ ਲੈਂਦੇ ਸਨ ਤਾਂ ਹਰ ਕਦਮ 'ਤੇ ਇਹੀ ਜਤਾਉਂਦੇ ਸਨ ਕਿ ਕਿਸੇ ਨੂੰ ਵੀ ਇਸ ਸਮਸਿਆ ਦੀ ਵਜ੍ਹਾ ਨਹੀਂ ਮਿਲ ਸਕੀ ਅਤੇ ਸਿਰਫ਼ ਮੈਂ ਇਸਨੂੰ ਲੱਭ ਲਿਆ ਹੈ। ਪਰ ਉਹਨਾਂ ਦੇ 1916 ਦੇ ਲੇਖ *ਭਾਰਤ 'ਚ ਜਾਤੀਪ੍ਰਥਾ* ਤੋਂ ਲੈ ਕੇ 1956 ਦੇ ਲੇਖ *ਬੁੱਧ ਜਾਂ ਕਾਰਲ ਮਾਰਕਸ* ਤੱਕ ਉਹਨਾਂ ਦੀ ਕੋਈ ਵੀ ਤੱਥ ਖ਼ੋਜ ਨਾ ਤਾਂ ਤਰਕਸੰਗਤ ਹੈ ਨਾ ਹੀ ਸੱਚੀ। ਇਨ੍ਹਾਂ ਲੇਖਾਂ 'ਚ ਪਾਠਕਾਂ ਨੂੰ ਅਣਗਿਣਤ ਫਰਕ ਦੇਖਣ ਨੂੰ ਮਿਲ ਸਕਦੇ ਹਨ।

ਅੰਬੇਡਕਰ ਦੇ ਖੋਜ ਕਾਰਜ ਨਾਲ ਕਿਸੇ ਸਮੱਸਿਆ ਦੀ ਬੁਨਿਆਦੀ ਵਜ੍ਹਾ ਕੀ ਨਿਕਲੀ? ਜੇਕਰ ਅਸੀਂ ਉਹਨਾਂ ਦੀ ਤੱਖ

ਖੋਜ ਨੂੰ ਲੜੀਵਾਰ ਤਰੀਕੇ ਨਾਲ ਯਾਦ ਕਰੀਏ ਤਾਂ ਇਹ ਗੱਲ ਸਾਫ਼ ਹੋ ਜਾਵੇਗੀ।

• ਉਹਨਾਂ ਨੇ ਆਪਣੇ ਲੇਖ 'ਚ ਜਾਤਾਂ ਦੀ ਉੱਤਪਤੀ ਦਾ ਕੀ ਕਾਰਨ ਦੱਸਿਆ? ਉਹਨਾਂ ਦਾ ਕਹਿਣਾ ਸੀ ਕਿ ਜਾਤਾਂ ਦੀ ਉੱਤਪਤੀ ਸਜਾਤੀ ਦੇ ਵਿਆਹ ਦੇ ਕਾਰਨ ਹੋਈ ਅਤੇ ਬ੍ਰਾਹਮਣਾਂ ਨੇ ਆਪਣੇ ਗਲਬੇ ਅਤੇ ਖਾਸ ਹੱਕਾਂ ਨੂੰ ਕਾਇਮ ਰੱਖਣ ਲਈ ਇੱਕੋ ਹੀ ਜਾਤ 'ਚ ਵਿਆਹ ਦੀ ਵਿਵਸਥਾ ਸ਼ੁਰੂ ਕੀਤੀ। ਜਿਸਦਾ ਭਾਵ ਇਹ ਹੋਇਆ ਕਿ ਬ੍ਰਹਾਮਣਾਂ ਦਾ ਗਲਬਾ ਉਸ ਸਮੇਂ ਤੋਂ ਸੀ ਜਦੋਂ ਜਾਤਾਂ ਮੌਜੂਦ ਨਹੀਂ ਸਨ! 'ਦਾਸ' ਵਰਣ ਦੇ ਰੂਪ 'ਚ ਸ਼ੂਦਰ ਵਰਣ ਦੀ ਹੋਂਦ ਵਰਣ-ਵਿਵਸਥਾ ਦੇ ਦੌਰ 'ਚ ਵੀ ਸੀ। ਅਜਿਹੀ ਹਾਲਤ 'ਚ ਵਰਣਾਂ ਅਤੇ ਜਾਤਾਂ 'ਚ ਕੀ ਫ਼ਰਕ ਹੈ?

ਅੰਬੇਡਕਰ ਦਾ ਕਹਿਣਾ ਹੈ ਕਿ ਇਕ ਅਜਿਹਾ ਸਮਾਂ ਸੀ ਜਦੋਂ ਸਿਰਫ਼ ਤਿੰਨ ਉੱਚ ਵਰਣ ਸਨ। ਉਸ ਦੌਰ 'ਚ ਜਦੋਂ ਕਿ ਅਜੇ ਚਾਰ ਵਰਣ ਹੋਂਦ 'ਚ ਨਹੀਂ ਆਏ ਸਨ, ਬ੍ਰਹਾਮਣਾਂ ਨੂੰ ਅਜਿਹੇ ਖਾਸ ਹੱਕ ਹਾਸਲ ਸਨ ਜਿਹੜੇ ਉਹਨਾਂ ਦੇ ਪੁਸ਼ਤੈਨੀ ਹੱਕ ਸਨ। ਇਕ ਪਾਸੇ ਤਾਂ ਇਨ੍ਹਾਂ ਨੇ ਅਜਿਹੇ ਖਾਸ ਹੱਕਾਂ ਬਾਰੇ ਦੱਸਿਆ ਅਤੇ ਉੱਥੇ ਦੂਜੇ ਪਾਸੇ ਇਹਨਾਂ ਦਾ ਤਰਕ ਇਹ ਸੀ ਕਿ ਵਰਣ ਪੁਸ਼ਤੈਨੀ ਨਹੀਂ ਸਨ ਸਗੋਂ ਸਿਰਫ਼ ਜਾਤਾਂ ਪੁਸ਼ਤੈਨੀ ਸਨ।

ਇਕ ਹੀ ਵਿਅਕਤੀ, ਜਿਸਨੇ ਕਿ ਤਿੰਨ ਵਰਣਾਂ ਦੇ ਸਮੇਂ ਦੌਰਾਨ ਵਰਣਾਂ ਨੂੰ ਪੁਸ਼ਤੈਨੀ ਦੱਸਿਆ ਸੀ, ਉਸਨੇ ਅਨੇਕਾਂ ਗਡਮੱਢ ਤਰਕ ਪੇਸ਼ ਕੀਤੇ, ਜਿਵੇਂ ਕਿ ਚਾਰ ਵਰਣਾਂ ਦੇ ਦੌਰ ਵਿੱਚ ਚਾਰ ਸਾਲਾਂ ਦੇ ਦੌਰ ਵਿੱਚ ਇੱਕ ਵਾਰ ਵਰਣ ਪਰਿਵਰਤਨ ਹੋਇਆ ਕਰਦਾ ਸੀ, ਇਹ ਕਿ ਬ੍ਰਹਾਮਣ ਅਤੇ ਸ਼ੂਦਰ ਪ੍ਰਸਪਰ ਸ਼ੂਦਰ ਅਤੇ ਬ੍ਰਾਹਮਣ ਹੋ ਜਾਂਦੇ ਸਨ, ਇਹ ਕਿ ਸ਼ੂਦਰ ਵੀ ਗੁਰੂਕੁਲਾਂ 'ਚ 12 ਵਰ੍ਹਿਆਂ ਤੱਕ ਪੜ੍ਹਾਈ ਕਰਦੇ ਸਨ ਅਤੇ ਇਹ ਕਿ ਨੀਵੀਂ ਜਾਤ ਦੇ ਲੋਕਾਂ ਨੇ ਸਵੈ-ਇੱਛਾ ਨਾਲ ਖੁਦ ਹੀ ਜਾਤ ਵਿਵਸਥਾ ਬਣਾ ਲਈ।

ਉਹਨਾਂ ਨੇ ਜਾਤਾਂ ਦੀ ਸਮੱਸਿਆ 'ਚੋਂ 'ਵਾਧੂ ਔਰਤਾਂ ਅਤੇ ਵਾਧੂ ਪੁਰਸ਼ਾਂ' ਦੇ ਤਰਕ ਨੂੰ ਜਨਮ ਦਿੱਤਾ। ਇਸ ਗੱਲ ਦੀ ਉਹਨਾਂ ਨੂੰ ਜ਼ਰਾ ਵੀ ਸਹਿਜਬੁੱਧੀ ਨਹੀਂ ਸੀ ਕਿ ਜਦੋਂ ਪੁਰਸ਼ (ਰੰਡਾ) ਅਤੇ ਔਰਤ (ਰੰਡੀ) ਦੋਨੋਂ ਮੌਜੂਦ ਹਨ ਤਾਂ ਉਹਨਾਂ ਦੇ ਮੁੜ-ਵਿਆਹ 'ਚ ਕੋਈ ਸਮੱਸਿਆ ਰਾਹ ਦਾ ਰੋੜਾ ਨਹੀਂ ਬਣੇਗੀ, ਉਹਨਾਂ ਦਾ ਤਰਕ ਇਹ ਸੀ ਕਿ ਸਤੀ ਵਰਗੀਆਂ ਸਮੱਸਿਆਵਾਂ ਪੈਦਾ ਹੋਈਆਂ ਅਤੇ ਇਹ ਦਾਅਵਾ ਕੀਤਾ ਕਿ ਇੱਕਲੇ ਉਹਨਾਂ ਨੇ ਇਸ ਤੱਥ ਦੀ ਖੋਜ ਕੀਤੀ।

ਉਹ ਕਦੇ ਤਾਂ ਇਹ ਕਹਿੰਦੇ ਸਨ ਕਿ 'ਵਰਣ-ਵਿਵਸਥਾ ਜਾਤ-ਵਿਵਸਥਾ ਤੋਂ ਉੱਤਮ ਹੈ' ਅਤੇ ਕਦੇ ਇਹ ਕਹਿੰਦੇ ਸਨ ਕਿ ਇਕ "ਨਾਗਨਾਥ" ਹੈ ਤਾਂ ਦੂਜਾ "ਸੱਪਨਾਥ" — ਕੀ ਅਜਿਹੇ ਭਰਮ-ਪਾਊ ਤਰਕਾਂ ਤੋਂ ਅੰਬੇਦਕਰ ਇਸ ਬਾਰੇ ਦੱਸ ਸਕਦੇ ਸਨ ਕਿ ਜਾਤਾਂ ਦੀ ਉਤਪਤੀ ਕਿਵੇਂ ਹੋਈ ਅਤੇ ਵਰਣ-ਵਿਵਸਥਾ ਅਤੇ ਜਾਤ-ਵਿਵਸਥਾ 'ਚ ਕੀ ਫ਼ਰਕ ਹੈ?

• ਠੀਕ ਹੈ! ਪਰ *ਸ਼ੂਦਰ ਕੌਣ ਸਨ?* ਨਾਮਕ ਲੇਖ 'ਚ ਉਹਨਾਂ ਨੇ ਕਿਸ ਗੱਲ ਦੀ ਖੋਜ ਕੀਤੀ? ਉਹਨਾਂ ਨੇ ਇਹ ਘੜਨਾ ਸ਼ੁਰੂ ਕੀਤਾ ਕਿ ਸ਼ੂਦਰ ਸ਼ਾਖਾ ਦੇ ਖੱਤਰੀ ਸੂਰਿਆਵੰਸ਼ੀ ਸਨ ਅਤੇ ਵੀਰਤਾ ('ਮਰਦਾਨਗੀ-ਯੁਕਤ') ਲਈ ਜਾਣੇ ਜਾਂਦੇ ਸਨ ਜਦੋਂ ਕਿ ਬਾਕੀ ਖੱਤਰੀ ਕਾਇਰ ("ਅਲਪਬੁੱਧੀ ਅਤੇ ਆਤਮ-ਸਮਾਨ ਵਿਹੂਣੇ") ਸਨ। *ਸ਼ੂਦਰ ਕੌਣ ਸਨ?* 'ਚ ਸਮੁੱਚਾ ਖੋਜਕਾਰਜ ਇਸੇ ਤਰਕ 'ਤੇ ਅਧਾਰਿਤ ਹੈ। ਇਹਨਾਂ ਦਾ ਕਹਿਣਾ ਸੀ ਕਿ ਉਸ ਦੌਰ 'ਚ 'ਸੇਵਕ' ਵਰਣ ਦੀ ਕੋਈ ਹੋਂਦ ਨਹੀਂ ਸੀ ਅਤੇ ਸਿਰਫ਼ ਉੱਚ ਵਰਣ ਹੀ ਹੋਂਦ 'ਚ ਸਨ। ਸ਼ੁਰੂਆਤ 'ਚ ਇਹਨਾਂ ਨੇ ਅਜੋਕੇ ਸ਼ੂਦਰਾਂ ਦੇ ਇਤਿਹਾਸ ਦਾ ਵਰਣਨ ਕਰਨ ਦਾ ਦਾਆਵਾ ਕੀਤਾ ਸੀ ਜਿਹੜੇ ਕਿ ਭਾਰਤ ਦੀ ਵਸੋਂ ਦਾ 80% ਹਨ। ਪਰ ਅੰਤ 'ਚ ਇਹਨਾਂ ਨੇ ਇਹ ਨਿਚੋੜ ਕੱਢਿਆ ਕਿ ਪਹਿਲਾਂ ਦੇ ਅਤੇ ਅੱਜ ਦੇ ਸ਼ੂਦਰਾਂ 'ਚ ਆਪਸ 'ਚ ਕੋਈ ਸਬੰਧ ਨਹੀਂ ਹੈ। ਇਸ ਤਰ੍ਹਾਂ, *ਸ਼ੂਦਰ ਕੌਣ ਹਨ?* ਸਿਰਲੇਖ ਦਰਮਿਆਨ ਇਹਨਾਂ ਨੇ ਜਿਸ ਮਿਹਨਤ ਨਾਲ ਅਧਿਐਨ ਸਮੱਗਰੀ ਪੇਸ਼ ਕੀਤੀ ਹੈ ਉਹ ਬੇਅਰਥ ਹੋ ਗਈ ਕਿਉਂ ਕਿ ਇਸ ਨਾਲ ਸਾਨੂੰ ਇਹ ਜਾਣਨ 'ਚ ਕੋਈ ਮਦਦ ਨਹੀਂ ਮਿਲਦੀ ਕਿ ਸ਼ੂਦਰ ਕੌਣ ਸਨ?

• *ਅਛੂਤ ਉਹ ਕੌਣ ਸਨ ਅਤੇ ਅਛੂਤ ਕਿਉਂ ਬਣੇ?* ਨਾਮਕ ਲੇਖ 'ਚ ਇਹਨਾਂ ਨੇ ਕੀ ਕਿਹਾ! ਸ਼ੁਰੂ 'ਚ ਇਹਨਾਂ ਦਾ ਇਹ ਕਹਿਣਾ ਸੀ ਕਿ ਜਿਹੜੇ ਪਿੰਡਾਂ 'ਚ ਰਹਿੰਦੇ ਸਨ ਅਤੇ ਜਿਹੜੇ ਪਿੰਡਾਂ ਤੋਂ ਬਾਹਰ ਰਹਿੰਦੇ ਸਨ ਉਹਨਾਂ 'ਚ ਕੋਈ ਵਿਰੋਧਤਾਈ ਨਹੀਂ ਸੀ। ਜਿਹੜੇ ਪਿੰਡਾਂ ਦੀ ਪਹਿਰੇਦਾਰੀ ਕਰਦੇ ਸਨ ਉਹਨਾਂ ਸ਼ਾਇਦ ਬੁੱਧ ਧਰਮ ਗ੍ਰਹਿਣ ਕਰ ਲਿਆ ਹੋਵੇਗਾ। ਇਸ ਧਰਮ-ਤਬਦੀਲੀ ਨਾਲ ਸ਼ਾਇਦ ਪਿੰਡ ਅੰਦਰ ਰਹਿਣਵਾਲੇ ਲੋਕ ਨਾਰਾਜ਼ ਹੋ ਗਏ ਹੋਣਗੇ। ਇਸ ਤਰ੍ਹਾਂ ਇਨ੍ਹਾਂ ਦਾ ਖੋਜਕਾਰਜ ਇਸ ਤਰ੍ਹਾਂ ਦੀਆਂ ਅਟਕਲਾਂ 'ਤੇ ਅਧਾਰਿਤ ਸੀ ਜਿਵੇਂ ਕਿ, 'ਇਹ ਇਸ ਤਰ੍ਹਾਂ ਨਾਲ ਹੋਇਆ ਹੋਵੇਗਾ', 'ਇਹ ਉਸ ਤਰ੍ਹਾਂ ਨਾਲ ਹੋਇਆ ਹੋਵੇਗਾ'। ਇਹਨਾਂ ਨੇ ਆਪਣੇ ਕਿਸੇ ਵੀ ਅੰਦਾਜੇ ਮਗਰ ਕੋਈ ਸਬੂਤ ਨਹੀਂ ਪੇਸ਼ ਕੀਤਾ।

• ਛੂਆ-ਛੂਤ ਬਾਰੇ, ਅਛੂਤ ਵਾਲੇ ਲੇਖ 'ਚ, ਇਹਨਾਂ ਦਾ ਤਰਕ ਇਹ ਸੀ ਕਿ ਛੂਆ-ਛੂਤ ਈਸਾ ਤੋਂ ਪਹਿਲਾਂ ਹੋਂਦ 'ਚ ਆਈ ਨਹੀਂ ਸੀ ਅਤੇ 400 ਈਸਵੀ ਤਕ ਇਹ ਸ਼ੁਰੂ ਨਹੀਂ ਹੋਈ ਸੀ। ਕੀ ਇਹਨਾਂ ਨੇ ਅਜਿਹਾ ਤਰਕ ਨਹੀਂ ਦਿੱਤਾ ਸੀ? ਪਰ ਬਾਅਦ 'ਚ ਇਹ ਸਭ ਭੁੱਲ ਕੇ "ਬੁੱਧ ਅਤੇ ਉਹਨਾਂ ਦਾ ਧੰਮ" 'ਚ ਇਹਨਾਂ ਨੇ ਇਹ ਦਿਖਾਇਆ ਹੈ ਕਿ ਛੂਆ-ਛੂਤ ਤਾਂ ਬੁੱਧ ਦੇ ਸਮੇਂ 'ਚ ਵੀ ਮੌਜੂਦ ਸੀ ਅਤੇ ਬੁੱਧ ਦੀ ਮਹਾਨਤਾ ਸੀ ਕਿ ਉਹਨਾਂ ਨੇ ਅਛੂਤਾਂ ਨੂੰ ਵੀ ਆਪਣੇ ਚੇਲਿਆਂ 'ਚ ਸ਼ਾਮਲ ਕਰ ਲਿਆ।

ਮੁੱਦਾ ਭਾਵੇਂ ਜਿੰਨਾਂ ਛੋਟਾ ਹੋਵੇ ਅਤੇ ਭਾਵੇਂ ਜਿੰਨੀ ਆਸਾਨੀ ਨਾਲ ਸਮਝ 'ਚ ਆਉਣ ਵਾਲਾ ਹੋਵੇ, ਉਸ 'ਚ ਬਿਨਾਂ ਕਿਸੇ ਛੋਟ ਤੋਂ ਅਸੰਗਤਾ, ਮੁੱਦੇ ਤੋਂ ਹੱਟ ਕੇ ਗੱਲਾਂ ਅਤੇ ਜ਼ਬਰਦਸਤੀ ਦੇ ਤਰਕ ਭਰੇ ਹੁੰਦੇ ਹਨ। ਉਹ ਤਰਕਾਂ ਨੂੰ ਇਸ ਢੰਗ ਨਾਲ ਰੱਖਦੇ ਹਨ ਕਿ ਉਹਨਾਂ ਦੇ ਅਨੁਸਾਰ ਹੋਣ। ਤਰਕ ਦੇ ਇਸ ਸਿਧਾਂਤ ਦੇ ਇਲਾਵਾ ਕੋਈ ਦੂਜਾ ਸਿਧਾਂਤ ਸਾਨੂੰ ਕਿਤੇ ਨਹੀਂ ਮਿਲਦਾ ਹੈ।

• ਬ੍ਰਹਾਮਣਾਂ ਵਿਰੁੱਧ ਇਹ ਗੰਭੀਰ ਇਲਜ਼ਾਮ ਕਿ ਉਹਨਾਂ ਨੇ ਕਲਯੁੱਗ ਦੇ ਵਕਫ਼ੇ ਨੂੰ ਵਧਾ ਦਿੱਤਾ!

• 'ਮਹਾਂਭਾਰਤ' ਦਾ ਰਚਣਹਾਰ ਇਕ ਜਗ੍ਹਾ ਸੱਚਾ ("ਤੱਥਭਾਸ਼ੀ")

ਹੈ ਅਤੇ ਦੂਜੀ ਜਗ੍ਹਾ ਉਹ ਝੂਠਾ ("ਮਿੱਥਆਭਿਮਾਨੀ") ਹੋ ਜਾਂਦਾ ਹੈ। ਦੋਨੋਂ ਟਿੱਪਣੀਆਂ ਇਕ ਹੀ ਖੋਜ-ਕਾਰਜ 'ਚ ਮਿਲਦੀਆਂ ਹਨ।

• ਅੰਬੇਡਕਰ ਤਰਕ 'ਤੇ ਤਰਕ ਦਿੰਦੇ ਰਹੇ ਕਿ ਗੁਲਾਮੀ ਛੂਆ-ਛੂਤ ਨਾਲੋਂ 'ਬਿਹਤਰ' ਹੈ ਅਤੇ ਅੰਤ 'ਚ ਇਸ ਨਤੀਜੇ 'ਤੇ ਆ ਗਏ ਕਿ ਅਜਿਹਾ ਸੋਚਣਾ 'ਬਹੁਤ ਜਲਦਬਾਜ਼ੀ' ਹੋਵੇਗੀ। ਜਿਵੇਂ ਸ਼ੁਰੂ 'ਚ ਕੀਤਾ ਗਿਆ ਪ੍ਰੇਖਣ ਇਹਨਾਂ ਦਾ ਨਾ ਹੋਵੇ।

• ਜਾਤ ਪ੍ਰਥਾ ਦੇ ਖਾਤਮੇ ਬਾਰੇ ਗੱਲ ਕਰਨ ਦਾ ਕੋਈ ਮਤਲਬ ਨਹੀਂ ਬਣਦਾ। ਇਹ ਉਹਨਾਂ ਦੀ ਸੁਪ੍ਰਸਿੱਧ ਮਹਾਨ ਕਿਰਤ ਹੈ, ਜਾਤ ਵਿਵਸਥਾ ਤਦ ਸਮਾਪਤ ਹੋ ਸਕਦੀ ਹੈ ਜਦ ਬ੍ਰਾਹਮਣ ਇਸ ਨਾਲ ਸਹਿਮਤ ਹੋਣ। ਨਹੀਂ ਤਾਂ ਨਹੀਂ! ਇੱਥੋਂ ਤੱਕ ਕਿ ਛੋਟੀਆਂ ਜਾਤਾਂ ਵੀ ਨਹੀਂ ਬਦਲਣਗੀਆਂ। ਕੁਲ ਮਿਲਾ ਕੇ ਜਾਤ ਵਿਵਸਥਾ ਦਾ ਖਾਤਮਾ ਅਸੰਭਵ ਹੈ। ਇਸ ਕਿਤਾਬ 'ਚ ਉਹਨਾਂ ਨੇ ਜਿਹੜਾ ਕੁਝ ਕਿਹਾ ਉਹ ਇਹੀ ਹੈ। ਇਹ ਸਹੀ ਹੈ ਕਿ ਵਰਤਮਾਨ 'ਚ ਨੀਵੀਂਆਂ ਜਾਤਾਂ ਅਣਜਾਣ ਹਨ। ਪਰ ਕੀ ਇਹ ਅਣਜਾਣਤਾ ਕੋਈ ਅਮਰ ਸੱਚ ਹੈ? ਕੀ ਇਨਾਂ ਲੋਕਾਂ ਦੇ ਬਦਲਾਅ ਦੀ ਕੋਈ ਗੁੰਜਾਇਸ਼ ਨਹੀਂ? ਕੀ ਇਨਾਂ ਲੋਕਾਂ ਲਈ ਕੋਈ 'ਸਿੱਖਿਆ' ਜਾਂ ਕੋਈ 'ਪ੍ਰੋਗ੍ਰਾਮ' ਨਹੀਂ ਹੈ? ਇਸ ਲੇਖ ਨੇ ਨੀਵੀਆਂ ਜਾਤਾਂ ਨੂੰ ਕਿਹੜਾ ਮਾਰਗ ਦਿਖਾਇਆ? ਹੋਰ ਤਾਂ ਹੋਰ, ਉਹਨਾਂ ਨੂੰ ਇਹ ਚੇਤਾਵਨੀ ਦਿੱਤੀ ਕਿ ਉਪਜਾਤੀਆਂ ਨਹੀਂ ਘੁਲਦੀਆਂ-ਮਿਲਦੀਆਂ ਅਤੇ ਉਪਜਾਤੀਆਂ ਦਾ ਆਪਸ 'ਚ ਘੁਲਣਾ-ਮਿਲਣਾ ਖਤਰਨਾਕ ਹੈ!

• ਕਿਰਤ ਵੰਡ ਬਾਰੇ ਕੀ ਕਹਿਣਾ ਹੈ? ਅੰਬੇਡਕਰ ਨੇ ਇਹ ਖੁਦ ਮੰਨਿਆ ਹੈ ਕਿ ਹਿੰਦੂ ਧਰਮ ਕਿਰਤ ਵੰਡ 'ਤੇ ਅਧਾਰਿਤ ਹੈ ਜਿਸ ਤਹਿਤ ਨੀਵੀਂਆਂ ਜਾਤਾਂ ਨੂੰ ਗੰਦੇ ਕੰਮ ਸੌਂਪੇ ਜਾਂਦੇ ਸਨ ਅਤੇ ਉੱਚੀਆਂ ਜਾਤਾਂ ਨੂੰ ਸਵੱਛ ਕੰਮ। ਪਰ ਜੇਕਰ ਇਹੀ ਗੱਲ ਦੂਜੇ ਕਹਿਣ ਕਿ 'ਜਾਤਾਂ ਅਤੇ ਕਿਰਤ ਵੰਡ 'ਚ ਡੂੰਘਾ ਰਿਸ਼ਤਾ ਹੈ' ਤਾਂ ਉਹ ਇਸਨੂੰ ਨਹੀਂ ਮੰਨਦੇ।

• ਉਹਨਾਂ ਨੇ 'ਦਰਜੇਬੰਦੀ' ਜਾਂ ਕਿਰਤੀਆਂ ਦੇ ਵਰਗੀਕਰਨ ਦਾ ਵਰਨਣ 'ਕਿਰਤੀਆਂ ਦੀ ਵੰਡ' ਦੇ ਰੂਪ 'ਚ ਕੀਤਾ ਹੈ। ਉਹਨਾਂ ਦਾ ਤਰਕ ਇਹ ਸੀ ਕਿ ਕਿਰਤੀਆਂ ਦੀ ਅਜਿਹੀ ਵੰਡ ਭਾਰਤ 'ਚ ਹੀ ਹੈ। ਪਰ ਕਿਰਤੀਆਂ ਦੀ 'ਦਰਜੇਬੰਦੀ' ਜਾਂ 'ਵਰਗੀਕਰਨ' ਤਾਂ ਸਾਰੇ ਮੁਲਕਾਂ 'ਚ ਮੌਜੂਦ ਹੈ। ਇਹ ਉਨ੍ਹਾਂ ਮੁਲਕਾਂ 'ਚ ਹੀ ਮੌਜੂਦ ਹੈ ਜਿੱਥੇ ਕੋਈ ਜਾਤ ਨਹੀਂ ਹੈ। ਇਸ ਲਈ, ਅੰਬੇਡਕਰ ਨੇ ਜਿਹੜੀ ਖੋਜ ਕੀਤੀ ਉਸ 'ਚ ਕੁਝ ਵੀ ਨਵਾਂ ਨਹੀਂ ਹੈ!

• ਉਹਨਾਂ ਨੇ ਇਸ ਦਾਅਵੇ ਨਾਲ ਸ਼ੁਰੂ ਕੀਤਾ ਕਿ 'ਆਰਥਿਕ ਲੁੱਟ ਤੋਂ ਸੁਰੱਖਿਆ ਦੇ ਕੁਝ ਉਪਾਅ' ਪ੍ਰਸਤਾਵਿਤ ਕਰਾਂਗੇ, ਪਰ ਅੰਤ 'ਚ ਲੋਟੂ ਹੱਕਾਂ ਅਤੇ ਆਮਦਨ ਦੇ ਲੋਟੂ ਸਰੋਤਾਂ ਨੂੰ ਜਾਰੀ ਰੱਖਣ ਲਈ ਸੁਰੱਖਿਆ ਉਪਾਆਂ ਦਾ ਪ੍ਰਸਤਾਵ ਕੀਤਾ। ਹੋਰ ਤਾਂ ਹੋਰ ਇਹ ਹੱਕ ਅਤੇ ਆਮਦਨ ਪੁਸ਼ਤੈਨੀ ਹਨ ਅਤੇ ਲਗਾਤਾਰ ਰਹਿਣਗੇ, ਜਾਂ ਇਕ ਤੇਲੁਗੂ ਕਹਾਵਤ ਦਾ ਇਸਤੇਮਾਲ ਕਰੀਏ ਤਾਂ ਇਹ ਤਦ ਤਕ ਰਹਿਣਗੇ 'ਜਦੋਂ ਤੱਕ ਚੰਨ ਅਤੇ ਸਿਤਾਰੇ ਰਹਿਣਗੇ'!

• ਮਾਰਕਸਵਾਦ ਪ੍ਰਤੀ ਅੰਬੇਡਕਰ ਦੀ ਨਫ਼ਰਤ ਬਾਰੇ ਗੱਲ ਕਰਨਾ ਜ਼ਰੂਰੀ ਹੈ। ਜਿਹੜਾ ਵਿਅਕਤੀ ਦਲਿਤਾਂ ਦਾ ਨੁੰਮਾਇੰਦਾ ਹੋਵੇ ਉਸ ਲਈ ਮਾਰਕਸਵਾਦ ਇਕ ਪ੍ਰਤਿਰੋਧੀ ਸਿਧਾਂਤ ਕਿਵੇਂ ਬਣ ਗਿਆ? ਅਜਿਹਾ ਇਸ ਲਈ, ਕਿਉਂ ਕਿ ਉਸਦੇ ਵਿਚਾਰ ਦਲਿਤਾਂ ਦੇ ਹਿਤਾਂ ਨਾਲ ਮਜਬੂਤੀ ਨਾਲ ਨਹੀਂ ਬੱਝੇ ਹਨ। ਉਹ ਸਭ ਜਿਸਨੇ ਉਹਨਾਂ ਨੂੰ ਖਿੱਚਿਆ ਉਹ ਸੀ ਪੂੰਜੀਵਾਦੀ ਰਾਹ। ਇਸ ਲਈ ਮਾਰਕਸਵਾਦ ਪ੍ਰਤੀ ਨਫ਼ਰਤ। ਉਹਨਾਂ ਨੇ ਇੱਕਾ-ਦੁੱਕਾ ਕੁਝ ਅਜਿਹੇ ਤਰਕਾਂ ਦੀ ਤਲਾਸ਼ ਕੀਤੀ ਸੀ ਜਿਸ ਨਾਲ ਮਾਰਕਸਵਾਦ ਨੂੰ ਨਕਾਰਿਆ ਜਾ ਸਕੇ। ਇਸ ਲਈ ਉਹਨਾਂ ਨੇ 'ਹਿੰਸਾ' ਅਤੇ 'ਬਲ ਪ੍ਰਯੋਗ' ਦੀ ਖੋਜ ਕੀਤੀ।

ਅੰਬੇਡਕਰ ਦੀਆਂ ਕਿਰਤਾਂ 'ਚ ਅਜਿਹਾ ਕੀ ਬਚ ਜਾਂਦਾ ਹੈ ਜਿਸ ਲਈ ਅਸੀਂ ਇਹ ਕਹਿ ਸਕੀਏ ਕਿ, 'ਇਹ ਇਕ ਵਧੀਆ ਖੋਜ ਹੈ'?

ਅੰਬੇਡਕਰ ਦੇ ਜੀਵੀਨੀਕਾਰਾਂ ਨੇ ਉਹਨਾਂ ਦੀ ਖੋਜ ਦੇ ਹਰੇਕ ਪਹਿਲੂ ਦੀ ਪ੍ਰਸ਼ੰਸਾ ਕੀਤੀ (ਜਾਂ ਇਕ ਤੇਲੁਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ ਉਹਨਾਂ ਨੇ ਅੰਬੇਡਕਰ ਨੂੰ 'ਅਸਮਾਨ 'ਤੇ ਚੜ੍ਹਾ ਦਿੱਤਾ') — ਇਹ ਭਾਵੇਂ ਜਿਨੀਂ ਅਸੰਗਤ ਅਤੇ ਬੇਤਰਤੀਬ ਰਹੀ ਹੋਵੇ। ਅਜਿਹਾ ਇਕ ਵੀ ਦ੍ਰਿਸ਼ਟਾਂਤ ਨਹੀਂ ਮਿਲਦਾ ਜਿੱਥੇ ਉਹਨਾਂ ਨੇ ਕੁਝ ਅਜਿਹੇ ਸਵਾਲ ਨਾ ਉਠਾਏ ਹੋਣ, ਜਿਵੇਂ ਕਿ 'ਇਹ ਕਿਹੋ ਜਿਹਾ ਤਰਕ ਹੈ? ਇਹ ਕਿਹੋ ਜਿਹੀ ਖੋਜ ਹੈ?' ਇੱਥੋਂ ਤੱਕ ਕਿ, 'ਸੂਰਿਆ ਵੰਸ਼' ਅਤੇ 'ਚੰਦਰ ਵੰਸ਼' ਜਿਹੇ ਵਿਸ਼ਲੇਸ਼ਣ 'ਤੇ ਵੀ ਉਹਨਾਂ ਨੇ ਸਵਾਲ ਨਹੀਂ ਕੀਤੇ ਜਿਹਨਾਂ ਨੂੰ ਅੰਬੇਦਕਰ ਨੇ ਇੰਞ ਪੇਸ਼ ਕੀਤਾ ਮੰਨੋ ਇਹ ਵੱਡੇ ਵਿਗਿਆਨਿਕ ਵਿਸ਼ਲੇਸ਼ਣ ਹੋਣ। ਇਹਨਾਂ ਦੇ ਇਸ ਨਿਰੂਪਣ 'ਤੇ ਵੀ ਕੋਈ ਸਵਾਲ ਨਹੀਂ ਕੀਤੇ ਗਏ ਕਿ ਉਪਜਾਤੀਆਂ ਦਾ ਮਿਸ਼ਰਣ 'ਘਾਤਕ' ਹੈ ਅਤੇ ਇਹ ਇਕ 'ਗਲਤ ਉਪਾਅ' ਹੈ! ਜੀਵਨੀਕਾਰਾਂ ਨੇ ਅੰਬੇਡਕਰ ਦੇ ਦਰਜਨਾਂ ਗਲਤ ਨਿਰੂਪਣਾਂ 'ਤੇ ਇਕ ਵੀ ਸਵਾਲ ਨਹੀਂ ਕੀਤਾ।

ਅੰਬੇਡਕਰ 'ਚ ਇੰਨੀਆਂ ਕਿਸਮਾਂ ਦੀਆਂ ਤਰੁੱਟੀਆਂ ਦੇ ਮਿਸ਼ਰਣ ਦੇ ਪਿੱਛੇ ਕਾਰਨ ਇਹੀ ਹੈ ਕਿ ਉਹਨਾਂ ਦੀ ਵਿਚਾਰ ਪ੍ਰਕ੍ਰਿਆ ਮੁੱਖ ਤੌਰ 'ਤੇ ਪੂੰਜੀਵਾਦੀ ਸੀਮਾਵਾਂ 'ਚ ਸੀਮਤ ਹੈ। ਜਿਸਦਾ ਅਰਥ ਇਹ ਹੁੰਦਾ ਹੈ ਕਿ ਉਹਨਾਂ ਨੇ ਹਰ 'ਉੱਪਰੀ ਦਿਖਾਵੇ' ਨੂੰ ਵਡੇਰਾ ਗਿਆਨ ਮੰਨ ਲਿਆ! ਅਜਿਹੇ ਉਪਰੀ ਦਿਖਾਵਿਆਂ ਤੋਂ ਪਰਾਂ ਜਾਕੇ ਉਹਨਾਂ ਨੇ ਕੋਈ ਆਪਣਾ ਤਰਕ ਨਹੀਂ ਵਿਕਸਿਤ ਕੀਤਾ। ਦੋ ਮਿਸਾਲਾਂ ਅੰਬੇਡਕਰ ਦੇ ਇਸ ਇਲਜ਼ਾਮ ਨੂੰ ਸੱਪਸ਼ਟ ਤੌਰ 'ਤੇ ਰੇਖਾਂਕਿਤ ਕਰਦੇ ਹਾਂ।

ਪਹਿਲੀ ਮਿਸਾਲ

"ਪ੍ਰਾਂਜਲ ਭਾਸ਼ਾ ਦਾ ਵਿਕਾਸ ਉਹ ਪਹਿਲੀ ਚੀਜ਼ ਸੀ ਜਿਸ ਨੇ ਮਨੁੱਖੀ ਵਿਕਾਸ ਦੇ ਨਜ਼ਰੀਏ ਨਾਲ ਮਨੁੱਖ ਨੂੰ ਪਸ਼ੂਤਾ ਤੋਂ ਵੱਖ ਕੀਤਾ"(ਭਾਗ 3. ਪੰਨਾ 88)

ਮਨੁੱਖ ਗੱਲ ਕਰਦੇ ਹਨ ਅਤੇ ਪਸ਼ੂ ਗੱਲ ਨਹੀਂ ਕਰਦੇ ਹਨ। ਇਹ ਕੁਝ ਅਜਿਹਾ ਹੈ ਜਿਹੜਾ ਉੱਪਰੀ ਤੌਰ 'ਤੇ 'ਪ੍ਰਤੀਤ ਹੁੰਦਾ ਹੈ'! ਜੇਕਰ ਅਸੀਂ ਸਿਰਫ਼ ਇਸ ਪੱਖ 'ਤੇ ਧਿਆਨ ਦੇਈਏ ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਮੰਨੋ ਭਾਸ਼ਾ ਨਾਲ ਮਨੁੱਖਾਂ ਅਤੇ ਪਸ਼ੂਆਂ 'ਚ ਅੰਤਰ ਕੀਤਾ ਜਾ ਸਕਦਾ ਹੈ। ਪਰ ਜੇਕਰ ਇਸ ਬਿੰਦੂ 'ਤੇ ਨਾ ਰੁਕ ਕੇ ਕੁੱਝ ਪ੍ਰਸੰਗਿਕ ਸਵਾਲ ਕੀਤਾ ਜਾਵੇ ਜਿਵੇਂ, 'ਪਸ਼ੂ ਬਿਨਾਂ ਭਾਸ਼ਾ ਦੇ ਜੀਵਤ ਰਹਿੰਦੇ ਹਨ, ਕੀ ਉਹ ਜਿੰਦਾ ਨਹੀਂ ਰਹਿੰਦੇ?',

'ਮਨੁੱਖਾਂ ਨੂੰ ਭਾਸ਼ਾ ਦੀ ਲੋੜ ਕਿਉਂ ਪਈ ਜਿਸਦੀ ਪਸ਼ੂਆਂ ਨੂੰ ਲੋੜ ਨਹੀਂ ਸੀ ?' ਕਿਸ ਲੋੜ ਦੀ ਵਜਾ ਕਰਕੇ ਭਾਸ਼ਾ ਦਾ ਜਨਮ ਹੋਇਆ ? — ਤਦ ਸਾਨੂੰ ਚੀਜ਼ਾਂ ਨੂੰ ਸਮਝਣ ਦਾ ਰਾਹ ਮਿਲ ਜਾਵੇਗਾ ਜਿਹੜੀਆਂ ਕਿ ਸਤਹੀ ਨਹੀਂ ਪ੍ਰਤੀਤ ਹੋਣਗੀਆਂ।

ਮੁੱਖ ਕਾਰਨ ਜਿਸਨੇ ਕਿ 'ਪਸ਼ੂ ਅਵਸਥਾ' ਨੂੰ 'ਮਨੁੱਖੀ ਅਵਸਥਾ' 'ਚ ਰੂਪਾਂਤਰਿਤ ਕੀਤਾ, ਉਹ ਸੀ, 'ਕਿਰਤ'। ਪਸ਼ੂਆਂ ਨੂੰ ਕੁਦਰਤ 'ਚੋਂ ਜਿਹੜਾ ਕੁਝ ਮਿਲਦਾ ਹੈ ਉਹ ਖਾਂਦੇ ਹਨ ਅਤੇ ਆਪਣੀ ਸਹਿਜ ਪ੍ਰਵਿਰਤੀ ਦੇ ਅਨੁਰੂਪ ਜਿਉਂਦੇ ਰਹਿੰਦੇ ਹਨ। ਪਰ ਮਨੁੱਖਾਂ ਦੇ ਮਾਮਲੇ 'ਚ ਇਹ ਗੱਲ ਨਹੀਂ ਹੈ। ਮਨੁੱਖ ਕੁਦਰਤ 'ਚ ਪਾਈਆਂ ਜਾਣ ਵਾਲੀਆਂ ਚੀਜ਼ਾਂ ਨੂੰ ਰੂਪਾਂਤਰਿਤ ਕਰਦਾ ਹੈ। 'ਮਨੁੱਖੀ ਅਵਸਥਾ' ਪੱਥਰਾਂ ਅਤੇ ਦਰਖਤਾਂ ਦੀਆਂ ਟਾਹਣੀਆਂ ਨੂੰ ਸੰਦ ਦੇ ਰੂਪ 'ਚ ਪ੍ਰਯੋਗ ਕਰਨ ਅਤੇ ਧੁੱਪ ਅਤੇ ਮੀਂਹ ਤੋਂ ਸੁਰੱਖਿਆ ਕਰਨ ਜੇਹੀ ਸਭ ਤੋਂ ਸਰਲ ਕਿਰਤ ਤੋਂ ਸ਼ੁਰੂ ਹੁੰਦੀ ਹੈ। ਇਨਾਂ ਕ੍ਰਿਆ-ਕਲਾਪਾਂ ਦੇ ਉਦੇਸ਼ ਨਾਲ ਅਤੇ ਇਸ ਪ੍ਰਕ੍ਰਿਆ 'ਚ ਅਵਿਕਸਿਤ ਚਿੰਤਨ, ਮੂੰਹ ਤੋਂ ਵੱਖ-ਵੱਖ ਧੁਨੀਆਂ, ਵੱਖ ਵੱਖ ਅਵਾਜਾਂ ਸ਼ੁਰੂ ਹੋਈਆਂ ਅਤੇ ਇਸ ਅਨੁਸਾਰੀ ਮੁਖ, ਦਿਮਾਗ, ਹੱਥ ਅਤੇ ਪੈਰ ਵਿਕਸਿਤ ਹੋਏ ਅਤੇ ਹੌਲੀ-ਹੌਲੀ ਭਾਸ਼ਾ ਦਾ ਵਿਕਾਸ ਹੋਇਆ। ਭਾਸ਼ਾ ਦੀ ਲੋੜ — ਜਿਹੜੀ ਪਸ਼ੂ ਨੂੰ ਨਹੀਂ ਸੀ — ਮਨੁੱਖਾਂ 'ਚ ਵਧੀ ਕਿਉਂਕਿ — 'ਕਿਰਤ ਕਰਨ' ਦੀ ਸ਼ੁਰੂਆਤ ਹੋਈ ਜਿਹੜੀ ਕਿ ਮਨੁੱਖਾਂ ਦਾ ਇਕ ਖਾਸ ਲੱਛਣ ਹੈ।

ਇਹ ਕਹਿਣਾ ਕਿ ਭਾਸ਼ਾ ਦੀ ਵਜਾ ਕਰਕੇ ਮਨੁੱਖਾਂ ਅਤੇ ਪਸ਼ੂਆਂ 'ਚ ਅੰਤਰ ਹੁੰਦਾ ਹੈ, ਇਹ ਚੀਜਾਂ ਨੂੰ ਸਿਰਫ਼ ਸਤਹੀ ਤੌਰ 'ਤੇ ਜਾਨਣ ਵਰਗਾ ਹੈ। ਇਸ ਤਰ੍ਹਾਂ ਦੇ ਨਤੀਜੇ ਕੱਢਣ 'ਚ ਕਿਸੇ ਤਰਕ ਅਤੇ ਬੁੱਧੀ ਦੀ ਲੋੜ ਨਹੀਂ ਹੁੰਦੀ। ਇਹ ਤਾਂ ਸਭ ਨੂੰ ਪਤਾ ਰਹਿੰਦਾ ਹੈ। ਇਹ ਇਕ ਤੱਥ ਹੈ ਕਿ 'ਕਿਰਤ ਕਰਨ ਦੀ ਲੱਖਣਾਇਕਤਾ ਕਰਕੇ ਹੀ ਮਨੁੱਖਾਂ ਨੇ ਭਾਸ਼ਾ ਵਿਕਸਤ ਕੀਤੀ'। ਪਰ ਇਸ ਤੱਥ ਨੂੰ ਸਮਝਣ ਲਈ ਕੁਝ ਚਿੰਤਨ ਦੀ ਲੋੜ ਹੁੰਦੀ ਹੈ। ਜੇਕਰ ਅਸੀਂ ਇਸ ਤੱਥ ਨੂੰ ਸਮਝਣ 'ਚ ਸਮਰੱਥ ਹੋਵਾਂਗੇ ਤਦ ਉਹ ਸਤਹੀ ਗਿਆਨ ਕਿਹਾ ਜਾਵੇਗਾ।

ਚੀਜ਼ਾਂ ਦੀ ਸਤਹੀ ਜਾਣਕਾਰੀ ਅਤੇ ਸਟੀਕ ਜਾਣਕਾਰੀ ਦਰਮਿਆਨ ਫਰਕ ਨੂੰ ਸਮਝਣ ਲਈ ਦੂਜੀ ਮਿਸਾਲ ਦੇਖਦੇ ਹਾਂ। ਪੇਂਡੂ ਲੋਕਾਂ ਦੀ ਆਰਥਿਕ ਹਾਲਤ ਦੀ ਚਰਚਾ ਕਰਦੇ ਸਮੇਂ ਅੰਬੇਡਕਰ ਗਾਂਧੀ ਦੇ ਚਰਖਾ ਕੱਤਣ ਵਾਲੀ ਪ੍ਰਣਾਲੀ ਦਾ ਵਿਰੋਧ ਕਰਦੇ ਹਨ ਅਤੇ 'ਮੁਕਤੀ' ਦੇ ਲਈ 'ਵਡੇਰੇ ਸ਼ਹਿਰੀਕਰਨ' ਦਾ ਮਤਾ ਰੱਖਦੇ ਹਨ। ਇਹ ਦਲੀਲ ਦਿੰਦੇ ਹੋਏ ਕਿ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਉਹ ਪੇਂਡੂ ਅਬਾਦੀ ਨੂੰ ਸ਼ਹਿਰਾਂ 'ਚ ਪਹੁੰਚਾ ਦੇਵੇ, ਅੰਬੇਡਕਰ ਦਾ ਕਹਿਣਾ ਸੀ ਕਿ,

"ਸ਼੍ਰੀ ਮਾਨ! ਇਸ ਹਾਲਤ ਨੂੰ ਧਿਆਨ 'ਚ ਰੱਖਦੇ ਹੋਏ ਮੇਰਾ ਇਹ ਵਿਚਾਰ ਬਣ ਰਿਹਾ ਹੈ— ਇਹ ਗੱਲ ਮੈਂ ਪੂਰੀ ਸੋਚ-ਵਿਚਾਰ ਮਗਰੋਂ ਕਰ ਰਿਹਾ ਹਾਂ — ਕਿ ਇਸ ਸੂਬੇ ਦੀ ਮੁਕਤੀ, ਮੈਂ ਇਹ ਕਹਿ ਸਕਦਾ ਹਾਂ ਕਿ ਕੁੱਲ ਭਾਰਤ ਦੀ ਮੁਕਤੀ, ਇਸ ਗੱਲ 'ਚ ਨਿਹਿਤ ਹੈ ਕਿ ਹੋਰ ਵਧੇਰੇ ਸ਼ਹਿਰੀਕਰਨ ਕੀਤਾ ਜਾਵੇ, ਸਾਡੇ ਕਸਬਿਆਂ ਦਾ ਪੁਨਰਉਦਾਰ ਕੀਤਾ ਜਾਵੇ, ਸਨਅਤਾਂ ਦੀ ਸਥਾਪਨਾਂ ਕੀਤੀ ਜਾਵੇ ਅਤੇ ਜਿਨਾਂ ਸੰਭਵ ਹੋ ਸਕੇ ਪੇਂਡੂ ਅਬਾਦੀ ਨੂੰ ਸ਼ਹਿਰਾਂ 'ਚ ਪਹੁੰਚਾ ਦਿੱਤਾ ਜਾਵੇ। ਪਿੰਡਾਂ 'ਚ ਕੀ ਰੱਖਿਆ ਹੈ ? ਉਂਞ ਵੀ ਸਾਡੇ ਪੇਂਡੂਆਂ ਕੋਲ ਇੰਨੀ ਪੂੰਜੀ ਨਹੀਂ ਹੁੰਦੀ ਕਿ ਉਹ ਖੇਤੀ ਕਾਰਜ ਦਾ ਸੰਚਾਲਨ ਸਰਵ-ਉੱਚ ਢੰਗ ਨਾਲ ਕਰ ਸਕਣ ਜਿਵੇਂ ਕਿ ਹੋਣਾ ਚਾਹੀਦਾ ਹੈ। ਅਬਾਦੀ ਹਰ ਦਹਾਕੇ 'ਚ ਵੱਧ ਰਹੀ ਹੈ ਅਤੇ ਨਵੇਂ ਵੰਸ਼ਜਾਂ ਦੇ ਉਤਪੰਨ ਹੋ ਜਾਣ ਨਾਲ ਭੂਮੀ ਦੀ ਵੰਡ ਹੁੰਦੀ ਜਾ ਰਹੀ ਹੈ। ਹਰ ਜਗ੍ਹਾ ਹਾਲਤ ਇੰਨੀਂ ਖਰਾਬ ਹੈ ਜਿਸਦੀ ਕੋਈ ਕਲਪਨਾ ਨਹੀਂ ਕਰ ਸਕਦਾ। ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨ ਦਾ ਇਕ ਹੀ ਰਾਹ ਹੈ ਕਿ ਚਰਖ਼ੇ ਜਿਹੇ ਬਾਬੇ ਆਦਮ ਦੇ ਜ਼ਮਾਨੇ ਦੀਆਂ ਮਸ਼ੀਨਾਂ 'ਤੇ ਨਿਰਭਰ ਨਾ ਰਿਹਾ ਜਾਵੇ ਜਾਂ ਉਹਨਾਂ ਨੂੰ ਕਪੜਾ ਬੁਣਨ ਲਈ ਮਜ਼ਬੂਰ ਨਾ ਕੀਤਾ ਜਾਵੇ ਜਿਸ ਨੂੰ ਕਿ ਉਹ ਮੁਕਾਬਲੇ ਵਾਲੀ ਮੰਡੀ 'ਚ ਵੇਚ ਨਾ ਸਕਣ। ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦਾ ਇਹ ਰਾਹ ਨਹੀਂ ਹੈ ਕਿ ਸ਼ਹਿਰਾਂ 'ਚ ਸਨਅਤਾਂ ਅਤੇ ਸੇਵਾਵਾਂ ਦੇ ਦੂਸਰੇ ਆਮਦਨ ਸ੍ਰੋਤਾਂ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਉਹਨਾਂ ਨੂੰ ਪਿੰਡਾਂ 'ਚ ਜਾਣ ਲਈ ਮਜਬੂਰ ਕਰ ਦਿੱਤਾ ਜਾਵੇ। ਇਸਦਾ ਰਾਹ ਦੂਸਰੀ ਦਿਸ਼ਾ 'ਚ ਹੈ, ਯਾਣੀ ਕਿ, ਜਿੱਥੇ ਤੱਕ ਹੋ ਸਕੇ ਵੱਧ ਤੋਂ ਵੱਧ ਲੋਕਾਂ ਨੂੰ ਪਿੰਡਾਂ ਤੋਂ ਸ਼ਹਿਰਾਂ 'ਚ ਲਿਆਇਆ ਜਾਵੇ, ਉਹਨਾਂ ਨੂੰ ਸਨਅਤਾਂ 'ਚ ਰੁਜ਼ਗਾਰ ਦਿੱਤਾ ਜਾਵੇ ਅਤੇ ਆਰਥਿਕ ਜੀਵਨ ਦੇ ਬਿਹਤਰ ਸਾਧਨ ਸਥਾਪਿਤ ਕੀਤੇ ਜਾਣ। ਇਹੀ ਇਕ ਰਾਹ ਹੈ" (ਭਾਗ-2, ਪੰਨਾ 32-33)

ਇਹ ਸੱਚ ਹੈ ਕਿ ਪੇਂਡੂਆਂ ਦੇ ਗੁਜ਼ਾਰੇ ਦੇ ਸਾਧਨ ਸਿਮਟਦੇ ਜਾ ਰਹੇ ਹਨ। ਇਹ ਵੀ ਸੱਚ ਹੈ ਕਿ ਜੇਕਰ ਉਹ ਪਿੰਡਾਂ ਤੋਂ ਸ਼ਹਿਰਾਂ 'ਚ ਜਾਣਗੇ ਤਾਂ ਉਹਨਾਂ ਨੂੰ ਗੁਜ਼ਾਰੇ ਦੇ ਕੁੱਝ ਸਾਧਨ ਮਿਲ ਸਕਦੇ ਹਨ। ਇਹ ਉੱਪਰੀ ਤੱਥ ਹੈ। ਇਹਨਾਂ ਬਾਹਰੀ ਚੀਜਾਂ ਨੂੰ ਦੇਖਦੇ ਹੋਏ ਜੇਕਰ ਕਿਸੇ ਦਾ ਸੰਕਲਪ ਇਹ ਬਣ ਜਾਂਦਾ ਹੈ ਕਿ ਦੇਸ਼ ਦੀ ਮੁਕਤੀ ਇਸ ਗੱਲ 'ਚ ਨਿਹਿਤ ਹੈ ਕਿ ਪੇਂਡੂ ਵਸੋਂ ਸ਼ਹਿਰਾਂ 'ਚ ਵਸ ਜਾਵੇ, ਤਦ ਤਾਂ ਉਹੀ ਗੱਲ ਹੋਈ ਕਿ ਦਿਖਾਓ ਤੱਥਾਂ ਨੂੰ ਹੀ ਅਸਲ ਹੱਲ ਸਮਝ ਲਿਆ ਜਾਂਦਾ ਹੈ।

ਪਿੰਡਾਂ 'ਚ ਲੋਕਾਂ ਕੋਲ ਕਾਫ਼ੀ ਭੂਮੀ ਕਿਉਂ ਨਹੀਂ ਹੈ ? ਖੇਤੀ-ਕਾਰਜ ਲਈ ਸਰੋਤ ਕਿਉਂ ਨਹੀਂ ਉਪਲਬਧ ਹਨ ? ਸ਼ਹਿਰਾਂ 'ਚ ਸਨਅਤ ਵਧਾਉਣ ਅਤੇ ਪੇਂਡੂਆਂ ਨੂੰ ਸ਼ਹਿਰਾਂ 'ਚ ਲਿਆਉਣ ਦੀ ਬਜਾਏ ਇਨਾਂ ਸਨਅਤਾਂ ਨੂੰ ਸਰਕਾਰ ਪਿੰਡਾਂ 'ਚ ਕਿਉਂ ਨਹੀਂ ਸਥਾਪਿਤ ਕਰ ਸਕਦੀ ਹੈ ? ਸਰਕਾਰ ਪਿੰਡਾਂ ਦਾ ਵੀ ਵਿਕਾਸ ਕਿਉਂ ਨਹੀਂ ਕਰ ਸਕਦੀ ਹੈ ? ਅੰਬੇਡਕਰ ਮੂਹਰੇ ਅਜਿਹਾ ਕੋਈ ਸਵਾਲ ਨਹੀਂ ਸੀ। ਉਹਨਾਂ ਅਨੁਸਾਰ ਸਾਰੀਆਂ ਸਨਅਤਾਂ ਸ਼ਹਿਰਾਂ 'ਚ ਹੋਣੀਆਂ ਚਾਹੀਦੀਆਂ ਹਨ। ਸਾਰੀ ਵਸੋਂ ਸ਼ਹਿਰਾਂ 'ਚ ਰਹਿਣੀ ਚਾਹੀਦੀ ਹੈ। ਜੇਕਰ ਅਜਿਹਾ ਹੋਵੇਗਾ ਤਾਂ ਲੋਕਾਂ ਦੀ ਆਰਥਿਕ ਹਾਲਤ ਸੁਧਰ ਜਾਵੇਗੀ। ਇਹੀ ਹੈ ਇੱਕੋ ਇੱਕ 'ਮੁਕਤੀ'!

ਪਰ ਸਹੀ ਹੱਲ ਉਹ ਹੈ ਜਿਹੜਾ 'ਦੇਸ਼-ਪਰਦੇਸ਼' ਦਾ ਫਰਕ (ਪਿੰਡਾਂ ਅਤੇ ਸ਼ਹਿਰਾਂ ਦੀ ਵਿਰੋਧਤਾਈ) ਮਿਟਾ ਦੇਵੇ। ਅਜਿਹਾ ਨਹੀਂ ਹੋਣਾ ਚਾਹੀਦਾ ਕਿ ਇਕ ਖੇਤਰ 'ਚ ਸੁਖ-ਸੁਵਿਧਾ ਘੱਟ ਹੋਵੇ ਜਦੋਂ ਕਿ ਦੂਜੇ 'ਚ ਵੱਧ। ਵਸੋਂ ਨੂੰ ਪੂਰੇ ਭੂ-ਖੇਤਰ 'ਚ ਫੈਲ ਜਾਣਾ ਚਾਹੀਦਾ ਹੈ ਜਿੱਥੇ ਕਿਤੇ ਵੀ ਰਹਿਣ ਲਾਇਕ ਹੋਵੇ। ਖੇਤੀ ਅਤੇ

ਸਨਅਤ ਸਾਰੇ ਖੇਤਰਾਂ 'ਚ ਫੈਲਿਆ ਰਹਿਣਾ ਚਾਹੀਦਾ ਹੈ। ਇਕ ਅਜਿਹੀ ਕਿਰਤ ਵੰਡ ਹੋਣੀ ਚਾਹੀਦੀ ਹੈ ਜਿਸ 'ਚ ਸਾਰੇ ਲੋਕ ਖੇਤੀ ਅਤੇ ਸਨਅਤ ਦੋਨਾਂ ਤਰ੍ਹਾਂ ਦੀ ਕਿਰਤ ਕਰ ਸਕਣ। ਜੇਕਰ ਬਰਾਬਰੀ ਦੇ ਇਸ ਨਜ਼ਰੀਏ ਨਾਲ ਪ੍ਰਬੰਧ ਕੀਤਾ ਜਾਵੇਗਾ ਕਿ 'ਸਾਨੂੰ ਸਾਰੇ ਖੇਤਰਾਂ ਨੂੰ ਵਿਕਸਿਤ ਕਰਨਾ ਹੈ' ਤਦ ਇਸ ਤਰਾਂ ਦੇ ਫਰਕ ਮਿਟ ਜਾਣਗੇ ਕਿ 'ਇਹ ਪਿੰਡ ਹੈ' ਅਤੇ 'ਇਹ ਸ਼ਹਿਰ ਹੈ'। ਇਹ ਮਾਰਕਸਵਾਦੀ ਵਿਚਾਰ ਹੈ।

ਜਦੋਂ ਕਿ ਅੰਬੇਡਕਰ ਅਨੁਸਾਰ ਸਰਕਾਰ ਨੂੰ 'ਸ਼ਹਿਰੀਕਰਨ' ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਬਰਾਬਰੀ ਦੇ ਨਜ਼ਰੀਏ ਨਾਲ ਸਹੀ ਹੱਲ ਇਹ ਹੈ ਕਿ ਸਾਨੂੰ ਸ਼ਹਿਰੀਕਰਨ ਨੂੰ 'ਸੀਮਤ' ਕਰਨਾ ਪਏਗਾ। ਦੋਨੋਂ ਬਿਲਕੁਲ ਵਿਰੋਧੀ ਸਿਧਾਂਤ ਹਨ।

ਇਸ ਤਰਾਂ ਹਰ ਮੋੜ 'ਤੇ ਅਸੀਂ ਅੰਬੇਡਕਰ ਦੀ ਧਾਰਨਾ ਨੂੰ ਅਸੰਗਤ ਦੇਖਦੇ ਹਾਂ।

ਇੱਥੇ ਸਾਨੂੰ 'ਰਿਜ਼ਰਵੇਸ਼ਨ' ਦੇ ਸਵਾਲ ਨੂੰ ਚੇਤੇ ਕਰਨਾ ਹੋਵੇਗਾ।

ਭਾਵੇਂ 50 ਸਾਲਾਂ ਨਾਲ ਰਿਜ਼ਰਵੇਸ਼ਨ ਹੋਂਦ 'ਚ ਹੈ ਪਰ ਸਿੱਖਿਆ ਛੋਟੀਆਂ ਜਾਤਾਂ ਦੀ ਜ਼ਿਆਦਾਤਰ ਵਸੋਂ ਦੀ ਪਹੁੰਚ ਤੋਂ ਬਾਹਰ ਹੈ। ਜਿਸਦੀ ਭਾਵ ਇਹ ਹੈ ਕਿ ਰਿਜ਼ਰਵੇਸ਼ਨ ਨਾਲ ਨੀਵੀਆਂ ਜਾਤਾਂ ਦੇ ਸਾਰੇ ਲੋਕਾਂ ਨੂੰ ਸਿੱਖਿਅਤ ਨਹੀਂ ਕੀਤਾ ਜਾ ਸਕਦਾ।

ਇਹ ਵੀ ਕਿ, ਰਿਜ਼ਰਵੇਸ਼ਨ ਦਾ ਪ੍ਰਬੰਧ ਅਸਥਾਈ ਤੌਰ 'ਤੇ ਹੈ ਜਿਹੜਾ ਕਿ ਇਕ ਵਿਸ਼ੇਸ਼ ਵਕਫ਼ੇ ਤਕ ਚਲੇਗਾ ਅਤੇ ਇਹ ਸਥਾਈ ਨਹੀਂ ਹੈ।

ਠੀਕ ਹੈ, ਪਰ ਜੇਕਰ ਸਰਕਾਰ ਰਾਹੀਂ ਰਿਜ਼ਰਵੇਸ਼ਨ ਨੂੰ ਸਥਾਈ ਕਰ ਦਿੱਤਾ ਜਾਵੇ ਤਾਂ ਕੀ ਇਸ ਨਾਲ ਦਲਿਤ ਸਵਾਲ ਹਲ ਹੋ ਜਾਵੇਗਾ ? ਰਿਜ਼ਰਵੇਸ਼ਨ ਨੂੰ ਸਥਾਈ ਬਣਾਉਣ ਦਾ ਕੀ ਅਰਥ ਹੈ ? ਕਿਉਂਕਿ ਰਿਜ਼ਰਵੇਸ਼ਨ ਜਾਤ ਦੇ ਅਧਾਰ 'ਤੇ ਹੁੰਦੀ ਹੈ, ਤਾਂ ਰਿਜ਼ਰਵੇਸ਼ਨ ਦੀ ਨਿਰੰਤਰਤਾ ਜਾਤਾਂ ਦੀ ਨਿਰੰਤਰਤਾ ਨੂੰ ਪ੍ਰਗਟ ਕਰੇਗੀ। ਇਹ ਕਹਿਣਾ ਕਿ, 'ਰਿਜ਼ਰਵੇਸ਼ਨ ਸਥਾਈ ਹੋਣੀ ਚਾਹੀਦੀ ਹੈ।' ਇਹ ਪ੍ਰਗਟ ਕਰਦਾ ਹੈ ਕਿ 'ਅਸੀਂ ਆਪਣੀਆਂ ਛੋਟੀਆਂ ਜਾਤਾਂ ਦੀ ਹੋਂਦ ਸਥਾਈ ਰੂਪ ਨਾਲ ਚਾਹੁੰਦੇ ਹਾਂ। ਅਸੀਂ ਸਦਾ ਨੀਵੀਂ ਜਾਤ ਦੇ ਬਣੇ ਰਹਾਂਗੇ'। ਇਸਦਾ ਅਰਥ ਇਹ ਹੋਵੇਗਾ ਕਿ ਰਿਜ਼ਰਵੇਸ਼ਨ ਦੀ ਨਿਰੰਤਰਤਾ ਛੋਟੀਆਂ ਜਾਤਾਂ ਨੂੰ ਨੁਕਸਾਨ ਪਹੁੰਚਾਏਗੀ।

ਜੇਕਰ ਕੁਝ ਸਮੇਂ ਮਗਰੋਂ ਰਿਜ਼ਰਵੇਸ਼ਨ-ਪ੍ਰਬੰਧ ਖਤਮ ਕਰ ਦਿੱਤਾ ਜਾਵੇ ਤਾਂ ਨੀਵੀਂਆਂ ਜਾਤਾਂ ਦੀ ਕੀ ਹਾਲਤ ਹੋਵੇਗੀ ? ਤਦ ਤਕ, ਉਹਨਾਂ ਨੀਵੀਂਆਂ ਜਾਤਾਂ ਦਾ ਕੁੱਝ ਹਿਸਾ ਰਿਜ਼ਰਵੇਸ਼ਨ-ਪ੍ਰਬੰਧ ਰਾਹੀਂ ਉੱਚ ਸਿੱਖਿਆ ਅਤੇ ਮਾਨਸਿਕ ਕਿਰਤ 'ਚ ਪ੍ਰਵੇਸ਼ ਕਰ ਚੁੱਕਾ ਹੋਵੇਗਾ। ਉਹਨਾਂ ਦੀ ਆਰਥਿਕ ਹਾਲਤ ਕੁਝ ਹੱਦ ਤਕ ਸੁਧਰ ਚੁੱਕੀ ਹੋਵੇਗੀ। ਪਰ ਉਹਨਾਂ ਨੀਵੀਂਆਂ ਜਾਤਾਂ ਦੀ ਜਿਆਦਾਤਰ ਵਸੋਂ 'ਭੀਸ਼ਣ ਕੰਗਾਲੀ' 'ਚ ਰਹਿੰਦੀ ਆਈ ਹੈ ਅਤੇ ਸਭ ਤੋਂ ਹੇਠਲੇ ਦਰਜੇ ਦੀ ਸਰੀਰਕ ਕਿਰਤ ਨਾਲ ਬੱਝੀ ਰਹੀ ਹੈ। ਇਸ ਬਹੁਗਿਣਤੀ ਵਸੋਂ ਲਈ ਰਿਜ਼ਰਵੇਸ਼ਨ ਪ੍ਰਬੰਧ ਦਾ ਬਣਿਆ ਰਹਿਣਾ ਅਤੇ ਇਸਨੂੰ ਖਤਮ ਕਰਨਾ ਇੱਕੋ ਹੀ ਗੱਲ ਹੈ। ਸਮੇਂ ਦੇ ਕਿਸੇ ਵੀ ਦੌਰ 'ਚ ਬਹੁਗਿਣਤੀ ਵਸੋਂ ਲਈ ਰਿਜ਼ਰਵੇਸ਼ਨ ਪ੍ਰਬੰਧ ਕਿਸੇ ਕੰਮ ਦਾ ਨਹੀਂ। ਇਸਦਾ ਅਰਥ ਇਹ ਹੁੰਦਾ ਹੈ ਕਿ ਜੇਕਰ ਥੋੜੇ ਜਿਹੇ ਲੋਕਾਂ ਦੀ ਨਹੀਂ ਸਗੋਂ ਨੀਵੀਂਆਂ ਜਾਤਾਂ ਦੇ ਸਾਰੇ ਲੋਕਾਂ ਦੀ ਪ੍ਰਗਤੀ ਚਾਹੀਦੀ ਹੈ ਤਾਂ ਸਾਨੂੰ 'ਰਿਜ਼ਰਵੇਸ਼ਨ-ਪ੍ਰਬੰਧ ਦੀ ਲਗਾਤਾਰਤਾ' 'ਤੇ ਟੇਕ ਨਹੀਂ ਰੱਖਣੀ ਚਾਹੀਦੀ ਸਗੋਂ ਉਸ ਸਿਧਾਂਤ 'ਤੇ ਟੇਕ ਰੱਖਣੀ ਚਾਹੀਦੀ ਹੈ ਜਿਹੜਾ ਉਹਨਾਂ ਨੂੰ ਕਿਰਤ ਦੀ ਲੁੱਟ ਤੋਂ ਮੁਕਤ ਕਰੇ।

ਇਸਨੂੰ ਧਿਆਨ 'ਚ ਰੱਖਦੇ ਹੋਏ ਜਾਤ-ਪ੍ਰਬੰਧ ਖਤਮ ਕਰਨ ਲਈ ਕੀ ਹੋਣਾ ਚਾਹੀਦਾ ਹੈ ? ਸਭ ਲੋਕ ਇਹ ਕਹਿ ਸਕਦੇ ਹਨ ਕਿ 'ਅੰਤਰ-ਜਾਤੀ ਵਿਆਹ ਹੋਣੇ ਚਾਹੀਦੇ ਹਨ! ਜੇਕਰ ਅੰਤਰ-ਜਾਤੀ ਵਿਆਹ ਹੋਣ ਲੱਗਣਗੇ ਤਾਂ ਹੋਰ ਹਾਲਤਾਂ ਕਿਵੇਂ ਬਦਲਣਗੀਆਂ ? ਨੀਵੀਂਆਂ ਜਾਤਾਂ ਦੀ ਆਰਥਕ ਹਾਲਤ 'ਚ ਸੁਧਾਰ ਹੋਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਹੋਵੇਗਾ ਅਤੇ ਜੇਕਰ ਸਾਰੀਆਂ ਨੀਵੀਂਆਂ ਜਾਤਾਂ ਪਹਿਲਾਂ ਦੀ ਹੀ ਤਰ੍ਹਾਂ ਗਰੀਬੀ 'ਚ ਬਣੀਆਂ ਰਹਿਣ, ਤਾਂ ਉੱਚ ਜਾਤਾਂ ਅਤੇ ਨੀਵੀਂਆਂ ਜਾਤਾਂ ਦੇ ਨੌਜਵਾਨ ਅਤੇ ਮੁਟਿਆਰਾਂ 'ਚ ਵਿਆਹ ਨਹੀਂ ਹੋ ਸਕਣਗੇ। ਅਰਥਾਤ ਜਾਤ ਪ੍ਰਬੰਧ ਖਤਮ ਕਰਨ ਲਈ ਸਾਨੂੰ ਕਿਰਤ ਦੀ ਲੁੱਟ ਵਾਲੇ ਸਿਧਾਂਤ 'ਤੇ ਟੇਕ ਰੱਖਣੀ ਹੋਵੇਗੀ।

ਭਾਵੇਂ ਜਿਸ ਵੀ ਨਜ਼ਰੀਏ ਨਾਲ ਦੇਖਿਆ ਜਾਵੇ, ਦਲਿਤਾਂ ਦੀ ਸਮੱਸਿਆ ਹੱਲ ਕਰਨ ਲਈ ਕਿਰਤ ਦੀ ਲੁੱਟ ਤੋਂ ਮੁਕਤੀ ਦੇ ਇਲਾਵਾ ਅਸ਼ਟਾਂਗ ਮਾਰਗ ਜਿਹਾ ਕੋਈ ਦੂਜਾ ਨੁਸਖਾ ਜਾਂ ਹੱਥ ਕੰਡਾ ਪ੍ਰਭਾਵੀ ਨਹੀਂ ਹੋਵੇਗਾ।

ਪਰ ਅੰਬੇਡਕਰ ਨੇ ਦਲਿਤਾਂ ਨੂੰ ਸਦਾ 'ਕਿਸੇ ਵਿਸ਼ੇਸ਼ ਜਾਤ ਨਾਲ ਸੰਬਧਿਤ ਲੋਕਾਂ ਦੇ ਰੂਪ 'ਚ' ਵੇਖਿਆ ਹੈ ਅਤੇ ਉਹਨਾਂ ਨੂੰ ਕਿਰਤੀ ਨਹੀਂ ਮੰਨਿਆ ਅਤੇ ਇਸ ਨਜ਼ਰੀਏ ਨਾਲ ਹੱਲ ਨਹੀਂ ਸੁਝਾਇਆ ਹੈ। ਉਹਨਾਂ ਨੇ ਮਾਰਕਸਵਾਦ ਪ੍ਰਤੀ ਹਾਂ-ਪੱਖੀ ਰੁਖ਼ ਬਿਲਕੁਲ ਨਹੀਂ ਅਪਣਾਇਆ (ਮਾਰਕਸਵਾਦ, ਅਰਥਾਤ ਉਹ ਸਿਧਾਂਤ ਜਿਹੜਾ ਕਿਰਤ ਦੀ ਲੁੱਟ ਦੀ ਵਿਆਖਿਆ ਕਰਦਾ ਹੈ)। ਉਹਨਾਂ ਨੇ ਉਹਨਾਂ ਨੂੰ ਵਾਰੀ-ਵਾਰੀ ਅਤੇ ਵਾਰੀ-ਵਾਰੀ ਇਹੀ ਚਿਤਾਵਨੀ ਦਿੱਤੀ ਕਿ ਇਸ ਸਿਧਾਂਤ ਦਾ ਪਾਲਣ ਨਾ ਕਰੋ ਅਤੇ ਇਸ ਤਰ੍ਹਾਂ ਉਹਨਾਂ ਨੇ ਗਿਆਨ ਦਾ ਰਾਹ ਹੀ ਬੰਦ ਕਰ ਦਿੱਤਾ। ਉਹ ਭੀਸ਼ਣ ਨੁਕਸਾਨ ਹੈ ਜਿਹੜਾ ਅੰਬੇਡਕਰ ਨੇ ਦਲਿਤਾਂ ਦਾ ਕੀਤਾ! ਦਲਿਤਾਂ ਨੂੰ ਜਮਾਤੀ ਸੰਘਰਸ਼ ਦਾ ਰਾਹ ਨਾ ਵਿਖਾ ਕੇ ਉਹਨਾਂ ਨੂੰ ਰਿਜ਼ਰਵੇਸ਼ਨ ਦਿਲਾਸਾ ਦੇਣ ਦਾ ਅਰਥ ਇਹ ਹੈ ਕਿ, ਜਿਵੇਂ ਕਿ ਤੇਲੁਗੂ ਕਹਾਵਤ ਹੈ, 'ਟੰਗਾਂ ਤੋੜ ਕੇ ਡੰਡਾ ਫੜਾ ਦੇਣਾ'। ਇਹ ਉਵੇਂ ਹੀ ਹੈ ਜਿਵੇਂ ਕਿ ਕਿਸੇ ਵਿਅਕਤੀ ਦੀ ਆਪਣੇ ਦਮ 'ਤੇ ਚਲਣ ਦੀ ਸਮਰਥਾ ਖਤਮ ਕਰਕੇ ਉਸਨੂੰ ਅਪਾਹਜ ਬਣਾ ਦਿਤਾ ਜਾਵੇ।

ਕੁਝ ਸਿੱਖਿਅਤ ਦਲਿਤ ਅੰਬੇਡਕਰ ਦੇ ਸੁਰ 'ਚ ਸੁਰ ਮਿਲਾ ਕੇ ਬੋਲਦੇ ਹਨ, 'ਅੰਬੇਡਕਰ ਨੇ ਮਾਰਕਸ ਦੇ ਮੁਕਾਬਲੇ ਵਧੇਰੇ ਵਧੀਆ ਪ੍ਰੋਗਰਾਮ ਦਿੱਤਾ ਹੈ'। ਪਰ ਕੁਝ ਚਤੁਰ ਸਿੱਖਿਅਤ ਦਲਿਤ ਇਹ ਕਹਿੰਦੇ ਹਨ ਕਿ, 'ਦਲਿਤਾਂ ਨੂੰ ਰਿਜ਼ਰਵੇਸ਼ਨ ਦੇ ਨਾਲ-ਨਾਲ ਮਾਰਕਸਵਾਦ ਦੀ ਵੀ ਜ਼ਰੂਰਤ ਹੈ। ਅਸੀਂ ਇਸ ਤੋਂ ਇਨਕਾਰ ਨਹੀਂ

ਕਰ ਸਕਦੇ'। ਸ਼ਾਇਦ ਉਹਨਾਂ ਦੀ ਸੋਚ ਇਹ ਰਹਿੰਦੀ ਹੈ ਕਿ 'ਬੇਵਜ੍ਹਾ ਤਕਰਾਰ ਕਿਉਂ ਕੀਤੀ ਜਾਵੇ। ਇਹ ਚੰਗਾ ਹੈ ਕਿ ਮਾਰਕਸਵਾਦ ਨੂੰ ਵੀ ਅਪਨਾ ਲਿਆ ਜਾਵੇ!' ਪਰ ਸਾਨੂੰ ਇਹ ਜਾਣਕਾਰੀ ਨਹੀਂ ਹੈ ਕਿ ਅਜਿਹੇ ਦਲਿਤਾਂ ਨੂੰ ਇਹ ਪਤਾ ਹੈ ਜਾਂ ਨਹੀਂ ਕਿ ਅੰਬੇਡਕਰ ਨੇ ਇਸਦੀ ਲੋੜ ਮਹਿਸੂਸ ਨਹੀਂ ਕੀਤੀ ਸੀ।

ਜੇਕਰ ਸਿੱਖਿਅਤ ਦਲਿਤ ਇਸ ਤੱਥ ਤੋਂ ਅਣਜਾਣ ਨਾ ਹੋਣ ਕਿ ਅੰਬੇਡਕਰ ਨੇ ਮਾਰਕਸਵਾਦ ਦਾ ਪ੍ਰਚੰਡ ਵਿਰੋਧ ਕੀਤਾ ਸੀ, ਤਦ ਤਾਂ ਸਭ ਤੋਂ ਪਹਿਲਾਂ ਉਹਨਾਂ ਨੂੰ ਇਸ ਨੂੰ ਜਾਣ ਲੈਣਾ ਪਏਗਾ। ਜੇਕਰ ਉਹ ਅੰਬੇਡਕਰ ਦੇ ਵਿਚਾਰਾਂ ਨੂੰ ਜਾਨਣ ਮਗਰੋਂ ਮਾਰਕਸਵਾਦ ਨੂੰ ਸਵੀਕਾਰ ਕਰਦੇ ਹਨ, ਤਦ ਉਹਨਾਂ ਨੂੰ ਪਹਿਲਾਂ ਮਾਰਕਸਵਾਦ ਪ੍ਰਤੀ ਅੰਬੇਡਕਰ ਦੀ ਨਾਂ-ਪੱਖੀ ਸੋਚ ਦੀ ਅਲੋਚਨਾ ਕਰਨੀ ਹੋਵੇਗੀ। ਉਹਨਾਂ ਨੂੰ ਇਹ ਸਾਫ਼-ਸਾਫ਼ ਐਲਾਨ ਕਰਨਾ ਹੋਵੇਗਾ ਕਿ ਅੰਬੇਡਕਰ ਦੀ ਮਾਰਕਸਵਾਦ ਬਾਰੇ ਸਮਝ ਗਲਤ ਹੈ। ਜੇਕਰ ਉਹ ਅਜਿਹੇ ਐਲਾਨ ਨਹੀਂ ਕਰਦੇ ਹਨ ਅਤੇ ਇਸਨੂੰ ਟਾਲ ਜਾਂਦੇ ਹਨ ਅਤੇ ਇਸੇ ਬਿਆਨ ਨਾਲ ਸਤੁੰਸ਼ਟ ਰਹਿੰਦੇ ਹਨ ਕਿ 'ਦਲਿਤਾਂ ਨੂੰ ਮਾਰਕਸਵਾਦ ਦੀ ਲੋੜ ਹੈ', ਤਾਂ ਇਸਦਾ ਅਰਥ ਇਹ ਹੋਵੇਗਾ ਕਿ ਉਹ, ਉਹ ਗੱਲ ਨਹੀਂ ਕਹਿੰਦੇ ਹਨ ਜਿਸ 'ਚ ਉਹਨਾਂ ਦਾ ਵਿਸ਼ਵਾਸ਼ ਰਹਿੰਦਾ ਹੈ।

ਪੜ੍ਹੇ-ਲਿਖੇ ਦਲਿਤਾਂ ਦੀ ਇਕ ਦੂਜੀ ਕੈਟੇਗਰੀ ਇਹ ਕਹਿੰਦੀ ਹੈ ਕਿ, 'ਮਾਰਕਸਵਾਦੀ ਤਾਂ ਸਦਾ ਤੋਤਾ ਰਟਣ ਵਾਲੀ ਬੋਲੀ ਬੋਲਦੇ ਹਨ, ਜਿਵੇਂ ਕਿ 'ਕਿਰਤ ਦੀ ਲੁੱਟ' ਅਤੇ 'ਵਾਫ਼ਰ ਕਦਰ' ਆਦਿ। ਜੇਕਰ ਕਿਰਤ ਦੀ ਲੁੱਟ ਬਾਰੇ ਗੱਲ ਕਰਨਾ ਤੋਤਾ ਰਟਣ ਵਾਲੀ ਭਾਸ਼ਾ ਹੈ ਤਾਂ ਕੀ ਉਹਨਾਂ ਦਾ 'ਜਾਤ'! 'ਜਾਤ'! 'ਜਾਤ'! ਚੀਕਣਾ ਤੋਤਾ ਰਟਣ ਵਾਲੀ ਭਾਸ਼ਾ ਨਹੀਂ ਹੈ? ਅਜਿਹੇ ਲੋਕ ਸਮਾਜ ਨੂੰ ਭਲਾ ਕੀ ਸਮਝ ਸਕਣਗੇ? ਜਾਤ ਬਾਰੇ ਵੀ ਇਹ ਲੋਕ ਵੀ ਕੀ ਸਮਝ ਸਕਣਗੇ?

ਜੇਕਰ ਕਿਸੇ ਵਿਅਕਤੀ ਕੋਲ ਕਿਰਤ ਸੰਬਧਾਂ ਦੀ ਠੀਕ ਜਾਣਕਾਰੀ ਨਹੀਂ ਹੈ ਤਾਂ ਉਹ ਭਾਵੇਂ ਕਿੰਨਾ ਹੀ ਭਲਾ ਕਿਉਂ ਨਾ ਹੋਵੇ, ਉਹ ਨਾ ਤਾਂ ਆਪਣੀ ਹਾਲਤ ਨੂੰ ਸਮਝ ਸਕਦਾ ਹੈ ਅਤੇ ਨਾ ਹੀ ਆਪਣੇ ਮਿੱਤਰ-ਰਿਸ਼ਤੇਦਾਰਾਂ ਦੀ ਹਾਲਤ ਨੂੰ ਸਮਝ ਸਕਦਾ ਹੈ।

ਜਿਹੜੇ ਦਲਿਤ ਜਮਾਤਾਂ ਬਾਰੇ ਕੁਝ ਵੀ ਨਹੀਂ ਜਾਣਦੇ ਹਨ ਅਤੇ ਜਿਹੜੇ ਉੱਚ ਸਿੱਖਿਆ ਹਾਸਲ ਕਰਨ 'ਚ ਸਮਰੱਥ ਹਨ, ਉੱਚੀਆਂ ਨੌਕਰੀਆਂ ਲੈਣ 'ਚ ਕਾਮਯਾਬ ਹੋ ਜਾਂਦੇ ਹਨ ਅਤੇ ਸੰਪਤੀ ਇੱਕਠੀ ਕਰ ਲੈਂਦੇ ਹਨ ਉਹਨਾਂ ਲੋਕਾਂ ਦਾ ਅਣਗਿਣਤ ਗਰੀਬਾਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਹੈ। ਜਿਸ ਤਰ੍ਹਾਂ ਨਾਲ ਉੱਚ ਜਾਤਾਂ ਦੇ ਸੰਪਤੀਸ਼ਾਲੀ ਲੋਕਾਂ ਦਾ ਆਪਣੀ ਬਿਰਾਦਰੀ ਦੇ ਗਰੀਬਾਂ ਨਾਲ ਕੋਈ ਸਰੋਕਾਰ ਨਹੀਂ ਰਹਿੰਦਾ ਹੈ, ਠੀਕ ਉਂਵ ਹੀ ਨੀਵੀਂਆਂ ਜਾਤਾਂ ਦੇ ਆਰਥਿਕ ਰੂਪ ਨਾਲ ਸੰਪਨ ਹੋ ਚੁਕੇ ਵਿਅਕਤੀਆਂ ਦਾ ਵੀ ਆਪਣੀ ਹੀ ਜਾਤ ਦੇ ਗਰੀਬਾਂ ਨਾਲ ਕੋਈ ਸਰੋਕਾਰ ਬਿਲਕੁਲ ਨਹੀਂ ਰਹਿੰਦਾ ਹੈ। ਰਿਜ਼ਰਵੇਸ਼ਨ-ਤਹਿਰੀਕ ਉਹਨਾਂ ਨੂੰ ਅਜਿਹੀ ਜਾਣਕਾਰੀ ਨਹੀਂ ਪ੍ਰਦਾਨ ਕਰਦੀ ਹੈ।

ਰਿਜ਼ਰਵੇਸ਼ਨ ਦੇ ਰਾਹ ਦੀ ਗਲਤ ਜਾਣਕਾਰੀ ਕਾਰਨ ਨੀਵੀਂ ਜਾਤ ਦੇ ਪੜ੍ਹੇ ਲਿਖੇ ਵਿਅਕਤੀਆਂ 'ਚ ਇਕ ਬਹੁਤ ਹੀ ਨਾਂਹ-ਪੱਖੀ ਲੱਖਣਾਇਕਤਾ ਵਿਕਸਿਤ ਹੋ ਚੁੱਕੀ ਹੈ, ਮਤਲਬ ਕਿ, ਅਤਿ ਜਾਤੀਵਾਦ! ਕਿਉਂਕਿ ਰਿਜ਼ਰਵੇਸ਼ਨ ਨਾਲ ਕੁਝ ਲਾਭ ਦਿਖਾਈ ਦਿੰਦਾ ਹੈ। ਆਪਣੀ ਜਾਤ ਦੇ ਕਾਰਨ ਹੀ ਉਹ ਰਿਜ਼ਰਵੇਸ਼ਨ ਹਾਸਲ ਕਰਨ 'ਚ ਸਮਰੱਥ ਹਨ। ਇਸ ਲਈ ਆਪਣੀਆਂ ਜਾਤਾਂ ਦਾ ਗੁਣਗਾਨ ਕਰਨਾ ਆਪਣਾ ਕੰਮ ਸਮਝਦੇ ਹਨ।

ਰਿਜ਼ਰਵੇਸ਼ਨ ਦਾ ਫ਼ਾਇਦਾ ਲੈਣ ਲਈ ਇਹ ਲਾਜ਼ਮੀ ਹੈ ਕਿ ਅਰਜ਼ੀ-ਪੱਤਰ 'ਚ ਜਾਤ ਦਾ ਵਰਨਣ ਕੀਤਾ ਜਾਵੇ। ਕੁਝ ਉਹਨਾਂ ਮੌਕਿਆਂ ਨੂੰ ਛੱਡ ਕੇ ਜਦੋਂ ਕਿ ਅਜਿਹਾ ਕਰਨਾ ਢੁੱਕਵਾਂ ਨਾ ਹੋਵੇ, ਦੈਨਿਕ ਜੀਵਨ 'ਚ ਜਾਤ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ ਹੈ। ਜਾਤ ਪਾਤ ਦੇ ਫਰਕਾਂ ਨੂੰ ਸਹਿਮਤੀ ਨਹੀਂ ਦਿੱਤੀ ਜਾਣੀ ਚਾਹੀਦੀ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਜਾਤ ਦਾ ਜ਼ਿਕਰ ਨਹੀਂ ਪਸੰਦ ਕਰਨਾ ਚਾਹੀਦਾ ਹੈ। ਉਹਨਾਂ ਦਾ ਇਹੀ ਉਦੇਸ਼ ਹੋਣਾ ਚਾਹੀਦਾ ਹੈ ਕਿ ਇਹ ਬੁਰਾਈ ਜੜ੍ਹ ਤੋਂ ਖਤਮ ਹੋ ਜਾਵੇ।

ਰਿਜ਼ਰਵੇਸ਼ਨ ਦਾ ਫ਼ਾਇਦਾ ਲੈਣ ਦਾ ਇਹ ਅਰਥ ਨਹੀਂ ਹੁੰਦਾ ਹੈ ਕਿ ਜਾਤ ਦੀ ਪੂਜਾ ਕਰਨ ਲਗ ਜਾਉ, ਜਾਂ ਕਿ ਤੇਲਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ 'ਉਸਨੂੰ ਸਿਰ 'ਤੇ ਨਹੀਂ ਬਿਠਾ ਲੈਣਾ ਚਾਹੀਦਾ'। ਪਰ ਇਹ ਇਕ ਛੋਟੀ ਜਿਹੀ ਗੱਲ ਪੜ੍ਹੇ ਲਿਖੇ ਦਲਿਤਾਂ ਦੀ ਸਮਝ 'ਚ ਨਹੀਂ ਆ ਰਹੀ ਹੈ। ਮੱਲਾ ਅਤੇ ਮਾਦਿਗ (ਆਂਧਰਾ ਪ੍ਰਦੇਸ਼ ਦੀਆਂ ਦੋ ਦਲਿਤ ਜਾਤਾਂ - ਅਨੁਵਾਦਕ) ਹੋਣ ਦੇ ਨਾਤੇ ਜਿਸ ਘੋਰ ਜ਼ੁਲਮ ਦਾ ਸਾਹਮਣਾ ਉਹਨਾਂ ਨੂੰ ਕਰਨਾ ਪੈਂਦਾ ਹੈ ਉਸ 'ਤੇ ਗੁੱਸੇ ਹੋਣ ਦੀ ਬਜਾਏ ਉਹ ਸ਼ਾਨ ਨਾਲ ਇਹ ਕਹਿੰਦੇ ਹਨ ਕਿ, "ਮੈਂ ਮੱਲਾ ਹਾਂ! ਮੈਂ ਮਾਦਿਗ ਹਾਂ!" ਉਹ 'ਤਿਰਸਕਾਰ' ਨੂੰ 'ਸਵਾਗਤ' ਮੰਨ ਕੇ ਚਲ ਰਹੇ ਹਨ। ਅਰਥਾਤ ਬਿਲਕੁਲ ਉਲਟੇ ਢੰਗ ਨਾਲ! ਦੂਜੇ ਸ਼ਬਦਾਂ 'ਚ, ਜਿਹੜਾ ਹੋਣਾ ਚਾਹੀਦਾ ਹੈ ਉਸਦਾ ਠੀਕ ਉਲਟਾ! ਜਾਤ-ਪ੍ਰਬੰਧ ਬਾਰੇ ਦਲਿਤ ਕਾਰਕੁੰਨਾਂ ਦੀ ਸਮਝ ਅਤੇ ਬੋਧ ਦੀ ਇੰਨੀ ਤਰਸਯੋਗ ਹਾਲਤ!

ਇਸ ਨਾਲ ਉੱਚ ਜਾਤ ਦੇ ਲੋਕ ਕਈ ਤਰ੍ਹਾਂ ਨਾਲ਼ ਖੁਸ਼ ਹੋਣਗੇ। ਕਿਉਂਕਿ ਨੀਵੀਆਂ ਜਾਤਾਂ ਦੇ ਲੋਕਾਂ 'ਚ ਜਮਾਤੀ ਨਜ਼ਰੀਆ ਨਹੀਂ ਆ ਸਕਿਆ ਹੈ, ਉਹ ਉੱਚ ਜਾਤਾਂ ਦੀਆਂ ਸੰਪਤੀਆਂ ਵੱਲ ਨਜ਼ਰ ਵੀ ਨਹੀਂ ਮਾਰਨਗੇ। ਲੋਟੂਆਂ ਨੂੰ ਅਜਿਹੀਆਂ ਨੀਵੀਂਆਂ ਜਾਤਾਂ ਦੇ ਲੋਕਾਂ ਤੋਂ ਕੋਈ ਖਤਰਾ ਨਹੀਂ ਹੈ। ਸੰਪਤੀਸ਼ਾਲੀ ਜਮਾਤ ਦੀ ਪ੍ਰਸੰਨਤਾ ਦਾ ਇਹ ਪਹਿਲਾ ਕਾਰਨ ਹੈ।

ਨੀਵੀਂਆਂ ਜਾਤਾਂ ਦੇ ਕਾਰਕੁੰਨ ਆਪਣੀ ਜਾਤ ਦੀ ਤਾਰੀਫ਼ ਕਰ ਰਹੇ ਹਨ ਅਤੇ ਆਪਣੀਆਂ ਜਾਤਾਂ ਨੂੰ ਬਣਾਈ ਰੱਖਣ ਦੀ ਧਾਰਨਾ 'ਤੇ ਕਾਇਮ ਹਨ। ਮੱਲਾ ਮੱਲਾ ਦੇ ਰੂਪ 'ਚ, ਮਾਦਿਗ ਮਾਦਿਗ ਦੇ ਰੂਪ 'ਚ, ਰਾਜਕ ਰਾਜਕ ਦੇ ਰੂਪ 'ਚ, ਯਾਦਵ ਯਾਦਵ ਦੇ ਰੂਪ 'ਚ .... ਇਸ ਤਰ੍ਹਾਂ ਛੋਟੀਆਂ ਜਾਤਾਂ ਦੇ ਲੋਕ ਆਪਣੀ-ਆਪਣੀ ਜਾਤ ਨੂੰ ਸ਼ਰਧਾ ਨਾਲ ਦੇਖ ਰਹੇ ਹਨ ਅਤੇ ਖੁਸ਼ੀ ਨਾਲ਼ ਪਾਗਲ ਹੋ ਰਹੇ ਹਨ। ਇਸ ਤਰ੍ਹਾਂ ਦੇ ਕਾਰਕੁੰਨਾਂ ਕਰਕੇ ਜਿਨ੍ਹਾਂ ਦਾ ਕਿ ਇਹ ਉਦੇਸ਼ ਨਹੀਂ ਹੈ ਕਿ ਜਾਤ-ਪਾਤ ਨੂੰ ਨਾ ਮੰਨਿਆ ਜਾਵੇ, ਜਾਤ-ਪ੍ਰਬੰਧ ਸਦਾ ਲਈ ਅਟੁਟ ਬਣਿਆ ਰਹੇਗਾ। ਉੱਚ ਜਾਤਾਂ ਦੇ

ਲੋਕਾਂ ਦੀ ਖੁਸ਼ੀ ਦਾ ਇਹ ਦੂਜਾ ਕਾਰਨ ਹੈ।

ਜੇਕਰ ਰਿਜ਼ਰਵੇਸ਼ਨ ਪ੍ਰਬੰਧ ਚਲਦਾ ਰਹੇਗਾ ਤਾਂ ਛੋਟੀਆਂ ਜਾਤਾਂ ਦੇ ਵੋਟ ਉੱਚ ਜਾਤ ਦੀਆਂ ਧਨਾਢ ਜਮਾਤਾਂ ਨੂੰ ਮਿਲਦੇ ਰਹਿਣਗੇ। ਧਨਾਢ ਜਮਾਤਾਂ ਦੀ ਖੁਸ਼ੀ ਦੀ ਇਹ ਤੀਜੀ ਵਜ੍ਹਾ ਹੈ। ਉਹ ਇੰਞ ਹੀ ਹੋਰ ਵੀ ਤਰ੍ਹਾਂ ਨਾਲ ਖੁਸ਼ ਹੋ ਸਕਦੇ ਹਨ।

ਕਿਉਂ ਕਿ ਅੰਬੇਡਕਰ ਨੇ ਛੋਟੀਆਂ ਜਾਤੀਆਂ ਨੂੰ ਜਮਾਤੀ ਨਜ਼ਰੀਏ ਤੋਂ ਦੂਰ ਰੱਖਿਆ ਅਤੇ ਕਿਉਂ ਕਿ ਇਨਾਂ ਜਾਤਾਂ ਦੇ ਕਾਰਕੁੰਨਾਂ 'ਚ ਕਈ ਗਲਤ ਸੰਕਲਪ ਮੌਜੂਦ ਹਨ, ਇਸ ਨਾਲ ਉੱਚ ਜਾਤਾਂ ਅਤੇ ਧਨਾਢ ਜਮਾਤਾਂ ਨੂੰ ਜਿਹੜਾ ਲਾਭ ਮਿਲੇਗਾ ਉਸਦੀ ਕੋਈ ਹੱਦ ਨਹੀਂ ਹੈ।

ਉੱਚ ਜਾਤਾਂ ਦੇ ਕੁਝ ਮੂਰਖ ਲੋਕ ਬਿਨਾਂ ਇਹ ਸਭ ਜਾਣੇ-ਬੁਝੇ ਰਿਜ਼ਰਵੇਸ਼ਨ ਤੋਂ ਚਿੜ੍ਹੇ ਰਹਿੰਦੇ ਹਨ। ਉਹ ਗੁੱਸੇ 'ਚ ਆ ਕੇ ਚੀਕਦੇ ਹਨ ਕਿ, 'ਰਿਜ਼ਰਵੇਸ਼ਨ ਪ੍ਰਬੰਧ ਕਦ ਤਕ ਚਲਦੇ ਰਹੇਗਾ?' ਉਹ ਅਜਿਹਾ ਇਸ ਲਈ ਕਰਦੇ ਹਨ ਕਿਉਂ ਕਿ ਰਿਜ਼ਰਵੇਸ਼ਨਾਂ ਤੋਂ ਮਿਲਣ ਵਾਲੇ ਕਈ ਲਾਭਾਂ ਤੋਂ ਉਹ ਅਣਜਾਣ ਹਨ।

ਭਾਰਤ ਦੀ ਚਾਲਾਕ ਸਰਕਾਰ ਆਪਣੇ ਹੀ ਫਾਈਦੇ ਲਈ ਰਿਜ਼ਰਵੇਸ਼ਨ ਦੇ ਸਮੇਂ ਨੂੰ ਵਧਾਉਂਦੀ ਜਾ ਰਹੀ ਹੈ। ਰਿਜ਼ਰਵੇਸ਼ਨ ਪ੍ਰਬੰਧ ਨੂੰ ਸਥਾਈ ਕਰ ਦੇਣ 'ਚ ਇਸਦੀ ਚਤੁਰਾਈ ਹੋਵੇਗੀ। ਨੀਵੀਂਆਂ ਜਾਤਾਂ ਦੇ ਪੜ੍ਹੇ-ਲਿਖੇ ਵਿਅਕਤੀ ਸਥਾਈ ਰਿਜ਼ਰਵੇਸ਼ਨ ਪ੍ਰਬੰਧ ਨਾਲ ਮੁੰਕਮਲ ਤੌਰ 'ਤੇ ਸਤੁੰਸ਼ਟ ਹੋ ਜਾਣਗੇ। ਉਹ ਆਪਣੀ ਜਾਤ ਨੂੰ ਆਪਣੀ ਵਿਰਾਸਤ ਮੰਨਣਗੇ ਅਤੇ ਰਿਜ਼ਰਵੇਸ਼ਨ ਪ੍ਰਬੰਧ ਦੇ ਸਥਾਈ ਹੋ ਜਾਣ ਨਾਲ ਉਸ 'ਚ ਸਤੁੰਸ਼ਟ ਰਹਿਣਗੇ। ਉੱਚ ਜਾਤਾਂ ਅਤੇ ਧਨਾਢ ਜਮਾਤਾਂ ਨੂੰ ਹੁਣ ਹੋਰ ਕੀ ਚਾਹੀਦਾ ਹੈ?

ਪਰ, ਅੰਬੇਡਕਰ ਨੂੰ ਦਲਿਤਾਂ ਨੂੰ ਕੀ ਸਿਖਿਆ ਦੇਣੀ ਚਾਹੀਦੀ ਸੀ?

ਕੰਗਾਲ ਜਾਤਾਂ ਦੇ ਨੁੰਮਾਇੰਦੇ ਦੇ ਰੂਪ 'ਚ ਅੰਬੇਡਕਰ ਦਾ ਅਹਿਸਾਸ ਕੀ ਹੋਣਾ ਚਾਹੀਦਾ ਸੀ? ਉਹਨਾਂ ਨੂੰ ਦਲਿਤਾਂ ਨੂੰ ਕੀ ਸਿੱਖਿਆ ਦੇਣੀ ਚਾਹੀਦੀ ਸੀ? ਉਹਨਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਸੀ ਕਿ ਰਿਜ਼ਰਵੇਸ਼ਨ ਦਾ ਰਾਹ ਤੁੱਛ ਅਤੇ ਡੰਗ-ਸਾਰੂ ਹੈ ਅਤੇ ਜਮਾਤੀ ਘੋਲ ਦਾ ਰਾਹ ਵਧੀਆ ਅਤੇ ਟਿਕਾਊ ਹੈ। ਉਹਨਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਸੀ ਕਿ 'ਰਿਜ਼ਰਵੇਸ਼ਨ ਫੌਰੀ ਰਾਹਤ ਦਿੰਦਾ ਹੈ। ਇਸ ਰਾਹ ਨੂੰ ਲੰਮੇ ਸਮੇਂ ਤਕ ਚੱਲਣ ਦੇਣਾ ਜਾਤ ਪ੍ਰਬੰਧ ਨੂੰ ਲੰਬੇ ਸਮੇਂ ਤੱਕ ਚਲਾਉਣਾ ਹੈ। ਸਾਡਾ ਉਦੇਸ਼ ਜਾਤ ਪ੍ਰਬੰਧ ਨੂੰ ਖਤਮ ਕਰਨਾ ਹੋਣਾ ਚਾਹੀਦਾ ਹੈ। ਇਸ ਲਈ, ਰਿਜ਼ਰਵੇਸ਼ਨ ਪ੍ਰਬੰਧ ਲਮੇਂ ਸਮੇਂ ਤੱਕ ਬਣੇ ਰਹਿਣ ਨਾਲ ਸਾਨੂੰ ਹੀ ਨੁਕਸਾਨ ਹੋਵੇਗਾ। ਲੁੱਟ ਦੇ ਵਿਰੁੱਧ ਜਮਾਤੀ ਸੰਘਰਸ਼ ਹੀ ਸਾਡੀ ਮੁਕਤੀ ਦਾ ਸਥਾਈ ਹੱਲ ਹੈ। ਉਹ ਹੈ ਮਾਰਕਸਵਾਦ। ਇਹੀ ਸਾਡਾ ਮੁਕਤੀ-ਪੱਥ ਹੈ! ਰਿਜ਼ਰਵੇਸ਼ਨਾਂ ਦਾ ਲਾਭ ਲੈਂਦੇ ਹੋਏ ਹੀ ਜਮਾਤੀ ਸੰਘਰਸ਼ ਦੇ ਰਾਹ 'ਤੇ ਚੱਲੋ! ਇਹੀ ਇੱਕਲਾ ਰਾਹ ਹੈ ਜਿਸ 'ਤੇ ਸਾਨੂੰ ਚਲਣਾ ਹੋਵੇਗਾ!'

ਪਰ ਅੰਬੇਡਕਰ ਨੇ ਅਜਿਹਾ ਕੁਝ ਨਹੀਂ ਕੀਤਾ। ਲੋਕਾਂ ਨੂੰ ਇਸ ਲੀਡਰ ਤੋਂ ਕੋਈ ਗਿਆਨ ਹਾਸਲ ਨਹੀਂ ਹੋਇਆ।

ਦਲਿਤਾਂ ਨੂੰ ਅੰਬੇਡਕਰ ਨਾਲ ਜਿਹੜਾ ਕੁੱਝ ਹਾਸਲ ਹੋਇਆ ਉਹ ਹੈ 'ਰਿਜ਼ਰਵੇਸ਼ਨਾਂ ਦੀ ਗੁਲਾਮੀ ਅਤੇ ਧਾਰਮਿਕ ਰੂੜ੍ਹੀਵਾਦ'।

ਧਾਰਮਿਕ ਰੂੜ੍ਹੀਵਾਦ ਦਾ ਭਾਵੇਂ ਜਿਹੜਾ ਵੀ ਸਰੂਪ ਹੋਵੇ, ਤਰਕ ਅਤੇ ਪਦਾਰਥਵਾਦ ਹੀ ਹੱਲ ਹੋਵੇਗਾ।

ਜਾਤਪਾਤੀ ਵਖਰੇਵਿਆਂ ਦਾ ਹੱਲ ਹੈ, ਜਾਤ ਵਿਹੀਣਤਾ ਅਤੇ ਜਾਤ ਪ੍ਰਥਾ ਦੀ ਅਵੱਗਿਆ।

ਗਰੀਬੀ ਦਾ ਹੱਲ ਹੈ ਕਿਰਤ-ਲੁੱਟ ਖਿਲਾਫ਼ ਜਮਾਤੀ ਸੰਘਰਸ਼! ਉਹ ਜਮਾਤੀ-ਸੰਘਰਸ਼ ਜਿਹੜਾ ਤਦ ਤਕ ਜਾਰੀ ਰਹਿੰਦਾ ਹੈ ਜਦ ਤਕ ਕਿ ਲੋਟੂ ਕਿਰਤ ਸਬੰਧ ਤਬਦੀਲ ਨਾ ਹੋ ਜਾਣ! ਬਰਾਬਰੀ ਦੀ ਬਹਾਲੀ!

ਪਰ, ਦਲਿਤਾਂ ਨੂੰ ਅੰਬੇਡਕਰ ਤੋਂ ਇਹ ਹੱਲ ਨਹੀਂ ਮਿਲੇ।

ਕਿਉਂ ਕਿ 'ਛੂਆ-ਛੂਤ' ਬਹੁਤ ਕਠਿਨ ਸਮੱਸਿਆ ਹੈ, ਇਸ ਲਈ ਜਿਹੜਾ ਵੀ ਸੁਧਾਰਕ ਇਸ ਬੁਰਾਈ ਦੇ ਵਿਰੁੱਧ ਲੜੇਗਾ ਉਸ ਨੂੰ ਲੋਕਾਂ ਦਾ ਬੇਹੱਦ ਸਨੇਹ ਅਤੇ ਮੁੱਹਬਤ ਹਾਸਲ ਹੋਵੇਗੀ। ਅੰਬੇਡਕਰ ਨੂੰ ਲੋਕਾਂ ਤੋਂ ਭਰਪੂਰ ਸਨੇਹ ਹਾਸਲ ਹੋਇਆ ਉਹਨਾਂ ਨੇ ਛੂਆ-ਛੂਤ ਵਿਰੁੱਧ ਆਪਣੇ ਸੰਘਰਸ਼ ਨੂੰ **ਰਿਜ਼ਰਵੇਸ਼ਨ ਤਹਿਰੀਕਾਂ** 'ਚ ਬਦਲ ਲਿਆ।

ਇਸ ਦੇ ਇਲਾਵਾ, **ਜਵਾਨੀ 'ਚ ਵਿਦੇਸ਼ 'ਚ ਪੜ੍ਹਾਈ** ਨਾਲ ਉਹਨਾਂ ਦੀ ਪ੍ਰਸਿੱਧੀ ਦੇ ਢੇਰ ਲੱਗ ਗਏ। ਗੁਲਾਮ ਮੁਲਕ ਦੇ ਲੋਕਾਂ 'ਚ ਪੂੰਜੀਵਾਦੀ ਦੇਸ਼ਾਂ 'ਚ ਅਧਿਐਨ ਪ੍ਰਤੀ ਬਹੁਤ ਜ਼ਿਆਦਾ ਖਿੱਚ ਰਹਿੰਦੀ ਹੈ, ਭਾਵੇਂ ਕਿ ਉਹਨਾਂ ਡਿਗਰੀਆਂ ਨਾਲ ਕੋਈ ਨਵਾਂ ਗਿਆਨ ਨਹੀਂ ਹੁੰਦਾ ਹੈ!

ਅੰਬੇਡਕਰ ਦੀ ਪ੍ਰਸਿੱਧੀ ਵਧਾਉਣ 'ਚ ਦੂਜਾ ਕਾਰਕ ਸੀ **ਗਾਂਧੀ ਦੇ ਨਾਲ ਉਹਨਾਂ ਦੀ ਲੜਾਈ!**

ਇਨਾਂ ਸਾਰੇ ਕਾਰਨਾਂ ਦੇ ਇਕੋ ਵੇਲੇ ਹੋਣ ਨਾਲ ਅੰਬੇਡਕਰ ਦੀ ਵਿਅਕਤੀ ਪੂਜਾ 'ਚ ਵੱਧ ਤੋਂ ਵੱਧ ਵਾਧਾ ਹੁੰਦਾ ਗਿਆ ਅਤੇ ਉਹ 'ਪ੍ਰੇਖਣ' ਤੋਂ ਉੱਪਰ ਹੋ ਗਏ।

ਜਿਸ ਗਾਂਧੀ 'ਚ ਸਾਰੇ ਹਿੰਦੂਆਂ ਦੀ ਸ਼ਰਧਾ ਹੋਵੇ ਉਸਦੇ ਵਿਰੁੱਧ ਅੰਬੇਡਕਰ ਇਸ ਤਰ੍ਹਾਂ ਦੇ ਦੁਰ-ਵਚਨਾਂ ਦੀ ਵਰਤੋਂ ਕਰ ਸਕਦੇ ਹਨ ਜਿਵੇਂ ਕਿ, 'ਹੋਛਾ ਅਤੇ ਪਖੰਡੀ', 'ਮਹਤੱਵਅਕਾਂਖਿਆਈ ਸਿਆਸਤਦਾਨ', 'ਚਲਾਕ' ਆਦਿ। ਪਰ ਅੰਬੇਡਕਰ ਭਾਵੇਂ ਜਿੰਨੀਆਂ ਗੱਲਾਂ ਕਰਨ ਅਤੇ ਭਾਵੇਂ ਜਿਸ ਤਰ੍ਹਾਂ ਦੀਆਂ ਗਲਤੀਆਂ ਕਰਨ, ਉਹਨਾਂ ਦੀ ਆਲੋਚਨਾ ਕੋਈ ਨਹੀਂ ਕਰ ਸਕਦਾ। ਇਹ ਦਲਿਤ ਬੁੱਧੀਜੀਵੀਆਂ ਦਾ ਨਿਯਮ ਹੈ ਜਿਹੜਾ ਵਿਅਕਤੀਵਾਦ ਤੋਂ ਪ੍ਰੇਰਿਤ ਹੈ। ਪਰ ਇਹ ਫ਼ਾਸੀਵਾਦੀ ਰਵੱਈਆ ਦਲਿਤਾਂ ਦੇ ਹਿਤਾਂ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਹੈ (ਜਾਂ, ਜੇਕਰ ਕਿ ਤੇਲੁਗੂ ਕਹਾਵਤ ਦੀ ਵਰਤੋਂ ਕਰੀਏ ਤਾਂ ਇਹ ਉਹਨਾਂ 'ਤੇ ਕੁਹਾੜੀ ਚਲਾ ਰਿਹਾ ਹੈ)।

ਕਿਸੇ ਵੀ ਵਿਅਕਤੀ ਜਾਂ ਕਿਸੇ ਵੀ ਸਿਧਾਂਤ ਨੂੰ ਇਮਤਿਹਾਨ 'ਚੋਂ ਗੁਜ਼ਰਨਾ ਚਾਹੀਦਾ ਹੈ ਅਤੇ ਇਸ 'ਤੇ ਖ਼ਰਾ ਉਤਰਨਾ ਚਾਹੀਦਾ ਹੈ। ਜੇਕਰ ਮੁਖੀ ਜਾਣੇ-ਅਣਜਾਣੇ ਕੋਈ ਗਲਤੀ ਕਰਦੇ ਹਨ ਤਾਂ ਉਹਨਾਂ ਦੇ ਪੈਰੋਕਾਰਾਂ ਨੂੰ ਚਾਹੀਦਾ ਹੈ ਕਿ ਉਸਨੂੰ ਠੀਕ ਕਰ ਦੇਣ। ਇਸ ਨਾਲ ਮੁਖੀ ਦਾ ਨਿਰਾਦਰ ਨਹੀਂ ਹੋਵੇਗਾ।

ਇਸ ਲਈ ਦਲਿਤ ਸ਼੍ਰੀਮਾਨਾਂ ਨੂੰ ਕੁਝ ਵਿਸ਼ੇਸ਼ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਸਮਾਜਿਕ ਸਬੰਧਾਂ ਦੇ ਪਰਿਪੇਖ 'ਚ ਬੁੱਧ ਧਰਮ ਨੂੰ ਵੀ ਨਕਾਰਨਾ ਹੋਵੇਗਾ। ਇਹ 'ਕਿਰਤ ਦੀ ਲੁੱਟ' ਦੀ ਹਿਮਾਇਤ ਕਰਦਾ ਹੈ। ਇਸ ਲਈ ਸਾਨੂੰ ਬੁੱਧ ਧਰਮ ਨੂੰ ਵੀ ਨਕਾਰਨਾ ਹੋਵੇਗਾ। ਕੁਦਰਤ ਅਤੇ ਸਮਾਜ ਬਾਰੇ ਸਾਨੂੰ ਤਾਰਕਿਕ ਨਜ਼ਰੀਆ ਅਪਣਾਉਣਾ ਹੋਵੇਗਾ।

2. ਸਾਨੂੰ ਕਿਸੇ ਵੀ ਮੌਕੇ 'ਤੇ ਕਦੇ ਵੀ ਜਾਤ ਦਾ ਵਰਨਣ ਨਹੀਂ ਕਰਨਾ ਚਾਹੀਦਾ ਸਿਵਾਏ ਉਸ ਮੌਕੇ ਨੂੰ ਛੱਡ ਕੇ ਜਦੋਂ ਕਿ ਅਰਜੀ ਦੇ ਫਾਰਮ ਭਰਨੇ ਹੋਣ। ਸਾਡਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਜਾਤ-ਪਾਤ ਦੇ ਭੇਦ-ਭਾਵ ਨੂੰ ਨਾ ਮੰਨਿਆ ਜਾਵੇ।

3. ਸਾਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਸਾਡੇ ਜੀਵਨ 'ਚ ਨਾ-ਬਰਾਬਰੀ ਅਤੇ ਗਲਬੇ ਦੇ ਸੰਦਰਭ 'ਚ ਮਾਰਕਸਵਾਦ ਹੀ ਸਟੀਕ ਅਤੇ ਬੇ-ਜੋੜ ਹੱਲ ਹੈ। ਸਾਨੂੰ ਇਸ ਸਿਧਾਂਤ ਨੂੰ ਸਿੱਖਣਾ ਹੋਵੇਗਾ।

4. ਕਿਸੇ ਵੀ ਅਧਿਆਪਕ ਜਾਂ ਲੀਡਰ ਦੇ ਉਪਦੇਸ਼ਾਂ 'ਚੋਂ ਸਾਨੂੰ ਸਹੀ ਗੱਲਾਂ ਗ੍ਰਹਿਣ ਕਰਨੀ ਹੋਣਗੀਆਂ ਅਤੇ ਗਲਤ ਗੱਲਾਂ ਛੱਡ ਦੇਣੀਆਂ ਹੋਣਗੀਆਂ। ਸਹੀ ਅਤੇ ਗਲਤ ਨੂੰ ਇਕ ਹੀ ਜਿਹਾ ਨਹੀਂ ਮੰਨਣਾ ਚਾਹੀਦਾ ਹੈ। ਭਾਵੇਂ ਸਨੇਹ ਹੋਵੇ ਜਾਂ ਇੱਜਤ, ਸਾਨੂੰ ਵਿਵੇਕ-ਵਿਹੂਣਾ ਨਹੀਂ ਹੋਣਾ ਚਾਹੀਦਾ ਹੈ।

5. ਸੰਸਾਰ 'ਚ ਕਿਤੋਂ ਦੇ ਵੀ ਕਿਸੇ ਅਧਿਆਪਕ, ਕਿਸੇ ਫਿਲਾਸਫਰ ਜਾਂ ਕਿਸੇ ਸਿਧਾਂਤਕਾਰ ਤੋਂ ਜਦੋਂ ਅਸੀਂ ਜਾਣੂ ਹੋਈਏ ਤਦ ਸਾਨੂੰ ਇਹ ਜਾਂਚ-ਪੜਤਾਲ ਕਰਨੀ ਚਾਹੀਦੀ ਹੈ ਕਿ ਕਿਰਤ ਸੰਬਧਾਂ, ਸੰਪਤੀ ਹੱਕਾਂ, ਅਮੀਰੀ ਅਤੇ ਗਰੀਬੀ ਬਾਰੇ ਉਸਦਾ ਕੀ ਕਹਿਣਾ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਉਸਦੇ ਉਪਦੇਸ਼ ਕਿਸ ਵੱਲ ਖੜ੍ਹੇ ਹਨ। ਜੇਕਰ ਅਸੀਂ ਇਸਨੂੰ ਨਹੀਂ ਸਮਝਾਂਗੇ ਤਾਂ ਅਸੀਂ ਸਮਾਜ 'ਚ ਕਿਸੇ ਵੀ ਗੱਲ ਨੂੰ ਨਹੀਂ ਸਮਝ ਸਕਦੇ। ਅਸੀਂ ਖੁਦ ਦੀ ਸੁਰੱਖਿਆ ਨਹੀਂ ਕਰ ਸਕਦੇ।

ਠੀਕ ਹੈ ! ਪਰ, ਆਖਰ, ਅੰਬੇਡਕਰ ਹਨ ਕੀ ?

ਅੰਬੇਡਕਰ ਜਿਹੇ ਵਿਅਕਤੀਆਂ ਬਾਰੇ, ਜਿਹੜੇ ਕਿ ਕਿਰਤੀਆਂ ਚੋਂ ਪੈਦਾ ਹੋਏ, ਸਿੱਖਿਆ ਹਾਸਲ ਕੀਤੀ, ਭਾਸ਼ਾਵਾਂ ਦਾ ਅਧਿਐਨ ਕੀਤਾ ਪਰ ਜਿਹੜੇ ਕਿਰਤੀਆਂ ਦੇ ਹਿੱਤਾਂ ਨੂੰ ਨਹੀਂ ਸਮਝ ਸਕੇ, ਮਾਰਕਸ ਨੇ ਇੱਕ ਵਿਚਾਰ ਪੇਸ਼ ਕੀਤਾ ਹੈ। ਇਸ ਸੰਦਰਭ 'ਚ ਇਸਦਾ ਵਰਨਣ ਕਰਨਾ ਉਚਿਤ ਹੋਵੇਗਾ-

"ਹਾਕਮ ਜਮਾਤ, ਮਹਿਕੂਮ ਜਮਾਤ ਦੇ ਮੋਹਰੀ ਦਿਮਾਗਾਂ ਨੂੰ ਆਤਮਸਾਤ ਕਰਨ 'ਚ ਜਿੰਨੀ ਵੱਧ ਸਮਰੱਥ ਹੁੰਦੀ ਹੈ, ਉਸਦੀ ਹਕੂਮਤ ਵੀ ਓਨੀ ਹੀ ਵੱਧ ਸਥਿਰ ਅਤੇ ਮਾਰੂ ਹੁੰਦੀ ਹੈ" (ਪੂੰਜੀ ਭਾਗ 3, ਪੰਨਾ 601, ਮਾਸਕੋ ਐਡੀਸ਼ਨ (ਅੰਗਰੇਜ਼ੀ), 1971)।

ਅੰਬੇਡਕਰ ਅਜਿਹੇ ਪੜ੍ਹੇ-ਲਿਖੇ ਵਿਅਕਤੀ ਹਨ ਜਿਨ੍ਹਾਂ ਨੇ ਸਵੈ-ਇੱਛਾ ਨਾਲ਼ ਖੁਦ ਨੂੰ ਹਾਕਮ ਜਮਾਤ 'ਚ ਆਤਮਸਾਤ ਕਰ ਲਿਆ!

ਇੱਕ ਭਰਮਗ੍ਰਸਤ ਬੁੱਧੀਜੀਵੀ।

•••••

ਰਿਪੋਰਟ

ਕਾਲ਼ੇ ਕਨੂੰਨਾਂ ਵਿਰੁੱਧ ਪੰਜਾਬ ਦੇ ਲੋਕ ਸੰਘਰਸ਼ ਦੇ ਰਾਹ 'ਤੇ

ਪੰਜਾਬ ਦੀਆਂ ਲਗਭਗ 40 ਜਨਤਕ ਜਥੇਬੰਦੀਆਂ ਸਾਂਝੇ ਰੂਪ ਵਿੱਚ ਪੰਜਾਬ ਸਰਕਾਰ ਦੇ ਨਵੇਂ ਕਾਲ਼ੇ ਕਨੂੰਨਾਂ ਵਿਰੁੱਧ ਸੰਘਰਸ਼ ਦੇ ਰਾਹ 'ਤੇ ਹਨ। 20 ਜਨਵਰੀ ਨੂੰ ਪੰਜਾਬ ਦੇ ਸਾਰੇ ਜ਼ਿਲਿਆਂ ਦੇ ਡੀ.ਸੀ. ਦਫ਼ਤਰਾਂ ਅੱਗੇ ਇਹਨਾਂ ਕਾਲ਼ੇ ਕਨੂੰਨਾਂ ਨੂੰ ਮਨਸੂਖ ਕਰਵਾਉਣ ਦੀ ਮੰਗ ਨੂੰ ਲੈ ਕੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਹੋਏ। ਪੰਜਾਬ ਵਿਧਾਨਸਭਾ ਨੇ ਅਕਤੂਬਰ 2010 ਵਿੱਚ ਦੋ ਨਵੇਂ ਬਿਲ—ਪੰਜਾਬ ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਬਿਲ-2010 ਅਤੇ ਪੰਜਾਬ ਵਿਸ਼ੇਸ਼ ਸੁਰਖਿਆ ਬਿਲ-2010 ਅਤੇ ਦੋ ਸੋਧੇ ਹੋਏ ਬਿਲ ਇੰਡਿਅਨ ਪੈਨਲ ਕੋਡ (ਪੰਜਾਬ ਦੂਸਰੀ ਸੋਧ) ਬਿਲ-2010 ਅਤੇ ਦ ਕੋਡ ਆਫ਼ ਕ੍ਰਿਮਿਨਲ ਪ੍ਰੋਸੀਜ਼ਰ (ਪੰਜਾਬ ਦੂਸਰੀ ਸੋਧ) ਬਿਲ-2010 ਪਾਸ ਕੀਤੇ ਹਨ। ਪੰਜਾਬ ਵਿਧਾਨਸਭਾ ਵਿੱਚ ਪਾਸ ਕੀਤੇ ਗਏ ਬਿਲ ਹੁਣ ਪੰਜਾਬ ਦੇ ਗਵਰਨਰ ਕੋਲ਼ ਦਸਤਖ਼ਤਾਂ ਲਈ ਪਏ ਹਨ। ਜੇਕਰ ਇਹ ਕਨੂੰਨ ਪੰਜਾਬ ਵਿੱਚ ਲਾਗੂ ਹੋ ਜਾਂਦੇ ਹਨ ਤਾਂ ਪੰਜਾਬ ਦੇ ਲੋਕ ਵਿਚਾਰ ਪ੍ਰਗਟ ਕਰਨ, ਲੁੱਟ-ਜਬਰ-ਅਨਿਆਂ ਦੇ ਵਿਰੁੱਧ ਬੋਲਣ, ਰੋਸ ਪ੍ਰਗਟ ਕਰਨ, ਜਥੇਬੰਦਕ ਸੰਘਰਸ਼ ਕਰਨ ਆਦਿ ਅਧਿਕਾਰ ਸੰਵਿਧਾਨਿਕ ਤੌਰ 'ਤੇ ਲਗਭਗ ਗਵਾ ਬੈਠਣਗੇ। ਇਹਨਾਂ ਕਨੂੰਨਾਂ ਜ਼ਰੀਏ ਸਰਮਾਏਦਾਰ ਹਾਕਮ ਪੰਜਾਬ ਦੇ ਕਿਰਤੀ ਲੋਕਾਂ 'ਤੇ ਬਰਬਰ ਹਿਟਲਰੀ ਫਾਸੀਵਾਦੀ ਤਾਨਾਸ਼ਾਹੀ ਥੋਪਣ ਦੀ ਤਿਆਰੀ ਵਿੱਚ ਹੈ।

ਇਹਨਾਂ ਕਾਲ਼ੇ ਕਨੂੰਨਾਂ ਦੀ ਬਰਬਰਤਾ ਹੀ ਹੈ ਜਿਸਨੂੰ ਸਮੇਂ ਦੀ ਫੌਰੀ ਜ਼ਰੂਰਤ ਮਹਿਸੂਸ ਕਰਦੇ ਹੋਏ ਪੰਜਾਬ ਦੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਦੀਆਂ ਲਗਭਗ 40 ਜਥੇਬੰਦੀਆਂ ਇੱਕ ਮੰਚ 'ਤੇ ਇਕੱਠੇ ਹੋਕੇ ਸੰਘਰਸ਼ ਕਰ ਰਹੀਆਂ ਹਨ। 20 ਜਨਵਰੀ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਡੀ.ਸੀ. ਦਫ਼ਤਰਾਂ 'ਤੇ ਹੋਏ ਜਬਰਦਸਤ ਰੋਹ-ਭਰਪੂਰ ਵਿਰੋਧ-ਪ੍ਰਦਰਸ਼ਨਾਂ ਨੇ ਦਿਖਾ ਦਿੱਤਾ ਹੈ ਕਿ ਪੰਜਾਬ ਸਰਕਾਰ ਲਈ ਇਹਨਾਂ ਕਨੂੰਨਾਂ ਨੂੰ ਅਮਲ ਵਿੱਚ ਲਿਆਉਣਾ ਸੌਖਾ ਨਹੀਂ ਹੈ। ਪੰਜਾਬ ਦੇ ਲੋਕ ਆਪਣੇ ਜਮਹੂਰੀ ਹੱਕਾਂ ਦਾ ਖੋਹੇ ਜਾਣਾ ਬਰਦਾਸ਼ਤ ਨਹੀਂ ਕਰਨ ਵਾਲ਼ੇ।

ਭਾਰਤ ਦਾ ਮਾਨਚੈਸਟਰ ਕਹਾਣ ਵਾਲ਼ੇ ਲੁਧਿਆਣਾ ਸ਼ਹਿਰ ਵਿੱਚ 20 ਜਨਵਰੀ ਨੂੰ ਵਿਸ਼ਾਲ ਵਿਰੋਧ-ਪ੍ਰਦਰਸ਼ਨ ਹੋਇਆ। ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਈਆਂ ਜਮਾਤਾਂ ਵਿੱਚੋਂ ਬਹੁਗਿਣਤੀ ਹਿੱਸੇਦਾਰੀ ਮਜ਼ਦੂਰਾਂ ਦੀ ਸੀ। ਸਨਅਤੀ ਮਜ਼ਦੂਰਾਂ ਦੀ ਵੱਡੀ ਗਿਣਤੀ ਤੋਂ ਇਲਾਵਾ ਖੇਤ ਤੇ ਪੇਂਡੂ ਮਜ਼ਦੂਰ, ਰੇਲਵੇ, ਰੋਡਵੇਜ, ਬਿਜਲੀ ਸੈਕਟਰਾਂ ਦੇ ਮਜ਼ਦੂਰਾਂ ਦੀ ਚੰਗੀ ਹਿੱਸੇਦਾਰੀ ਸੀ। ਕਿਸਾਨਾਂ ਅਤੇ ਅਧਿਆਪਕਾਂ, ਵਿਦਿਆਰਥੀਆਂ-ਨੌਜਵਾਨਾਂ ਨੇ ਵੀ ਖਾਸੀ ਗਿਣਤੀ ਵਿੱਚ ਹਿੱਸਾ ਲੈਕੇ ਕਾਲ਼ੇ ਕਨੂੰਨਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ। ਡੀ.ਸੀ. ਦਫ਼ਤਰ ਵਿੱਚ ਵਿਰੋਧ ਪ੍ਰਦਰਸ਼ਨ ਦੇ ਬਾਅਦ ਜੁਲੂਸ ਵੀ ਕੱਢਿਆ ਗਿਆ।

ਮਿੰਨੀ ਸਕੱਤਰੇਤ ਲੁਧਿਆਣਾ ਵਿਖੇ ਹੋਏ ਰੋਸ ਧਰਨੇ ਨੂੰ ਹੋਰਾਂ ਤੋਂ ਇਲਾਵਾ ਟੈਕਸਟਾਈਲ ਮਜ਼ਦੂਰ ਯੂਨੀਅਨ ਦੇ ਕਨਵੀਨਰ ਰਾਜਵਿੰਦਰ, ਕਾਰਖਾਨਾ ਮਜ਼ਦੂਰ ਯੂਨੀਅਨ ਦੇ ਕਨਵੀਨਰ ਲਖਵਿੰਦਰ ਅਤੇ ਨੌਜਵਾਨ ਭਾਰਤ ਸਭਾ ਦੇ ਆਗੂ ਅਜੇਪਾਲ ਨੇ ਸੰਬੋਧਨ ਕੀਤਾ।

•••

ਦਲਿਤਾਂ ’ਤੇ ਅਤਿਆਚਾਰ ਵਿੱਚ ਉੱਤਰ ਪ੍ਰਦੇਸ਼ ਸਭ ਤੋਂ ਮੂਹਰੇ

ਪਾਰਲੀਮਾਨੀ ਸਿਆਸਤ ਨਹੀਂ, ਜਮਾਤੀ ਸੰਘਰਸ਼ ਹੀ ਦਲਿਤ ਮੁਕਤੀ ਦਾ ਇੱਕੋ ਇੱਕ ਰਾਹ

- ਅਜੇਪਾਲ

ਆਪਣੇ ਅਲੱਗ ਇਤਿਹਾਸ ਵੱਜੋਂ ਭਾਰਤ ਵਿੱਚ ਹਜ਼ਾਰਾਂ ਸਾਲਾਂ ਦੇ ਵਿਕਾਸ ਦੇ ਨਾਲ਼-ਨਾਲ਼ ਇੱਥੇ ਜਾਤ-ਵਿਵਸਥਾ ਵੀ ਕਾਇਮ ਹੋਈ ਹੈ ਤੇ ਸਮੇਂ ਦੇ ਨਾਲ਼-ਨਾਲ਼ ਹੋਰ ਗਹਿਰੀ ਪੈਠ ਬਣਾਉਂਦੀ ਗਈ ਹੈ। ਦਲਿਤਾਂ ਨੂੰ ਸ਼ੁਰੂ ਤੋਂ ਹੀ ਸਮਾਜ ਵਿੱਚ ਅਣਮਨੁੱਖੀ ਸਮਝੇ ਜਾਂਦੇ ਕੰਮ ਕਰਨੇ ਪਏ ਹਨ। ਦਲਿਤਾਂ ਦੀਆਂ ਹਾਲਤਾਂ ਅੱਜ ਵੀ ਤੀਜੇ ਦਰਜੇ ਦੇ ਨਾਗਰਿਕਾਂ ਵਾਲ਼ੀਆਂ ਬਣੀਆਂ ਹੋਈਆਂ ਹਨ। ਅੱਜ ਵੀ ਬਹੁ-ਗਿਣਤੀ ਗਰੀਬ ਦਲਿਤਾਂ ਨੂੰ ਉੱਪਰਲੀ ਜਮਾਤ ਦਾ ਦਾਬਾ ਸਹਿਣ ਦੇ ਨਾਲ਼-ਨਾਲ਼ ਜਾਤੀਗਤ ਅਪਮਾਨ ਵੀ ਸਹਿਣਾ ਪੈਂਦਾ ਹੈ। ਚਾਹੇ ਰਿਜ਼ਰਵੇਸ਼ਨ ਦਾ ਲਾਹਾ ਲੈ ਕੇ ਦਲਿਤਾਂ ਦਾ ਇੱਕ ਵਰਗ ਉੱਪਰ ਉੱਠਿਆ ਹੈ ਪਰ ਉਸਨੂੰ ਵੀ ਸਮਾਜ ਵਿੱਚ ਕਿਤੇ ਨਾ ਕਿਤੇ ਜਾਤੀਗਤ ਅਪਮਾਨ ਸਹਿਣਾ ਪੈਂਦਾ ਹੈ। ਆਏ ਦਿਨ ਟੀ.ਵੀ, ਅਖ਼ਬਾਰਾਂ ਵਿੱਚ ਦਲਿਤਾਂ ਉੱਪਰ ਹੋ ਰਹੇ ਅਤਿਆਚਾਰਾਂ ਦੀਆਂ ਖ਼ਬਰਾਂ ਦੇਖਣ ਸੁਣਨ ਨੂੰ ਮਿਲਦੀਆਂ ਹਨ। ਇਸ ਸਮਾਜਕ ਹਾਲਤ ਤੋਂ ਨਿਜਾਤ ਪਾਉਣ ਲਈ ਹਰ ਦਲਿਤ ਹੱਲ ਲੱਭਦਾ ਹੈ।

ਇਸ ਦਾ ਨਤੀਜਾ ਬੌਧਿਕ ਹਲਕਿਆਂ ਵਿੱਚ ਅਲੱਗ ਤੋਂ ਦਲਿਤ ਸਾਹਿਤ, ਦਲਿਤ ਵਿਚਾਰਧਾਰਾ ਅਤੇ ਦਲਿਤ ਰਾਜਨੀਤੀ ਆਦਿ ਵਰਗੀਆਂ ਕਈ ਵੰਨਗੀਆਂ ਫੁੱਟ ਪਈਆਂ ਹਨ। ਇਹ ਲਾਜ਼ਮੀ ਵੀ ਹੈ ਕਿਉਂਕਿ ਜਿਸ ਵਿਚਾਰ ਦੇ ਪਦਾਰਥਕ ਹਾਲਾਤ ਮੌਜੂਦ ਹੋਣ ਉਸ ਵਿਚਾਰ ਦਾ ਸਮਾਜ ਵਿੱਚ ਜੜਾਂ ਜਮਾਉਣਾ ਆਸਾਨ ਹੋ ਜਾਂਦਾ ਹੈ। “ਦਲਿਤ ਫਲਸਫੇ” ਨੂੰ ਬਹੁਤ ਸਾਰੇ ਦਲਿਤ ਚਿੰਤਕ “ਦਲਿਤ ਸੱਤਾ” ਦੇ ਹੱਲ ਤੱਕ ਲੈ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਦਲਿਤਾਂ ਦੀ ਖ਼ੁਦ ਦੀ ਸੱਤਾ ਹੀ ਉਹਨਾਂ ਦੀ ਮੁਕਤੀ ਕਰਵਾ ਸਕਦੀ ਹੈ। ਵੇਖਣ ਨੂੰ ਗੱਲ ਠੀਕ ਵੀ ਜਾਪਦੀ ਹੈ। ਫਿਰ ਇਸ ਹਿਸਾਬ ਨਾਲ਼ ਤਾਂ ਉੱਤਰ ਪ੍ਰਦੇਸ਼ ਜੋ ਕਿ ਇੱਕ “ਦਲਿਤ ਸ਼ਾਸਤ” ਸੂਬਾ ਹੈ (ਇੱਕ ਦਲਿਤ ਯਾਨੀ ਕੁਮਾਰੀ ਮਾਇਆਵਤੀ ਖੁਦ ਚੌਥੀ ਵਾਰ ਮੁਖ ਮੰਤਰੀ ਪਦ ’ਤੇ ਬਿਰਾਜੀ ਹੋਈ ਹੈ) ਉਸ ਵਿੱਚ ਤਾਂ ਦਲਿਤਾਂ ਉੱਪਰ ਅਤਿਆਚਾਰ ਬੰਦ ਹੋ ਜਾਣੇ ਚਾਹੀਦੇ ਸਨ। ਪਰ ਕਹਿੰਦੇ ਨੇ ਕਿ ਇਹ ਤੱਥ ਬੜੀ ਅੜੀ ਵਾਲ਼ੀ ਸ਼ੈਅ ਨੇ ਤੁਸੀਂ ਚਾਹੋ ਜਾਂ ਨਾ ਚਾਹੋ ਪਰ ਤੁਹਾਨੂੰ ਇਹਨਾਂ ਨਾਲ਼ ਨਿਬੜਨਾ ਹੀ ਪੈਂਦਾ ਹੈ। ਪਿਛਲੇ ਦਿਨੀ ਭਾਰਤ ਦੇ ‘ਕੌਮੀ ਅਪਰਾਧ ਰਿਕਾਰਡ ਬਿਊਰੋ’ ਨੇ ਜੋ ਅੰਕੜੇ ‘ਭਾਰਤ ਵਿੱਚ ਅਪਰਾਧ-2009’ ਦੇ ਸਿਰਲੇਖ ਵਾਲ਼ੀ ਰਿਪੋਰਟ ਵਿੱਚ ਦਿੱਤੇ ਹਨ ਉਹ ਇਹੀ ਦੱਸਦੇ ਹਨ ਕਿ ਦਲਿਤ ਸ਼ਾਸਤ ਸੂਬੇ ਉੱਤਰ ਪ੍ਰਦੇਸ਼ ਵਿੱਚ ਹੀ ਸਭ ਤੋਂ ਵੱਧ ਦਲਿਤਾਂ ਉੱਪਰ ਅਤਿਆਚਾਰ ਹੋ ਰਿਹਾ ਹੈ।

ਭਾਰਤ ਵਿੱਚ ਉੱਤਰ ਪ੍ਰਦੇਸ਼ ’ਚ ਸਭ ਤੋਂ ਵੱਧ ਦਲਿਤ ਆਬਾਦੀ ਹੈ ਜੋ ਕਿ ਲਗਭਗ 3.51 ਕਰੋੜ ਬਣਦੀ ਹੈ ਤੇ ਜੋ ਕਿ ਸੂਬੇ ਦੀ ਗਿਣਤੀ ਦਾ 21.5% ਹੈ। ਬਿਊਰੋ ਦੀ ਰਿਪੋਰਟ ਅਨੁਸਾਰ ਸਾਲ 2009 ਵਿੱਚ ਪੂਰੇ ਭਾਰਤ ਵਿੱਚ ਦਲਿਤਾਂ ਵਿਰੁੱਧ ਕੁੱਲ 33,594 ਅਪਰਾਧ ਦਰਜ ਕੀਤੇ ਗਏ। ਇਸ ਆਂਕੜੇ ਵਿੱਚ ਮਾਇਆਵਤੀ ਦੇ ਉੱਤਰ ਪ੍ਰਦੇਸ਼ ਦੇ ਯੋਗਦਾਨ 22.4% ਸੀ ਅਤੇ ਇਸ ਤੋਂ ਘੱਟ ਰਾਜਸਥਾਨ ਵਿੱਚ 14.8% ਸੀ ਯਾਨੀ ਕਿ ਦੂਸਰੇ ਸਥਾਨ ਦੇ ਦੇਸ਼ ਨਾਲ਼ੋਂ ਕੋਈ ਇੱਕ-ਦੋ ਪ੍ਰਤੀਸ਼ਤ ਨਹੀਂ ਪੂਰੇ 7.6% ਦਾ ਪਾੜਾ ਹੈ। ਇਸੇ ਸਾਲ ਪੂਰੇ ਭਾਰਤ ਵਿੱਚ ਦਲਿਤ-ਕਤਲਾਂ ਦੇ 624 ਕੇਸ ਦਰਜ ਕੀਤੇ ਗਏ ਜਿਹਨਾਂ ਵਿਚੋਂ 235 ਮਤਲਬ 37.7% ਕੇਸ ਉੱਤਰ ਪ੍ਰਦੇਸ਼ ਵਿੱਚ ਰਿਕਾਰਡ ਕੀਤੇ ਗਏ। ਇਸੇ ਤਰਾਂ ਦਲਿਤ ਔਰਤਾਂ ਦੇ ਬਲਾਤਕਾਰ ਦੇ 1,346 ਕੇਸ ਦਰਜ ਸਨ ਜਿਹਨਾਂ ਵਿੱਚੋਂ ਮੱਧ ਪ੍ਰਦੇਸ਼ 23.8% ਨਾਲ਼ ਸਭ ਤੋਂ ਜ਼ਿਆਦਾ ਪ੍ਰਭਾਵਤ ਰਿਹਾ ਤਾਂ ਉੱਤਰ ਪ੍ਰਦੇਸ਼ ਵਿੱਚ ਇਹ ਦਰ 23.6% ਸੀ, ਮਹਿਜ਼ 0.02% ਦਾ ਫਾਸਲਾ ਸੀ। 2009 ਵਿੱਚ ਅੱਗਜ਼ਨੀ ਦੇ 195 ਕੇਸ ਰਿਕਾਰਡ ਕੀਤੇ ਗਏ ਜਿਹਨਾਂ ਵਿੱਚੋਂ ਸਿਰਫ਼ ਉੱਤਰ ਪ੍ਰਦੇਸ਼ ਵਿੱਚ ਹੀ 38 ਦਰਜ ਹਨ। ਦਲਿਤਾਂ ਦੇ ਨਾਗਰਿਕ ਅਧਿਕਾਰਾਂ ਦੇ ਘਾਣ ਦੇ ਕੁੱਲ 168 ਕੇਸ 2009 ਵਿੱਚ ਦਰਜ ਕੀਤੇ ਗਏ ਜਿਹਨਾਂ ਵਿੱਚ ਮਾਇਆਵਤੀ ਦੇ ਰਾਜ ਦਾ ਹਿੱਸਾ 61 ਅੰਕਾਂ ਨਾਲ਼ ਸਭ ਤੋਂ ਉੱਤੇ ਹੈ ਤੇ ਕੀ ਤੁਸੀਂ ਸੋਚ ਸਕਦੇ ਹੋ ਕਿ ਦੂਸਰੇ ਨੰਬਰ ’ਤੇ ਰਹਿਣ ਵਾਲ਼ੇ ਸੂਬੇ ਨਾਲ਼ ਇਸਦਾ ਕਿੰਨਾ ਫਰਕ ਹੈ ? ਪੂਰੇ 22 ਅੰਕਾਂ ਦਾ, ਆਂਧਰਾ ਪ੍ਰਦੇਸ਼ ਵਿੱਚ ਇਹ ਆਂਕੜਾ 39 ਸੀ। ਇਹ ਦੋ ਸੂਬੇ ਹੀ ਕੁੱਲ ਕੇਸਾਂ ਦਾ 60% ਲਈ ਬੈਠੇ ਹਨ। 2009 ਵਿੱਚ ਐੱਸ. ਸੀ/ਐੱਸ. ਟੀ. ਅਤਿਆਚਾਰ ਰੋਕੂ ਕਾਨੂੰਨ ਅਧੀਨ 11,143 ਕੇਸ ਦਰਜ ਹੋਏ ਤੇ ਸਿਰਫ਼ ਉੱਤਰ ਪ੍ਰਦੇਸ਼ ਵਿੱਚ 2,554 ਕੇਸ ਦਰਜ ਹੋਏ, ਕੁੱਲ ਕੇਸਾਂ ਦਾ 22.9%।

ਇਹ ਤਾਂ ਉਹਨਾਂ ਮਾਮਲਿਆਂ ਦੇ ਅੰਕੜਿਆਂ ਹਨ ਜਿਹਨਾਂ ਵਿੱਚ ਕੇਸ ਦਰਜ ਕੀਤੇ ਗਏ ਸਨ ਅਤੇ ਜੇਕਰ ਅਸੀਂ ਉਹਨਾਂ ਕੇਸਾਂ ਦੇ ਆਂਕੜਿਆਂ ਬਾਰੇ ਸੋਚੀਏ ਜਿਹਨਾਂ ਨੂੰ ਦਰਜ ਹੀ ਨਹੀਂ ਕੀਤਾ ਗਿਆ ਤਾਂ ਸੋਚਕੇ ਵੀ ਘਬਰਾ ਜਾਈਏ ਕਿਉਂਕਿ ਅਸੀਂ ਜਾਣਦੇ ਹਾਂ ਕਿ ਯੂ. ਪੀ. ਇੱਕ “ਦਲਿਤ ਸ਼ਾਸਤ” ਸੂਬਾ ਹੈ ਅਤੇ ਜ਼ਿਆਦਾਤਰ ਦਲਿਤ ਵਿਰੋਧੀ ਕੇਸ ਆਂਕੜਿਆਂ ਨੂੰ ਕੰਟਰੋਲ ਕਰਨ ਲਈ ਦਰਜ ਹੀ ਨਹੀਂ ਕੀਤੇ ਜਾਂਦੇ। ਵੈਸੇ ਵੀ ਅਸੀਂ ਭਾਰਤੀ ਪੁਲਿਸ ਦਾ ਚਰਿੱਤਰ ਕਦੀ ਨਹੀਂ ਭੁੱਲੇ ਜੋ ਕਿਸੇ ਠੀਕ-ਠਾਕ ਨਾਗਰਿਕ ਨੂੰ ਵੀ ਇਨਸਾਨ ਨਹੀਂ ਸਮਝਦੀ ਤਾਂ ਇਹ ਤਾਂ ਉਹਨਾਂ ਦਲਿਤਾਂ ਦੀ ਗੱਲ ਹੋ ਰਹੀ ਹੈ ਜੋ ਸਦੀਆਂ ਤੋਂ ਇਸ ਗੁਲਾਮੀ ਨਾਲ਼ ਬੱਝੇ ਹੋਏ ਹਨ। ਇਸ ਸਾਰੇ ਕਾਸੇ ਵਿੱਚ ਇੱਕ ਹੋਰ ਗੱਲ ਵੀ ਪਾਠਕਾਂ

ਨੂੰ ਦੱਸਣੀ ਬਣਦੀ ਹੈ 1989 ਵਿੱਚ ਇੱਕ ਕਨੂੰਨ ਬਣਿਆ ਸੀ ਐੱਸ.ਸੀ.ਐੱਸ.ਟੀ.ਅਤਿਆਚਾਰ ਰੋਕੂ ਕਾਨੂੰਨ ਜੋ ਕਿ ਦਲਿਤਾਂ ਉੱਤੇ ਅਤਿਆਚਾਰਾਂ ਨੂੰ ਠੱਲ ਪਾਉਣ ਲਈ ਬਣਾਇਆ ਗਿਆ ਸੀ। ਪਰ ਮਾਇਆਵਤੀ ਨੇ 1997 ਵਿੱਚ 'ਇਸ ਕਨੂੰਨ ਦੀ ਦੁਰਵਰਤੋਂ ਰੋਕਣ' ਦੇ ਨਾਮ 'ਤੇ ਇਸਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ। ਉਸਨੇ ਪੁਲਿਸ ਨੂੰ ਸਿਰਫ਼ ਬਲਾਤਕਾਰ ਅਤੇ ਕਤਲ ਕੇਸਾਂ ਵਿੱਚ ਹੀ ਇਸ ਨੂੰ ਵਰਤਣ ਲਈ ਹੁਕਮ ਦਿੱਤਾ ਤੇ ਉਹ ਵੀ ਮੈਡੀਕਲ ਰਿਪੋਰਟ ਤੋਂ ਬਾਅਦ ਭਾਵੇਂ ਕਿ ਇਹ ਹੁਕਮ 2003 ਵਿੱਚ ਵਾਪਸ ਲੈ ਲਿਆ ਗਿਆ ਪਰ ਅਮਲ ਵਿੱਚ ਹਾਲੇ ਤੱਕ ਲਾਗੂ ਹੈ। ਇਸ ਕਨੂੰਨ ਨੂੰ ਰੋਕਣ ਨਾਲ਼ ਅਸਲ ਵਿੱਚ ਮਾਇਆਵਤੀ ਉੱਚੀ ਜਾਤ ਦੇ ਆਪਣੇ ਪੈਰੋਕਾਰਾਂ (ਅਸਲ ਵਿੱਚ ਫਾਈਨੈਂਸਰਾਂ) ਨੂੰ ਵਡਿਆਉਣਾ ਚਾਹੁੰਦੀ ਸੀ ਜੋ ਕਿ ਖੁਦ ਦਲਿਤਾਂ ਉੱਤੇ ਅਤਿਆਚਾਰਾਂ ਵਿੱਚ ਸ਼ਾਮਲ ਰਹੇ ਸਨ। ਇਸਦੇ ਨਾਲ਼ ਹੀ ਮਾਇਵਤੀ ਨੇ ਇਸ ਕਨੂੰਨ ਦੀ ਵਰਤੋਂ ਰੋਕਣ ਨਾਲ਼ ਉੱਚੀਆਂ ਜਾਤਾਂ ਵਿੱਚ ਵੀ ਆਪਣਾ ਵੋਟ ਬੈਂਕ ਬਣਾਇਆ। ਵੈਸੇ ਮਾਇਆਵਤੀ ਕਿਸ ਤਰਾਂ ਦੀ ਪਾਰਟੀ ਚਲਾਉਣੀ ਚਾਹੁੰਦੀ ਹੈ ਇਹ ਪਿਛਲੇ ਦਿਨੀਂ ਉਦੋਂ ਵੀ ਪਤਾ ਲੱਗਿਆ ਜਦੋਂ ਮੀਡੀਆ ਦੇ ਸਾਹਮਣੇ ਹੀ ਉਸ ਦਾ ਨਿੱਜੀ ਸਕੱਤਰ ਉਸਦੇ ਗੰਦੇ ਜੁੱਤੇ ਆਪਣੇ ਰੁਮਾਲ ਨਾਲ਼ ਝੁੱਕ ਕੇ ਸਾਫ਼ ਕਰਨ ਲੱਗ ਪਿਆ ਸੀ। ਮਾਇਆਵਤੀ ਦੀ ਪਾਰਟੀ ਪਾਲਸੀ ਇਸ ਗੱਲ ਤੋਂ ਵੀ ਤੈਅ ਹੁੰਦੀ ਹੈ ਕਿ ਅੱਜ ਬਸਪਾ ਦੇ ਦਰਜਨ ਦੇ ਕਰੀਬ ਐਮ. ਐਲ. ਏ., ਐਮ.ਪੀ. ਬਲਾਤਕਾਰ ਅਤੇ ਹੋਰ ਅਪਰਾਧਕ ਮਾਮਲਿਆਂ ਵਿੱਚ ਫਸੇ ਹੋਏ ਹਨ ਅਤੇ ਉਹ ਵੀ ਜ਼ਿਆਦਾਤਰ ਦਲਿਤਾਂ ਦੇ ਵਿਰੁੱਧ! ਇਹ ਵੀ ਉਹ ਮਾਮਲੇ ਹਨ ਜੋ ਕਿ ਮੀਡੀਆ ਵਿੱਚ ਆਉਣ ਕਰਕੇ ਉਜਾਗਰ ਹੋ ਗਏ।

ਅੱਜ ਕਿਸੇ ਦਲਿਤਵਾਦੀ ਨਾਲ਼ ਅਤੇ ਖਾਸ ਕਰ ਬਸਪਾਈ ਨਾਲ਼ ਦਲਿਤ-ਮੁਕਤੀ ਦੀ ਗੱਲ ਕਰੋ ਤਾਂ ਉਹ 'ਪਹਿਚਾਣ ਦੀ ਰਾਜਨੀਤੀ' ਦਾ ਰਾਗ ਸਭ ਤੋਂ ਉੱਚਾ ਅਲਾਪਣਗੇ। ਅਖੇ ਇਸੇ ਵਿੱਚ ਦਲਿਤ ਸਮੱਸਿਆ ਦਾ ਹੱਲ ਹੈ ਪਰ ਜੇ ਅਸੀਂ ਉੱਪਰ ਦਿੱਤੇ ਆਂਕੜਿਆਂ ਵੱਲ ਧਿਆਨ ਦੇਈਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਪਹਿਚਾਣ ਦੀ ਰਾਜਨੀਤੀ ਦਾ ਅਗਲਾ ਪੜਾਅ ਜਾਤ ਦੀ ਰਾਜਨੀਤੀ ਹੈ ਅਤੇ ਅੰਤ ਵਿੱਚ ਇਹ ਵੋਟ ਦੀ ਰਾਜਨੀਤੀ ਵਿੱਚ ਵੱਟਣ ਦੀ ਆਪਣੀ ਹੋਣੀ 'ਤੇ ਜਾ ਅੱਪੜਦੀ ਹੈ। ਦਲਿਤਾਂ ਦੇ ਹੱਕ ਵਿੱਚ ਇੱਕ ਹੋਰ 'ਮਿਆਂਕ' ਵੀ ਹੈ ਤੇ ਉਹ ਹੈ ਰਿਜ਼ਰਵੇਸ਼ਨ ਦੀ, ਜੇ ਸਾਫ਼ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਕਹਾਂਗੇ ਕਿ ਸੁਧਾਰਾਂ ਨਾਲ਼ ਦਲਿਤਾਂ ਦਾ ਹੱਕ ਦਿਵਾਉਣਾ ਜਾਂ ਉਹਨਾਂ ਦਾ ਰੁਤਬਾ ਉੱਚਾ ਚੁੱਕਣਾ। ਅਤੇ ਰਿਜ਼ਰਵੇਸ਼ਨ ਦਾ ਖੁਦ ਦਾ ਇਤਿਹਾਸ ਗਵਾਹ ਹੈ ਕਿ ਇਸਨੇ ਦਲਿਤਾਂ ਵਿੱਚਲੀ ਮਲਾਈਦਾਰ ਪਰਤ ਨੂੰ ਹੀ ਫਾਇਦਾ ਪਹੁੰਚਾਇਆ ਹੈ। ਪਿੰਡ ਅਤੇ ਸ਼ਹਿਰ ਦੇ ਇੱਕ ਆਮ ਮਜ਼ਬੀ, ਚਮਾਰ ਜਾਂ ਭੰਗੀ ਨੂੰ ਇਸ ਮਲਾਈ ਦੇ ਸਿਰਫ਼ ਸੁਫਨੇ ਹੀ ਦਿਖਾਏ ਗਏ ਹਨ। ਅਤੇ ਹੋਰ ਇਸ ਰਿਜ਼ਰਵੇਸ਼ਨ ਨੇ ਗਰੀਬ ਦਲਿਤਾਂ ਅਤੇ ਹੋਰਨਾਂ ਜਾਤਾਂ ਦੇ ਗਰੀਬਾਂ ਵਿਚਕਾਰ ਪਾੜਾ ਪਾਉਣ ਤੇ ਉਹਨਾਂ ਦੀ ਜਮਾਤੀ ਇੱਕਜੁੱਟਤਾ ਨੂੰ ਸਨ੍ਹ ਲਾਉਣ ਦਾ ਹੀ ਕੰਮ ਕੀਤਾ ਹੈ। ਅੱਜ ਭਾਰਤ ਦੇ ਦਲਿਤਾਂ ਨੂੰ ਇੱਕ ਗੱਲ ਬਿਲਕੁਲ ਸਾਫ਼ ਸਮਝ ਲੈਣੀ ਚਾਹੀਦੀ ਹੈ ਕਿ ਜਾਤ ਆਧਾਰਤ ਜਥੇਬੰਦੀਆਂ ਅਤੇ ਪਾਰਟੀਆਂ ਬਣਾਕੇ ਉਹਨਾਂ ਦੀ ਮੁਕਤੀ ਸਿਰਫ਼ ਇੱਕ ਯੂਟੋਪੀਆ ਹੈ। ਅਗਰ ਉਹ ਸਚਮੁੱਚ ਹੀ ਇਸ ਜਾਤ ਦੇ ਕੋਹੜ ਨੂੰ ਭਾਰਤ ਦੇ ਪਿੰਡੇ ਤੋਂ ਵਗਾਹ ਮਾਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਹਾਕਮ ਜਮਾਤਾਂ ਅੱਗੇ ਜਾਤੀ ਨਹੀਂ ਸਗੋਂ ਜਮਾਤੀ ਇੱਕਜੁੱਟਤਾ ਦਾ ਲੋਹਾ ਮਨਵਾਉਣਾ ਹੋਵੇਗਾ।

•••••

(**ਸਫਾ 7 ਦਾ ਬਾਕੀ**)

ਜਾ ਸਕਦਾ ਹੈ, ਜਾਂ ਕਿ ਮੁਸਲਿਮ ਲੋਕਾਂ ਦੀ ਇਕ 'ਖਾਸ ਕਿਸਮ ਦੀ ਮਾਨਸਿਕਤਾ' ਹੈ ਆਦਿ ਆਦਿ, ਨੂੰ ਇੱਕੋ ਝਟਕੇ ਨਾਲ ਰੱਦੀ ਦੀ ਟੋਕਰੀ 'ਚ ਪੁਚਾ ਦਿੱਤਾ ਹੈ? ਪਰ ਇਹਨਾਂ ਲੋਕ ਉਭਾਰਾਂ ਵਿੱਚ ਸੰਭਾਵਨਾਵਾਂ ਦੇ ਮੁਕਾਬਲੇ ਖਦਸ਼ੇ ਜਿਆਦਾ ਹਨ? ਧਾਰਮਿਕ ਕੱਟੜਪੰਥੀਆਂ ਦੁਆਰਾ ਲੋਕ ਉਭਾਰਾਂ ਕਾਰਨ ਪੈਦਾ ਹੋਈ ਹਾਲਾਤ ਦਾ ਫਾਇਦਾ ਲੈ ਕੇ ਸੱਤਾ ਤੇ ਕਬਜ਼ਾ ਕਰਨ ਦੀ ਸੰਭਾਵਨਾ ਵੀ ਬਣੀ ਹੋਈ ਹੈ ਜਿਸ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਘਟਣ ਦੀ ਥਾਂ ਵਧ ਸਕਦੀਆਂ ਹਨ? ਮਿਸਰ ਵਿੱਚ ਤਾਂ 'ਮੁਸਲਿਮ ਬ੍ਰਦਰਹੁੱਡ' ਨਾਂ ਦੀ ਧਿਰ ਨੂੰ ਬਾਕਾਇਦਾ ਤੌਰ ਤੇ ਉਭਾਰਨ ਦੇ ਸਾਮਰਾਜੀਆਂ ਵੱਲੋਂ ਯਤਨ ਵੀ ਹੋ ਰਹੇ ਹਨ ਕਿਉਂਕਿ ਉਹਨਾਂ ਦੇ ਆਉਣ ਨਾਲ ਪੂੰਜੀਵਾਦ ਨੂੰ ਕੋਈ ਢਾਂਚਾਗਤ ਸੰਕਟ ਨਹੀਂ ਆਉਣ ਲੱਗਾ? ਦੂਜੇ ਪਾਸੇ ਇਹ ਖਤਰਾ ਵੀ ਹੈ ਕਿ ਜੇ 'ਮੁਸਲਿਮ ਬ੍ਰਦਰਹੁੱਡ' ਤੋਂ ਬਿਨਾ ਕੋਈ ਹੋਰ ਧਿਰ ਸੱਤਾ ਸੰਭਾਲਦੀ ਹੈ ਤੇ ਕਿਸੇ ਬੁਨਿਆਦੀ ਤਬਦੀਲੀ ਦੇ ਪ੍ਰੋਗਰਾਮ ਦੀ ਅਣਹੋਂਦ ਕਾਰਨ ਲੋਕਾਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਬਣੀਆਂ ਰਹਿਣਗੀਆਂ? ਅਜਿਹੇ ਮਾਹੌਲ ਵਿੱਚ ਜਦੋਂ ਲੋਕਾਂ ਵਿੱਚ ਨਿਰਾਸ਼ਾ ਤੇ ਪਸਤਹਿੰਮਤੀ ਛਾ ਜਾਂਦੀ ਹੈ, ਤਾਂ ਧਾਰਮਿਕ ਕੱਟੜਪੰਥੀ ਧਿਰਾਂ ਹੋਰ ਵੀ ਵਧੇਰੇ ਆਮ ਲੋਕਾਂ ਦੀ ਹਮਾਇਤ ਜੁਟਾਉਣ ਵਿੱਚ ਕਾਮਯਾਬ ਹੋ ਸਕਦੀਆਂ ਹਨ ਤੇ ਵਧੇਰੇ ਭਿਅੰਕਰ ਤਰੀਕੇ ਨਾਲ ਆਪਣਾ ਏਜੰਡਾ ਲਾਗੂ ਕਰਨ 'ਚ ਸਫ਼ਲ ਹੋ ਸਕਦੀਆਂ ਹਨ? ਇਹ ਵੀ ਹੋ ਸਕਦਾ ਹੈ ਕਿ ਸੱਤਾ ਇੱਕ ਤਾਨਾਸ਼ਾਹ ਦੇ ਹਥੋਂ ਦੂਜੇ ਤਾਨਾਸ਼ਾਹ ਕੋਲ ਚਲੀ ਜਾਵੇ, ਫੇਰ ਤੋਂ ਲੋਕਾਂ ਦੀ ਲੁੱਟ ਦਾ ਨਵਾਂ ਚੱਕਰ ਤੇ ਲੋਕ ਲਹਿਰ ਦੇ ਮੋਹਰੀ ਲੋਕਾਂ ਤੇ ਦਮਨ ਦਾ ਭਿਆਨਕ ਕਹਿਰ ਟੁੱਟੇ ਅਤੇ ਲੋਕ ਉਭਾਰ ਦੀਆਂ ਸੰਭਾਵਨਾਵਾਂ ਕੁਝ ਦੇਰ ਲਈ ਖਤਮ ਹੋ ਜਾਣ?

ਕੁਝ ਵੀ ਹੋਵੇ, ਮਿਸਰ ਦੇ ਲੋਕ ਇਹਨਾਂ 'ਮੁਬਾਰਕ' ਘੜੀਆਂ ਵਿੱਚ ਵਧਾਈ ਦੇ ਹੱਕਦਾਰ ਹਨ ਭਾਵੇਂ ਅੱਗੇ ਦੀ ਰਾਹ ਵੀ ਉਹਨਾਂ ਲਈ ਕੰਡਿਆਂ ਭਰੀ ਹੈ ਤੇ ਇੱਕ ਅਨਜਾਣ ਭਵਿੱਖ ਉਹਨਾਂ ਦੇ ਸਾਹਮਣੇ ਹੈ ਜਿਸਨੂੰ ਸ਼ਾਨਦਾਰ ਭਵਿੱਖ 'ਚ ਉਹ ਬਦਲ ਪਾਉਂਦੇ ਹਨ ਕਿ ਨਹੀਂ, ਇਸਦਾ ਸਵਾਲ ਵੀ ਭਵਿੱਖ ਦੇ ਗਰਭ ਵਿੱਚ ਹੀ ਛੁਪਿਆ ਹੋਇਆ ਹੈ? ਮਿਸਰ ਸਮੇਤ ਤਮਾਮ ਹੋਰ ਮੁਲਕਾਂ ਦੇ ਬਿਹਤਰ ਕੱਲ ਲਈ ਸੜਕਾਂ ਤੇ ਜੂਝ ਰਹੇ ਲੋਕਾਂ ਦੀ ਕੁਰਬਾਨੀ ਤੇ ਜਜ਼ਬੇ ਨੂੰ ਸਲਾਮ !!

•••••

ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿੰਨਾਂ ਦੀ ਸੇਵਾ ਕਰਦਾ ਹੈ ?

(ਛੇਵੀਂ ਕਿਸ਼ਤ)

1947-50 ਦਾ ਸੰਗਰਾਂਦੀ ਦੌਰ - ਕ੍ਰਮਵਾਰ ਪੂੰਜੀਵਾਦੀ ਵਿਕਾਸ ਦੀ ਆਮ ਦਿਸ਼ਾ ਨੂੰ ਤੈਅ ਕਰਨਾ ਅਤੇ ਸੰਵਿਧਾਨ ਦਾ ਬੁਨਿਆਦੀ ਸੁਭਾਅ

1947-50 ਤਕ ਦਾ ਦੌਰ ਅਜਿਹਾ ਸੰਗਰਾਂਦੀ ਦੌਰ ਸੀ, ਜਦੋਂ ਭਾਰਤੀ ਪੂੰਜੀਪਤੀ ਜਮਾਤ ਨੇ ਅੰਸ਼ਕ ਅਤੇ ਸੀਮਤ ਅਰਥਾਂ 'ਚ ਅਬਸਤੀਕਰਨ (ਡੀਕੋਲੋਨਾਈਜ਼ੇਸ਼ਨ) ਦੇ ਕੰਮ ਨੂੰ ਅੰਜਾਮ ਦਿੱਤਾ, ਅਰਧ-ਜਗੀਰੂ ਭੂਮੀ ਸਬੰਧਾਂ ਦੇ ਕ੍ਰਮਵਾਰ ਪੂੰਜੀਵਾਦੀ ਰੂਪਾਂਤਰਣ ਦੀ ਰੂਪਰੇਖਾ ਤਿਆਰ ਕੀਤੀ ਅਤੇ ਪੂੰਜੀਵਾਦੀ ਵਿਕਾਸ ਦੀਆਂ ਆਮ ਨੀਤੀਆਂ ਤਿਆਰ ਕੀਤੀਆਂ।

ਅਬਸਤੀਕਰਨ ਦੀ ਪ੍ਰਕ੍ਰਿਆ ਦੋ ਅਰਥਾਂ 'ਚ ਅੰਸ਼ਕ, ਅਧੂਰੀ ਅਤੇ ਸੀਮਤ ਸੀ। **ਪਹਿਲਾ** ਇਹਨਾਂ ਅਰਥਾਂ 'ਚ ਕਿ ਬਸਤੀਵਾਦੀ ਰਾਜਸੱਤਾ ਦੇ ਢਾਂਚੇ 'ਚ ਰੈਡੀਕਲ ਬਦਲਾਅ ਦੀ ਥਾਂ ਕਈ ਬੁਨਿਆਦੀ ਚੀਜ਼ਾਂ ਨੂੰ ਬਰਕਰਾਰ ਰੱਖਿਆ ਗਿਆ। ਬ੍ਰਿਟਿਸ਼ ਤੌਰ ਦੇ ਪੂੰਜੀਵਾਦੀ ਸੰਸਦੀ ਜਮੂਹਰੀਅਤ ਦੇ ਢਾਂਚੇ ਨੂੰ ਉੱਪਰੋਂ ਤਾਂ ਅਪਣਾ ਲਿਆ ਗਿਆ ਪਰ ਬਸਤੀਵਾਦੀਆਂ ਤੋਂ ਵਿਰਾਸਤ 'ਚ ਹਾਸਲ ਚੰਗੀ ਤਰ੍ਹਾਂ ਵਿਵਸਥਿਤ, ਚੰਗੀ ਤਰ੍ਹਾਂ ਜਥੇਬੰਦ ਅਤੇ ਤਜ਼ਰਬੇਕਾਰ ਨੌਕਰਸ਼ਾਹੀ 'ਚ ਕੋਈ ਵੀ ਫੇਰਬਦਲ ਨਹੀਂ ਕੀਤਾ ਗਿਆ ਕਿਉਂ ਕਿ ਇਹ ਦੇਸ਼ੀ ਪੂੰਜੀਵਾਦੀ ਹਾਕਮਾਂ ਦੇ ਹਿਤਾਂ ਦੀ ਰੱਖਿਆ ਲਈ ਵੀ ਪੂਰੀ ਤਰਾਂ ਅਨੁਕੂਲ ਸੀ। ਫ਼ੌਜ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਢਾਂਚੇ 'ਚ ਵੀ ਕੋਈ ਬਦਲਾਅ ਨਹੀਂ ਕੀਤਾ ਗਿਆ (ਹਾਂ, ਸੱਤਾ ਪ੍ਰਾਪਤੀ ਦੇ ਕੁਝ ਦਹਾਕਿਆਂ ਮਗਰੋਂ ਹਾਕਮ ਜਮਾਤ ਨੇ ਆਪਣੇ ਤਜ਼ਰਬਿਆਂ ਅਤੇ ਦੁਨੀਆਂ ਦੇ ਹੋਰ ਪੂੰਜੀਵਾਦੀ ਮੁਲਕਾਂ ਤੋਂ ਸਿੱਖਦੇ ਹੋਏ ਨਾਗਰਿਕ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਅਤੇ ਫ਼ੌਜ ਨੂੰ ਵੱਧ ਆਧੁਨਿਕ ਅਤੇ ਕਾਰਗਾਰ ਬਣਾਉਣ ਦਾ ਕੰਮ ਜ਼ਰੂਰ ਕੀਤਾ)। ਕਹਿਣ ਨੂੰ ਇਕ "ਖੁਦਮੁਖਤਿਆਰੀ ਸੰਪਨ ਲੋਕਤਾਂਤਰਿਕ ਗਣਰਾਜ" ਦਾ ਦੁਨੀਆਂ ਦਾ ਸਭ ਤੋਂ "ਵੱਡ-ਅਕਾਰੀ ਸੰਵਿਧਾਨ" ਅੰਗੀਕਾਰ ਕੀਤਾ ਗਿਆ, ਪਰ ਬਸਤੀਵਾਦੀ ਕਾਨੂੰਨ ਪ੍ਰਬੰਧ (ਆਈਪੀਸੀ, ਸੀਆਰਪੀਸੀ, ਸੰਪਤੀ ਬਾਰੇ ਕਾਨੂੰਨ, ਜੇਲ੍ਹ ਮੈਨੁਅਲ ਆਦਿ) ਜਿਉਂ ਦੀ ਤਿਉਂ ਰੱਖੇ ਗਏ। ਇਸ ਮੁੱਦੇ 'ਤੇ ਅੱਗੇ ਥਾਂ ਮਿਲਣ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਜਿਥੋਂ ਤੱਕ ਸੰਵਿਧਾਨ ਦੀ ਗੱਲ ਹੈ, ਤਾਂ ਉਸਦੀ ਚਰਚਾ ਤਾਂ ਅੱਗੇ ਕੀਤੀ ਹੀ ਜਾਣੀ ਹੈ। ਇੱਥੇ ਸਿਰਫ਼ ਇੰਨਾ ਵਰਨਣ ਹੀ ਸ਼ਾਇਦ ਕਾਫ਼ੀ ਹੋਵੇਗਾ ਕਿ ਬਸਤੀਵਾਦੀ, 'ਗਵਰਨਮੈਂਟ ਆਫ ਇੰਡੀਆ ਐਕਟ, 1935' ਦੀਆਂ 395 ਧਾਰਾਵਾਂ 'ਚੋਂ ਤਾਂ 250 ਧਾਰਾਵਾਂ ਨੂੰ ਇਸ 'ਚ ਜਾਂ ਤਾਂ ਜਿਉਂ ਦੀ ਤਿਉਂ ਜਾਂ ਥੋੜੀ ਸੋਧ ਦੇ ਨਾਲ ਸ਼ਾਮਲ ਕਰ ਲਿਆ ਗਿਆ। ਭਾਵ ਇਹ ਹੈ ਕਿ ਬਸਤੀਵਾਦੀ ਅਤੀਤ ਤੋਂ ਫੈਸਲਾਕੁੰਨ ਤੋੜ ਵਿਛੋੜੇ ਦੀ ਬਜਾਏ ਉੱਤਰ ਬਸਤੀਵਾਦੀ ਭਾਰਤ ਦੇ ਸਿਆਸੀ-ਪ੍ਰਸ਼ਾਸਨਿਕ ਢਾਂਚੇ 'ਚ ਬਸਤੀਵਾਦੀ ਅਤੀਤ ਦੀ ਵਿਰਾਸਤ ਭਰਪੂਰ ਮਿੱਕਦਾਰ 'ਚ ਮੌਜੂਦ ਸੀ। ਅੰਸ਼ਕ ਅਧੂਰੇ ਅਤੇ ਸੀਮਤ ਅਬਸਤੀਕਰਨ ਦਾ **ਦੂਸਰਾ** ਪੱਖ ਇਹ ਸੀ ਕਿ ਸੱਤਾ 'ਤੇ ਕਾਬਜ਼ ਪੂੰਜੀਪਤੀ ਜਮਾਤ ਨੇ ਸਾਮਰਾਜਵਾਦ, ਜਾਂ ਸੰਸਾਰ ਪੂੰਜੀਵਾਦੀ ਤੰਤਰ ਤੋਂ, ਫੈਸਲਾਕੁੰਨ ਤੋੜ ਵਿਛੋੜਾ ਨਹੀਂ ਕੀਤਾ। ਬਸਤੀਵਾਦੀ ਦੌਰ ਦੀ ਤੁਲਨਾ 'ਚ ਫ਼ਰਕ ਇਹ ਪੈ ਗਿਆ ਕਿ ਹੁਣ ਕਿਸੇ ਇਕ ਸਾਮਰਾਜਾਵਾਦੀ ਤਾਕਤ ਦੀ ਇਜ਼ਾਰੇਦਾਰੀ ਦੀ ਬਜਾਏ ਸਾਰੀਆਂ ਸਾਮਰਾਜੀ ਤਾਕਤਾਂ ਦੀ ਲੁੱਟ ਅਤੇ ਭੇੜ ਲਈ ਭਾਰਤੀ ਮੰਡੀ ਦੇ ਦਰਵਾਜੇ ਖੁੱਲ ਗਏ ਸਨ। ਨਾਲੇ, ਰਾਜਸੱਤਾ 'ਤੇ ਕੰਟਰੋਲ ਕਾਰਨ, ਭਾਰਤੀ ਪੂੰਜੀਪਤੀ ਜਮਾਤ ਅੰਤਰ ਸਾਮਰਾਜਵਾਦੀ ਭੇੜ ਦਾ ਲਾਭ ਉਠਾ ਸਕਣ 'ਚ ਅਤੇ ਪੂੰਜੀ ਅਤੇ ਟੈਕਨੋਲਾਜੀ ਲੈਣ ਅਤੇ ਵਾਫ਼ਰ ਕਦਰ ਦੀ ਲੁੱਟ 'ਚ ਆਪਣਾ ਹਿੱਸਾ ਵਧਾਉਣ ਨੂੰ ਲੈ ਕੇ ਸਾਮਰਾਜਵਾਦੀਆਂ ਨਾਲ ਸੌਦੇਬਾਜ਼ੀ ਕਰ ਸਕਣ 'ਚ ਵੱਧ ਸਮਰਥ ਹੋ ਗਈ ਸੀ।

ਉਂਵ ਵੇਖਿਆ ਜਾਵੇ ਤਾਂ ਸਾਮਰਾਜਵਾਦ ਤੋਂ ਫੈਸਲਾਕੁੰਨ ਤੋੜ ਵਿਛੋੜਾ ਵੀਹਵੀਂ ਸਦੀ 'ਚ ਬਸਤੀਵਾਦ-ਵਿਰੋਧੀ ਸੰਘਰਸ਼ਾਂ ਦੀ ਪੂੰਜੀਵਾਦੀ ਲੀਡਰਸ਼ਿਪ ਦੁਨੀਆਂ 'ਚ ਕਿਤੇ ਵੀ ਨਹੀਂ ਕਰ ਸਕੀ ਸੀ। ਇਹ ਸਿਰਫ਼ ਉਥੇ ਸੰਭਵ ਹੋ ਸਕਿਆ, ਜਿਥੇ ਕੌਮੀ ਮੁਕਤੀ ਸੰਘਰਸ਼ਾਂ ਦੀ ਅਗਵਾਈ ਮਜ਼ਦੂਰ ਜਮਾਤ ਅਤੇ ਉਸਦੀ ਹਰਾਵਲ ਪਾਰਟੀ ਦੇ ਹੱਥਾਂ 'ਚ ਸੀ। ਜਿਹਨਾਂ ਮੁਲਕਾਂ ਦੀ ਰੈਡੀਕਲ ਪੂੰਜੀਪਤੀ ਜਮਾਤ ਨੇ ਹਥਿਆਰਬੰਦ ਲੋਕ ਸੰਘਰਸ਼ ਰਾਹੀਂ ਕੌਮੀ ਜਮਹੂਰੀ ਇਨਕਲਾਬ ਨੂੰ ਅੰਜ਼ਾਮ ਦੇਣ ਦੀ ਕੋਸ਼ਿਸ਼ ਕੀਤੀ, ਉੱਥੇ ਵੀ ਇਸਨੂੰ ਅਧੂਰਾ ਛੱਡ ਦਿੱਤਾ ਗਿਆ। ਤੀਜੀ ਦੁਨੀਆ ਦੀ ਰੈਡੀਕਲ ਪੂੰਜੀਪਤੀ ਜਮਾਤ ਨੇ ਸੱਤਾ 'ਤੇ ਕਾਬਜ਼ ਹੋਣ ਮਗਰੋਂ ਇਕ ਹੱਦ ਤੱਕ ਹੀ ਸਾਮਰਾਜਵਾਦ ਵਿਰੋਧੀ ਕਦਮ ਚੁੱਕੇ ਅਤੇ ਕੁਝ ਵਰ੍ਹਿਆਂ ਮਗਰੋਂ ਸਾਮਰਾਜਾਵਾਦ ਪ੍ਰਤੀ ਨਰਮੀ ਅਤੇ ਸਮਝੌਤੇ ਦਾ ਰੁਖ ਅਪਣਾ ਲਿਆ। ਕਾਰਨ ਸੱਪਸ਼ਟ ਸੀ। ਸਾਮਰਾਜਵਾਦ ਦੇ ਯੁੱਗ 'ਚ ਕਿਸੇ ਪਿਛੜੇ ਮੁਲਕ ਦੀ ਪੂੰਜੀਪਤੀ ਜਮਾਤ ਲਈ ਇਹ ਸੰਭਵ ਹੀ ਨਹੀਂ ਹੋ ਸਕਦਾ ਸੀ ਕਿ ਉਹ ਸੰਸਾਰ ਪੂੰਜੀਵਾਦੀ ਤੰਤਰ ਤੋਂ ਅਲਗ ਰਹਿ ਕੇ ਅਜ਼ਾਦ ਪੂੰਜੀਵਾਦੀ ਵਿਕਾਸ ਕਰ ਸਕੇ ਜਾਂ ਸੰਸਾਰ ਮੰਡੀ 'ਚ ਸਾਮਰਾਜਵਾਦੀ ਚੌਧਰੀਆਂ ਦੀ ਮੁਕਾਬਲੇਬਾਜ਼ ਬਣ ਸਕੇ। ਉਹਨਾਂ ਦੀ ਤਰਕਸ਼ੀਲ ਹੋਣੀ ਇਹੀ ਹੋ ਸਕਦੀ ਸੀ ਕਿ ਉਹ ਸਮਾਂ ਪਾ ਕੇ ਸਾਮਰਾਜਵਾਦੀਆਂ ਦੇ ਜੂਨੀਅਰ ਪਾਰਟਨਰ ਦੇ ਰੂਪ 'ਚ ਸੰਸਾਰ ਪੂੰਜੀਵਾਦੀ ਤੰਤਰ 'ਚ ਸੈਟ ਹੋ ਜਾਣ।

ਭਾਰਤ ਦੀ ਪੂੰਜੀਪਤੀ ਜਮਾਤ ਦਾ ਚਰਿੱਤਰ ਰੈਡਿਕਲ ਜਾਂ ਇਨਕਲਾਬੀ ਕਦੇ ਵੀ ਨਹੀਂ ਸੀ। ਕਿਸੇ ਲੋਕ ਇਨਕਲਾਬ ਦੀ ਅਗਵਾਈ ਕਰਨ ਦੀ ਬਜਾਏ ਇਸਨੇ ਲੋਕ ਲਹਿਰਾਂ ਦੀ ਵਰਤੋਂ ਅੰਗਰੇਜ਼ਾਂ 'ਤੇ ਦਬਾਅ ਬਣਾਉਣ ਲਈ ਕੀਤੀ ਅਤੇ 'ਸਮਝੌਤਾ-ਦਬਾਅ-ਸਮਝੌਤਾ' ਦਾ ਲੰਮਾ, ਵਿਸਾਹਘਾਤਪੂਰਨ ਅਤੇ ਕੁਟਿਲ ਮਾਰਗ ਅਪਣਾ ਕੇ (ਸੰਸਾਰ ਹਾਲਤਾਂ ਦਾ ਲਾਭ ਉਠਾ ਕੇ) ਸੱਤਾ ਹਾਸਿਲ ਕੀਤੀ।

1947 ਦੇ ਤੁਰੰਤ ਮਗਰੋਂ ਦੀ ਹਾਲਤ ਜੇਕਰ ਵੇਖੀਏ ਤਾਂ ਅਰਥਚਾਰੇ ਦੀਆਂ ਮੁੱਖ ਬਰਾਂਚਾਂ 'ਚ ਵਿਦੇਸ਼ੀ ਪੂੰਜੀ ਦੀ, ਉਸ 'ਚ ਮੁੱਖ ਤੌਰ 'ਤੇ ਬ੍ਰਿਟਿਸ਼ ਪੂੰਜੀ ਦੀ ਪ੍ਰਭਾਵੀ ਹਾਲਤ ਬਣੀ ਹੋਈ ਸੀ। ਭਾਰਤੀ ਪੂੰਜੀਪਤੀ ਜਮਾਤ ਲਈ ਆਰਥਿਕ ਖੇਤਰ 'ਚ ਅਜ਼ਾਦ ਪਹਿਲਕਦਮੀ ਅਤੇ ਕਾਰਵਾਈ ਦਾ ਦਾਇਰਾ ਬੇਹੱਦ ਤੰਗ ਸੀ। ਹੁਣ ਵੀ ਭਾਰਤੀ ਅਰਥਚਾਰੇ ਦੀ ਬਸਤੀਵਾਦੀ ਸੰਰਚਨਾ ਅਤੇ ਵਿਦੇਸ਼ੀ ਪੂੰਜੀ (ਮੁੱਖ ਤੌਰ 'ਤੇ ਬ੍ਰਿਟਿਸ਼ ਪੂੰਜੀ) ਦੀ ਸਰਦਾਰੀ ਹੀ ਕੌਮਾਂਤਰੀ ਕਿਰਤ ਵੰਡ ਦੀ ਪ੍ਰਣਾਲੀ ਅੰਦਰ ਭਾਰਤ ਦਾ ਸਥਾਨ ਤੈਅ ਕਰਦੇ ਸਨ। ਭਾਰਤ 'ਚ ਵਿਦੇਸ਼ੀ ਨਿਵੇਸ਼ ਦੇ ਪ੍ਰਥਮ ਸਰਵੇਖਣ (ਜੂਨ, 1948) ਅਨੁਸਾਰ, ਪ੍ਰਮੁੱਖ ਸਨਅਤਾਂ 'ਤੇ ਵਿਦੇਸ਼ੀ ਨਿਵੇਸ਼ ਦੀ ਸਰਦਾਰੀ ਕਾਇਮ ਸੀ ਅਤੇ ਕੁੱਲ ਵਿਦੇਸ਼ੀ ਪੂੰਜੀ ਨਿਵੇਸ਼ ਦਾ 72 ਪ੍ਰਤੀਸ਼ਤ ਬ੍ਰਿਟਿਸ਼ ਸੀ। ਪਹਿਲਾਂ ਦੀ ਹੀ ਤਰਾਂ, ਭਾਰਤ ਹੁਣ ਵੀ ਸਨਅਤੀ ਪੂੰਜੀਵਾਦੀ ਦੇਸ਼ਾਂ 'ਚ, ਖਾਸ ਕਰ ਬ੍ਰਿਟੇਨ ਲਈ ਮੁੱਖ ਤੌਰ 'ਤੇ ਕੱਚੇ ਮਾਲ ਦੀ ਪੂਰਤੀ ਕਰਨ ਵਾਲਾ ਇੱਕ ਪਿੱਛਲੱਗੂ ਦੇਸ਼ ਬਣਿਆ ਹੋਇਆ ਸੀ। ਪਰ 1947-50 ਦੌਰਾਨ ਹੀ ਇਸ ਹਾਲਤ 'ਚ ਕ੍ਰਮਵਾਰ ਬਦਲਾਅ ਦੀ ਸ਼ੁਰੂਆਤ ਹੋ ਚੁੱਕੀ ਸੀ। ਅਜ਼ਾਦੀ ਪ੍ਰਾਪਤੀ ਸਮੇਂ, ਭਾਰਤ ਨੂੰ ਬ੍ਰਿਟੇਨ ਤੋਂ 1500 ਕਰੋੜ ਰੁਪਏ (ਪੌਂਡ-ਪਾਵਨੇ ਦੇ ਰੂਪ 'ਚ, ਜਿਹੜੀ ਯੁੱਧਕਾਲ ਦੇ ਦੌਰਾਨ ਸੰਗ੍ਰਹਿਤ ਹੋਈ ਸੀ) ਹਾਸਲ ਕਰਨੇ ਸਨ। ਜੁਲਾਈ, 1948 'ਚ ਹੋਏ ਆਂਗਲ ਭਾਰਤੀ ਸਮਝੌਤੇ ਤਹਿਤ ਇਸ 'ਚੋਂ 1000 ਕਰੋੜ ਰੁਪਏ ਦੀ ਵਰਤੋਂ ਸਨਅਤੀ ਸਮਰਥਾ ਦੇ ਆਧੁਨਿਕੀਕਰਨ ਅਤੇ ਵਿਸਥਾਰ 'ਚ ਲੋੜੀਂਦੇ ਪੂੰਜੀਗਤ ਸਾਧਨ ਹਾਸਲ ਕਰਨ ਲਈ ਕੀਤਾ ਗਿਆ। ਬਾਕੀ 500 ਕਰੋੜ ਰੁਪਏ ਫ਼ੌਜੀ ਸੰਦਾਂ ਅਤੇ ਪੂਰਵ ਬ੍ਰਿਟਿਸ਼ ਅਧਿਕਾਰੀਆਂ ਦੀ ਪੈਂਸ਼ਨ ਦੇ ਮਦ 'ਚ ਪਾ ਦਿੱਤੇ ਗਏ। ਇਹ ਸਮਝੌਤਾ ਭਾਰਤ ਦੇ ਸਨਅਤੀ ਵਿਕਾਸ 'ਤੇ ਬ੍ਰਿਟਿਸ਼ ਇਜ਼ਾਰੇਦਾਰੀ ਦੇ ਪ੍ਰਭਾਵ ਨੂੰ ਬਣਾਈ ਰੱਖਣ 'ਚ ਸਹਾਇਕ ਤਾਂ ਸਿੱਧ ਹੋਇਆ, ਪਰ ਇਹ ਨਾ ਤਾਂ ਮੁਕਾਬਲੇਬਾਜ਼ ਅਮਰੀਕਾ, ਜਪਾਨ ਅਤੇ ਪੱਛਮੀ ਜਰਮਨ ਦੀ ਪੂੰਜੀ ਦੀ ਭਾਰਤੀ ਮੰਡੀ 'ਚ ਘੁਸਪੈਠ ਨੂੰ ਰੋਕ ਸਕਿਆ, ਨਾ ਹੀ ਭਾਰਤੀ ਪੂੰਜੀਪਤੀ ਜਮਾਤ ਰਾਹੀਂ ਆਪਣੀ ਹਾਲਤ ਦੇ ਮਜ਼ਬੂਤੀਕਰਨ ਨੂੰ ਰੋਕ ਸਕਿਆ। ਪੂੰਜੀ ਦੀ ਕਮੀ ਅਤੇ ਟੈਕਨੋਲਾਜੀ ਦੇ ਪਛੜੇਪਨ ਦੀ ਸ਼ਿਕਾਰ ਭਾਰਤੀ ਪੂੰਜੀਪਤੀ ਜਮਾਤ ਨੇ 1947-50 ਦਰਮਿਆਨ ਵਿਭਿੰਨ ਸਾਮਰਾਜਵਾਦੀ ਮੁਲਕਾਂ ਦੀਆਂ ਕੰਪਨੀਆਂ ਨਾਲ ਮੋਟਰ ਕਾਰ ਅਤੇ ਟਰੈਕਟਰ-ਅਸੈਂਬਲਿੰਗ, ਸਾਈਕਲ ਅਤੇ ਉਤਪਾਦਨ ਦੇ ਵੱਖ-ਵੱਖ ਖੇਤਰਾਂ 'ਚ 88 ਮਿਸ਼ਰਿਤ ਕੰਪਨੀਆਂ ਸਥਾਪਿਤ ਕੀਤੀਆਂ। ਸਨਅਤੀਕਰਨ 'ਚ ਅਮਰੀਕੀ ਵਿੱਤੀ ਅਤੇ ਤਕਨੀਕੀ ਮਦਦ ਲਈ ਖਾਸ ਕੋਸ਼ਿਸ਼ ਕੀਤੀ ਗਈ। ਇਸ ਉਦੇਸ਼ ਨਾਲ ਨਹਿਰੂ ਨੇ ਅਕਤੂਬਰ-ਨਵੰਬਰ 1949 'ਚ ਅਮਰੀਕਾ ਦੀ ਯਾਤਰਾ ਵੀ ਕੀਤੀ। ਇਸ ਨਾਲ ਭਾਰਤ 'ਚ ਅਮਰੀਕੀ ਪੂੰਜੀ-ਪ੍ਰਵਾਹ ਨੂੰ ਬਲ ਮਿਲਿਆ ਅਤੇ ਆਉਣ ਵਾਲੇ ਵਰ੍ਹਿਆਂ 'ਚ ਦੋਨਾਂ ਦੇਸ਼ਾਂ ਦਰਮਿਆਨ ਵਿਆਪਕ ਆਰਥਿਕ ਸਹਿਕਾਰ ਦਾ ਮਾਰਗ ਤੈਅ ਹੋਇਆ। ਪਰ ਆਰਥਿਕ ਰੂਪ ਨਾਲ ਕਮਜ਼ੋਰ ਹੁੰਦੇ ਹੋਏ ਵੀ ਵਿਦੇਸ਼ ਨੀਤੀ ਦੇ ਮਾਮਲੇ 'ਚ ਭਾਰਤੀ ਪੂੰਜੀਪਤੀ ਜਮਾਤ ਦੇ ਸਿਆਸੀ ਨੁਮਾਇੰਦਿਆਂ ਨੇ ਕਾਫ਼ੀ ਸਿਆਸੀ ਚਲਾਕੀ ਦਾ ਮੁਜ਼ਾਹਿਰਾ ਕੀਤਾ। ਗੁੱਟ-ਨਿਰਪੱਖਤਾ ਦੀ ਨੀਤੀ ਅਪਣਾਉਂਦੇ ਹੋਏ ਇਸਨੇ ਅਮਰੀਕੀ ਸਿਆਸੀ-ਫ਼ੌਜੀ ਗੁੱਟ 'ਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਸਾਰੇ ਸਾਮਰਾਜਵਾਦੀ ਮੁਲਕਾਂ ਨਾਲ ਰਿਸ਼ਤਾ ਬਣਾ ਕੇ ਉਹਨਾਂ ਦੇ ਆਪਸੀ ਭੇੜ ਦਾ ਲਾਭ ਉਠਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਵਰਨਣਯੋਗ ਹੈ ਕਿ ਸਤੰਬਰ, 1946 'ਚ ਹੀ ਕਾਂਗਰਸ ਦੀ ਅੰਤਰਿਮ ਸਰਕਾਰ ਇਸ ਵਿਦੇਸ਼ ਨੀਤੀ ਦਾ ਐਲਾਨ ਕਰ ਚੁੱਕੀ ਸੀ। 1948 'ਚ ਕਾਂਗਰਸ ਦੇ ਜੈਪੁਰ ਸੈਸ਼ਨ ਨੇ ਬਸਤੀਵਾਦ ਵਿਰੋਧੀ, ਸ਼ਾਂਤੀ, ਨਿਰਪੱਖਤਾ ਅਤੇ ਗੁਟਨਿਰਪੇਖਤਾ ਦੀ ਨੀਤੀ ਅਪਨਾਈ। ਭਾਂਵੇ 1947-50 ਦਰਮਿਆਨ ਹੀ ਇਸ ਨੀਤੀ ਦਾ ਦੁਰੰਗਾਪਨ ਜਾਹਿਰ ਹੋ ਚੁੱਕਿਆ ਸੀ। ਜਿਵੇਂ ਕਿ ਮੂੰਹ-ਜ਼ੁਬਾਨੀ ਹੋ ਚੀ ਮਿੰਨ੍ਹ ਸਰਕਾਰ ਦਾ ਸਮਰਥਨ ਕਰਦੇ ਹੋਏ ਵੀ ਭਾਰਤ ਸਰਕਾਰ ਨੇ ਵਿਵਹਾਰਕ ਤੌਰ 'ਤੇ ਬ੍ਰਿਟੇਨ ਦੀ ਮਲਾਇਆ ਨੀਤੀ ਦਾ ਸਮਰਥਨ ਕੀਤਾ। ਇੰਡੋਨੇਸ਼ੀਆ 'ਚ ਜਾਰੀ ਕੌਮੀ ਮੁਕਤੀ ਸੰਘਰਸ਼ ਦੇ ਮਾਮਲੇ 'ਚ ਵੀ ਉਸਨੇ ਅਜਿਹਾ ਹੀ ਕੀਤਾ। ਭਾਰਤੀ ਪੂੰਜੀਪਤੀ ਜਮਾਤ ਨੇ ਨਿਰਗੁੱਟ ਦੇਸ਼ਾਂ ਦੇ ਮੰਚ ਦੀ ਵਰਤੋਂ ਅਸਲ 'ਚ ਸਾਮਰਾਜਵਾਦੀ ਦੇਸ਼ਾਂ ਨਾਲ ਸੌਦੇਬਾਜ਼ੀ ਲਈ ਨਵੇਂ ਅਜ਼ਾਦ ਹੋਏ ਦੇਸ਼ਾਂ ਦੀਆਂ ਸਮਾਨ ਚਰਿੱਤਰ ਰੱਖਣ ਵਾਲੀਆਂ ਹਾਕਮ ਜਮਾਤਾਂ ਨੂੰ ਨਾਲ ਲੈਣ ਲਈ ਕੀਤਾ। ਇਹੀ ਨਹੀਂ, ਸਾਮਰਾਜਵਾਦੀ ਮੁਲਕਾਂ 'ਤੇ ਦਬਾਅ ਬਣਾਉਣ ਲਈ ਉਸਨੇ ਸਮਾਜਵਾਦੀ ਕੈਂਪ ਦੇ ਨਾਲ ਵੀ ਸਬੰਧ ਬਣਾਏ। ਅੱਗੇ ਚੱਲ ਕੇ ਇਸੇ ਨੀਤੀ ਨੂੰ ਵਿਸਥਾਰ ਦਿੰਦੇ ਹੋਏ ਸੋਵੀਅਤ ਸੰਘ 'ਚ ਖੁਰਸ਼ਚੇਵ ਦੇ ਦੌਰ 'ਚ ਸਮਾਜਵਾਦ ਦੇ ਪਤਨ ਮਗਰੋਂ, ਸੋਵੀਅਤ ਸਾਮਰਾਜਵਾਦੀ ਕੈਂਪ ਨਾਲ ਕਰੀਬੀ ਵਧਾ ਕੇ ਨਰਮ ਸ਼ਰਤਾਂ 'ਤੇ ਆਰਥਿਕ-ਤਕਨੀਕੀ-ਫੌਜੀ ਮਦਦ ਹਾਸਿਲ ਕਰਨ ਨਾਲ ਹੀ ਭਾਰਤੀ ਹੁਕਮਰਾਨ ਜਮਾਤ ਨੇ ਅਮਰੀਕੀ ਦਬਾਅ ਦਾ ਸਫਲਤਾਪੂਰਵਕ ਮੁਕਾਬਲਾ ਵੀ ਕੀਤਾ। ਕੁੱਲ ਮਿਲਾ ਕੇ, ਅੰਤਰ ਸਾਮਰਾਜਵਾਦੀ ਭੇੜ ਦਾ ਜੂਨੀਅਰ ਪਾਰਟਨਰ ਹੁੰਦੇ ਹੋਏ ਵੀ, ਕਿਸੇ ਇਕ ਸਾਮਰਾਜਵਾਦੀ ਤਾਕਤ ਦਾ ਦੁਮਛੱਲਾ ਹੋਣ ਤੋਂ ਬਚਿਆ ਰਿਹਾ। ਉਸਨੇ ਆਪਣੀ ਸਿਆਸੀ ਅਜ਼ਾਦੀ ਦਾ ਲਾਭ ਚੁੱਕ ਕੇ ਆਪਣੇ ਆਰਥਿਕ ਵਿਕਲਪਾਂ ਨੂੰ ਲਗਾਤਾਰ ਬਹੁਮੁੱਖੀ ਬਣਾਈ ਰੱਖਿਆ ਅਤੇ ਆਪਣੇ ਆਰਥਿਕ ਅਧਾਰਾਂ ਦਾ ਮਜ਼ਬੂਤੀਕਰਨ-ਵਿਸਥਾਰੀਕਰਨ ਕਰਦਾ ਰਿਹਾ।

ਸੱਤਾ ਪ੍ਰਾਪਤੀ ਤੋਂ ਫੌਰੀ ਮਗਰੋਂ ਸੁਰੱਖਿਆਵਾਦੀ ਸੀਮਾ ਚੂੰਗੀ ਅਤੇ ਨਿੱਜੀ ਵਿਦੇਸ਼ੀ ਪੂੰਜੀ ਦੀਆਂ ਸਰਗਰਮੀਆਂ 'ਤੇ ਰੋਕ ਲਗਾ ਕੇ ਨਹਿਰੂ ਸਰਕਾਰ ਨੇ ਦੇਸ਼ੀ ਪੂੰਜੀ ਦੀ ਮਹੱਤਵਪੂਰਨ ਮਦਦ ਕੀਤੀ। 1948 'ਚ ਸਨਅਤੀ ਉਸਾਰੀ ਲਈ ਵਿੱਤ ਉਪਲਬਧ ਕਰਾਉਣ ਦੇ ਉਦੇਸ਼ ਨਾਲ ਰਾਜਕੀ ਸਨਅਤੀ ਵਿੱਤ ਕਮਿਸ਼ਨ ਕਾਇਮ ਕੀਤਾ ਗਿਆ। ਸ਼ੁਰੂਆਤੀ ਪੂੰਜੀ-ਸੰਗ੍ਰਹਿ ਦੀ ਸਮੱਸਿਆ ਨੂੰ ਹੱਲ ਕਰਨ ਲਈ ਭਾਰਤੀ ਪੂੰਜੀਪਤੀ ਜਮਾਤ ਨੇ ਵਿਦੇਸ਼ਾਂ ਤੋਂ ਪੂੰਜੀ ਆਯਾਤ ਨੂੰ ਪ੍ਰਮੁੱਖਤਾ ਦੇਣ ਦੀ ਬਜਾਏ ਦੇਸ਼ ਦੇ ਸਿੱਧੇ ਉਤਪਾਦਕਾਂ ਨੂੰ ਨਿਚੋੜਨ 'ਤੇ ਜ਼ੋਰ ਦਿੱਤਾ। ਆਮ ਲੋਕਾਂ ਨੂੰ ਲੁੱਟ ਕੇ ਉਹ ਪੈਸਾ ਕਿਉਂ ਕਿ ਸਿੱਧੇ ਪੂੰਜੀਪਤੀ ਜਮਾਤ ਨੂੰ ਨਹੀਂ ਦਿੱਤਾ ਜਾ ਸਕਦਾ ਸੀ, ਇਸ ਲਈ ਸਰਵਜਨਿਕ ਖੇਤਰ, ਸੰਯੁਕਤ ਖੇਤਰ ਅਤੇ

ਨਿੱਜੀ ਖੇਤਰ ਵਾਲੇ ਮਿਸ਼ਰਿਤ ਅਰਥਚਾਰੇ ਦਾ ਰਾਹ ਅਪਣਾਇਆ ਗਿਆ। ਜਿਆਦਾਤਰ ਬੁਨਿਆਦੀ ਅਤੇ ਆਲ-ਜੰਜਾਲ ਸਨਅਤਾਂ ਨੂੰ ਸਰਵਜਨਿਕ ਖੇਤਰ 'ਚ ਸਥਾਪਿਤ ਕਰਨ ਦਾ ਫੈਸਲਾ ਲਿਆ ਗਿਆ। ਇਹਨਾਂ 'ਚ ਬਹੁਤ ਘੱਟ ਮੁਨਾਫ਼ਾ ਸੀ, ਪਰ ਇਹਨਾਂ ਦੇ ਜ਼ੋਰ 'ਤੇ ਨਿੱਜੀ ਖੇਤਰ ਭਾਰੀ ਮੁਨਾਫਾ ਕਮਾ ਕੇ ਆਪਣੀ ਪੂੰਜੀ ਦਾ ਵਿਸਥਾਰ ਕਰ ਸਕਦਾ ਸੀ। ਉਸ ਸਮੇਂ ਭਾਰਤੀ ਪੂੰਜੀਪਤੀ ਜਮਾਤ ਬੁਨਿਆਦੀ ਅਤੇ ਆਲ-ਜੰਜਾਲ ਸਨਅਤ ਸਥਾਪਿਤ ਕਰ ਸਕਣ ਦੀ ਸਮਰਥਾ ਨਹੀਂ ਰੱਖਦੀ ਸੀ, ਇਸ ਲਈ ਇਹ ਕੰਮ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ਼ ਕੀਤਾ ਗਿਆ (ਅਤੇ ਅੱਗੇ ਚਲ ਕੇ ਜਦੋਂ ਉਸਦੀ ਸਮਰਥਾ ਹੋ ਗਈ ਤਾਂ ਕੌਡੀਆਂ ਦੇ ਭਾਅ 'ਤੇ ਸਰਵਜਨਿਕ ਅਦਾਰਿਆਂ ਨੂੰ ਵੇਚਿਆ ਜਾਣ ਲਗਿਆ)। ਬੁਨਿਆਦੀ ਅਤੇ ਢਾਂਚਾਗਤ ਸਨਅਤ ਨੂੰ ਵਿਦੇਸ਼ੀ ਪੂੰਜੀ ਦੀ ਸਰਦਾਰੀ ਤੋਂ ਬਚਾ ਕੇ ਭਾਰਤੀ ਪੂੰਜੀਪਤੀ ਜਮਾਤ ਅਰਥਚਾਰੇ ਨੂੰ ਸਾਮਰਾਜਵਾਦ ਦੀ ਨਵ-ਬਸਤੀਵਾਦੀ ਜਕੜਬੰਦੀ ਤੋਂ ਬਚਾਈ ਰੱਖਣਾ ਚਾਹੁੰਦੀ ਸੀ (ਜ਼ਾਹਿਰ ਹੈ ਸਾਮਰਾਜਵਾਦੀ ਲੁੱਟ ਦੀ ਛੋਟ ਤਾਂ ਉਸਨੂੰ ਦੇਣੀ ਹੀ ਸੀ)। ਅਪ੍ਰੈਲ, 1948 'ਚ ਸੰਵਿਧਾਨ ਸਭਾ 'ਚ ਨਹਿਰੂ ਨੇ ਮਿਸ਼ਰਿਤ ਅਰਥਚਾਰੇ ਵਾਲੀ ਸਨਅਤੀ ਨੀਤੀ ਦਾ ਐਲਾਨ ਕੀਤਾ। ਜੁਲਾਈ, 1948 'ਚ ਭਾਰਤੀ ਰਿਜ਼ਰਵ ਬੈਂਕ ਦਾ ਕੌਮੀਕਰਨ ਹੋਇਆ। 1949 'ਚ ਬੈਂਕਿੰਗ ਕੰਪਨੀ ਐਕਟ ਰਾਹੀਂ ਨਿੱਜੀ, ਸੰਯੁਕਤ ਪੂੰਜੀ ਬੈਂਕਾਂ 'ਤੇ ਇਕ ਹੱਦ ਤੱਕ ਰਾਜਕੀ ਕੰਟਰੋਲ ਸਥਾਪਿਤ ਕੀਤਾ ਗਿਆ। ਅਜ਼ਾਦੀ ਮਗਰੋਂ ਸ਼ੁਰੂਆਤੀ ਵਰ੍ਹਿਆਂ 'ਚ, ਦੇਸ਼ ਦੀ ਵੰਡ ਨਾਲ ਪੈਦਾ ਹੋਈ ਬੇਤਰਤੀਬੀ ਕਰਕੇ ਅੰਨ ਪਦਾਰਥਾਂ ਅਤੇ ਜ਼ਰੂਰੀ ਵਸਤੂਆਂ ਦੀ ਭਾਰੀ ਕਮੀ ਹੋ ਗਈ ਸੀ। 1947-50 ਦਰਮਿਆਨ ਸਰਕਾਰ ਨੇ 1 ਕਰੋੜ ਟਨ ਅਨਾਜ ਦਾ ਅਯਾਤ ਕੀਤਾ ਅਤੇ 1948 ਤੋਂ ਜ਼ਰੂਰੀ ਅੰਨ ਪਦਾਰਥਾਂ ਦੀ ਰਾਸ਼ਨਿੰਗ ਲਾਗੂ ਕੀਤੀ ਗਈ। ਇਸ ਦੌਰ 'ਚ ਚੋਰ ਬਜ਼ਾਰੀ, ਜਮ੍ਹਾਖੋਰੀ, ਵਾਅਦਾ-ਕਾਰੋਬਾਰ ਅਤੇ ਸੱਟੇਬਾਜ਼ੀ ਰਾਹੀਂ ਕੁਝ ਲੋਕਾਂ ਨੇ ਵਿਰਾਟ ਸੰਪਤੀਆਂ ਬਣਾ ਲਈਆਂ ਅਤੇ ਪੂੰਜੀ ਦੇ ਸ਼ੁਰੂਆਤੀ ਸੰਗ੍ਰਹਿ ਦੀ ਪ੍ਰਕ੍ਰਿਆ ਤੇਜ਼ ਹੋ ਗਈ। 1949 ਤੱਕ ਆਰਥਿਕ ਸਥਿਰਤਾ ਦਾ ਮਾਹੌਲ ਬਣਨ ਲੱਗਿਆ ਸੀ ਅਤੇ ਸੰਪਤੀ-ਸ਼ਾਲੀ ਜਮਾਤਾਂ ਨੇ ਆਪਣਾ ਸੰਗ੍ਰਹਿਤ ਧਨ ਸਨਅਤਾਂ 'ਚ ਸਥਾਨਾਂਤਰਿਤ ਕਰਨਾ ਸ਼ੁਰੂ ਕਰ ਦਿੱਤਾ।

ਭਾਰਤੀ ਪੂੰਜੀਪਤੀ ਜਮਾਤ ਇਸ ਗੱਲ ਨੂੰ ਭਲੀ-ਭਾਂਤ ਸਮਝਦੀ ਸੀ ਕਿ ਆਪਣੇ ਸਨਅਤੀ ਉਤਪਾਦਨ ਦੇ ਲਗਾਤਾਰ ਵਿਸਥਾਰ ਲਈ ਉਸਨੂੰ ਕੱਚੇ ਮਾਲ ਦੇ ਵੱਧ ਤੋਂ ਵੱਧ ਸਰੋਤ ਚਾਹੀਦੇ ਹੋਣਗੇ ਅਤੇ ਆਪਣੇ ਉਤਪਾਦਾਂ ਲਈ ਇਕ ਵਿਆਪਕ, ਵਿਕਾਸਮਾਨ, ਕੌਮੀ ਮੰਡੀ ਦੀ ਦਰਕਾਰ ਹੋਵੇਗੀ। ਜਿਸ ਦੇਸ਼ ਦੀ 85 ਫੀਸਦੀ ਵਸੋਂ ਪਿੰਡਾਂ 'ਚ ਰਹਿੰਦੀ ਹੋਵੇ ਅਤੇ ਅਰਧ-ਜਗੀਰੂ ਭੂਮੀ-ਗੁਲਾਮੀ ਦੇ ਬੰਧਨਾਂ 'ਚ ਜਕੜੀ ਹੋਵੇ ਉੱਥੇ ਭੂਮੀ-ਸਬੰਧਾਂ ਦੇ ਪੂੰਜੀਵਾਦੀਕਰਨ ਤੋਂ ਬਿਨਾਂ ਕੌਮੀ ਮੰਡੀ ਦੀ ਉਸਾਰੀ ਸੰਭਵ ਹੀ ਨਹੀਂ ਸੀ । ਸਮੱਸਿਆ ਇਹ ਸੀ ਕਿ ਭਾਰਤੀ ਪੂੰਜੀਪਤੀ ਜਮਾਤ ਭੂਮੀ ਇਨਕਲਾਬ ਦੇ ਕੰਮ ਨੂੰ ਇਨਕਲਾਬੀ ਤਰੀਕੇ ਨਾਲ ਅੰਜਾਮ ਨਹੀਂ ਦੇ ਸਕਦੀ ਸੀ, ਕਿਉਂਕਿ ਉਸਨੂੰ ਭੈਅ ਸੀ ਕਿ ਤਦ ਜਮਹੂਰੀ ਇਨਕਲਾਬ ਦੇ ਕੰਮਾਂ ਨੂੰ ਇਕ ਝਟਕੇ ਨਾਲ ਪੂਰਾ ਕਰਦੇ ਹੋਏ ਲੋਕ ਅੱਗੇ ਵੱਧ ਜਾਣਗੇ ਅਤੇ ਕਮਾਨ ਉਸਦੇ ਹੱਥਾਂ 'ਚੋਂ ਨਿਕਲ ਜਾਵੇਗੀ। ਉਹ ਕਿਸਾਨਾਂ ਦੀ ਪਹਿਲਕਦਮੀ ਅਤੇ ਊਰਜਾ ਨੂੰ ਬੇਰੋਕ ਨਹੀਂ ਕਰਨਾ ਚਾਹੁੰਦੀ ਸੀ। ਉਹ ਯੂਰਪ ਦੀ ਕਲਾਸਿਕੀ ਪੂੰਜੀਪਤੀ ਜਮਾਤ ਦੀ ਤਰ੍ਹਾਂ ਜਮਹੂਰੀ ਇਨਕਲਾਬ ਨਹੀਂ ਕਰ ਸਕਦੀ ਸੀ।

ਭਾਰਤੀ ਪੂੰਜੀਪਤੀ ਜਮਾਤ 'ਨਵ-ਜਾਗਰਣ-ਪ੍ਰਬੋਧਨ ਇਨਕਲਾਬ' ਜ਼ਰੀਏ ਸੱਤ੍ਹਾ 'ਚ ਨਹੀਂ ਆਈ ਸੀ। ਇਹ 'ਖੇਤੀ-ਦਸਤਕਾਰੀ-ਸਨਅਤ' ਦੀ ਪ੍ਰਕ੍ਰਿਆ ਰਾਹੀਂ ਵਿਕਸਿਤ ਨਹੀਂ ਹੋਈ ਸੀ। ਇਹ ਬਸਤੀਵਾਦੀ ਸਮਾਜਿਕ ਆਰਥਿਕ-ਸਰੰਚਨਾ 'ਚ ਪਲੀ-ਵਧੀ ਸੀ ਅਤੇ 'ਸਮਝੌਤਾ-ਦਬਾਅ-ਸਮਝੌਤਾ' ਜ਼ਰੀਏ ਸੱਤਾ ਤੱਕ ਪਹੁੰਚੀ ਸੀ। ਕੌਮੀ ਲਹਿਰ ਦੌਰਾਨ ਵੀ ਇਹ ਲੋਕਾਂ ਨਾਲ ਧੋਖਾ-ਵਿਸਾਹਘਾਤ ਕਰਦੀ ਰਹੀ ਸੀ। ਦੂਜੀ ਗੱਲ, ਇਤਿਹਾਸ ਦਾ ਰੰਗਮੰਚ ਵੀ ਬਦਲ ਚੁੱਕਾ ਸੀ। ਵੀਹਵੀਂ ਸਦੀ ਕਲਾਸੀਕੀ ਪੂੰਜੀਵਾਦੀ ਜਮਹੂਰੀ ਇਨਕਲਾਬਾਂ ਦਾ ਸਮਾਂ ਨਹੀਂ ਸੀ। ਇਹ ਸਾਮਰਾਜਵਾਦ ਅਤੇ ਮਜ਼ਦੂਰ ਇਨਕਲਾਬਾਂ ਦਾ ਯੁੱਗ ਸੀ, ਜਦੋਂ ਕੋਈ ਰੈਡਿਕਲ ਪੂੰਜੀਪਤੀ ਜਮਾਤ ਵੀ ਕੌਮੀ ਜਮਹੂਰੀ ਇਨਕਲਾਬ ਨੂੰ ਝਟਕੇ ਨਾਲ, ਅੰਜਾਮ ਤੱਕ ਪਹੁੰਚਾਣ ਦਾ ਕੰਮ ਨਹੀਂ ਕਰ ਸਕਦੀ ਸੀ। ਸਮਝੌਤੇ ਨਾਲ ਸਿਆਸੀ ਅਜ਼ਾਦੀ ਹਾਸਿਲ ਕਰਕੇ, ਉਪਰੋਂ ਸੱਤਾ 'ਤੇ ਕਾਬਜ਼ ਹੋਣ ਵਾਲੀ ਭਾਰਤੀ ਪੂੰਜੀਪਤੀ ਜਮਾਤ ਨੇ, ਹੇਠੋਂ, ਲੋਕ ਪਹਿਲਕਦਮੀ 'ਤੇ ਅਧਾਰਿਤ ਰਾਹ ਨਾਲ ਨਹੀਂ, ਸਗੋਂ ਉੱਤੋਂ, ਹੌਲੀ-ਹੌਲੀ ਕਾਨੂੰਨ ਬਣਾ ਕੇ, ਭੂਮੀ ਸਬੰਧਾਂ ਦੇ ਕ੍ਰਮਵਾਰ ਪੂੰਜੀਵਾਦੀਕਰਨ ਦਾ ਰਾਹ ਫੜਿਆ। ਇਹ "ਪ੍ਰਸ਼ਿਆਈ ਮਾਰਗ" "ਸਤਾਲੀਪੀ ਟਾਇਪ ਭੂਮੀ ਸੁਧਾਰਾਂ" ਦਾ ਹੀ ਇਕ ਭਾਰਤੀ ਐਡੀਸ਼ਨ ਸੀ। ਬਦਲਾਅ ਦੇ ਇਸ ਰਾਹ ਨੂੰ ਅਪਣਾ ਕੇ ਭਾਰਤੀ ਪੂੰਜੀਪਤੀ ਜਮਾਤ ਨੇ ਸਾਰੇ ਰਾਜਿਆਂ-ਨਵਾਬਾਂ-ਜਗੀਰਦਾਰਾਂ ਨੂੰ ਮਜਬੂਰ ਕੀਤਾ ਅਤੇ ਇਸਦਾ ਪੂਰਾ ਮੌਕਾ ਦਿੱਤਾ ਗਿਆ ਕਿ ਉਹ ਪੂੰਜੀਵਾਦੀ ਉੱਦਮਾਂ-ਹੋਟਲਾਂ-ਕਾਰੋਬਾਰਾਂ 'ਚ ਪੂੰਜੀ ਲਗਾ ਕੇ ਸ਼ਹਿਰੀ ਪੂੰਜੀਪਤੀ ਬਣ ਜਾਣ ਜਾਂ ਪੂੰਜੀਵਾਦੀ ਭੂਸਵਾਮੀ ਬਣ ਜਾਣ (ਜਾਂ ਇੱਕੋ ਸਮੇਂ ਦੋਨੋ ਬਣ ਜਾਣ)। ਪੁਰਾਣੇ ਲੋਟੂਆਂ ਨੂੰ ਆਧੁਨਿਕ ਬੁਰਜੂਆ ਲੋਟੂ ਬਣਨ ਦਾ ਪੂਰਾ ਮੌਕਾ ਦਿੱਤੇ ਜਾਣ ਦੀ ਨੀਤੀ ਅਪਣਾਈ ਗਈ। ਨਾਲੇ, ਇਸ ਨੀਤੀ ਦੇ ਸਿੱਟੇ ਵਜੋਂ ਸਮਾਂ ਪਾ ਕੇ ਖੁਸ਼ਹਾਲ ਮੁਜ਼ਾਰਿਆਂ ਵਿੱਚੋਂ (ਮਾਲਿਕ ਕਿਸਾਨ ਬਣਨ ਮਗਰੋਂ) ਕੁਲਕਾਂ-ਫਾਰਮਰਾਂ ਦੀ ਇਕ ਨਵੀਂ ਜਮਾਤ ਵਿਕਸਿਤ ਹੋਈ ਜਿਹੜੀ ਉਜ਼ਰਤੀ ਕਿਰਤ ਦੀ ਲੁੱਟ ਕਰਦੀ ਸੀ, ਮੁਨਾਫ਼ੇ ਲਈ ਪੈਦਾ ਕਰਦੀ ਸੀ ਅਤੇ ਪਿੰਡਾਂ 'ਚ ਪੂੰਜੀਵਾਦੀ ਪ੍ਰਬੰਧ ਦਾ ਪ੍ਰਮੁੱਖ ਸਮਾਜਿਕ ਥੰਮ ਸੀ। ਭਾਰਤੀ ਪੂੰਜੀਪਤੀ ਜਮਾਤ ਨੇ ਪਿੰਡਾਂ 'ਚ ਪੂਰਵ-ਪੂੰਜੀਵਾਦੀ ਸੰਰਚਨਾ, ਮੱਧਯੁੱਗੀ ਭੂ-ਗੁਲਾਮੀ ਦੇ ਰਹਿੰਦ-ਖੂੰਹਦ ਅਤੇ ਜਗੀਰੂ ਕਦਰਾਂ-ਸੰਸਥਾਵਾਂ ਨੂੰ ਕਾਇਮ ਰੱਖਦੇ ਹੋਏ ਉਹਨਾਂ ਨੇ ਕ੍ਰਮਵਾਰ ਪੂੰਜੀ ਦੇ ਅਧੀਨ ਕਰਦੇ ਜਾਣ ਅਤੇ ਮੰਥਰ ਗਤੀ ਨਾਲ ਖੁਰਨ-ਖਿੰਡਣ ਲਈ ਛੱਡ ਦੇਣ ਦੀ ਨੀਤੀ ਅਪਣਾਈ। ਇਸ ਪ੍ਰਕ੍ਰਿਆ 'ਚ ਭਾਰਤੀ ਸਮਾਜਿਕ ਜੀਵਨ 'ਚ ਜਿਹੜਾ ਪੂੰਜੀਵਾਦ ਵਿਕਸਿਤ ਹੋਇਆ, ਉਸ 'ਚ ਜਮਹੂਰੀ ਕਦਰਾਂ ਅਤੀ ਸੀਮਤ-ਸੰਕੁਚਿਤ ਸਨ। ਇਹ ਪੂੰਜੀਵਾਦ ਜਨਮ ਤੋਂ ਹੀ ਬਿਮਾਰ, ਘ੍ਰਿਣਤ, ਅਪਾਹਜ, ਬੌਣਾ ਪੂੰਜੀਵਾਦ ਸੀ।

ਅਜ਼ਾਦੀ ਮਗਰੋਂ ਦੇਸ਼ੀ ਰਾਜਿਆਂ-ਰਜਵਾੜਿਆਂ ਦੀ

ਸਮੱਸਿਆ ਇਕ ਪ੍ਰਮੁੱਖ ਸਮੱਸਿਆ ਸੀ, ਜਿਹਨਾਂ ਦੀ ਦੇਸ਼ ਦੇ ਇਕ-ਤਿਹਾਈ ਭੂਮੀ-ਭਾਗ 'ਤੇ ਹਕੂਮਤ ਸੀ। ਭਾਰਤੀ ਪੂੰਜੀਪਤੀ ਜਮਾਤ ਦੀ ਸਿਆਸੀ ਪਾਰਟੀ ਕਾਂਗਰਸ ਨੇ ਫੈਸਲਾਕੁੰਨ ਢੰਗ ਨਾਲ ਇਸ ਸਮੱਸਿਆ ਨੂੰ ਹੱਲ ਕੀਤਾ। 1947 ਤੋਂ 1949 ਦਰਮਿਆਨ 601 'ਚੋਂ 555 ਰਿਆਸਤਾਂ ਨੂੰ ਭਾਰਤ 'ਚ ਮਿਲਾ ਲਿਆ ਗਿਆ ਅਤੇ ਬਾਕੀ ਪਾਕੀਸਤਾਨ ਦਾ ਅੰਗ ਬਣ ਗਈਆਂ। ਵਰਨਣਯੋਗ ਹੈ ਕਿ ਹੈਦਰਾਬਾਦ, ਤਰਾਵਣਕੋਰ, ਜੂਨਾਗੜ੍ਹ ਆਦਿ ਕਈ ਰਿਆਸਤਾਂ ਦੇ ਭਾਰਤ 'ਚ ਸ਼ਾਮਲ ਹੋਣ 'ਚ ਲੋਕਸੰਘਰਸ਼ਾਂ ਦੇ ਦਬਾਅ ਦੀ ਵੀ ਅਹਿਮ ਭੂਮਿਕਾ ਸੀ। ਦੂਜੇ, ਬ੍ਰਿਟਿਸ਼ ਸਾਮਰਾਜਵਾਦੀ ਭਲੀ-ਭਾਂਤ ਸਮਝਦੇ ਸਨ ਕਿ ਬਦਲਦੀ ਦੁਨੀਆ 'ਚ ਇਹਨਾਂ ਰਾਜੇ-ਰਜਵਾੜਿਆਂ ਦਾ ਕੋਈ ਅਜ਼ਾਦ ਭਵਿੱਖ ਨਹੀਂ ਹੈ। ਇਸ ਲਈ ਇਹਨਾਂ ਨੂੰ ਸੁਰੱਖਿਆ ਦੇਣਾ ਛੱਡ ਕੇ ਉਹਨਾਂ ਨੇ ਵੀ ਭਾਰਤੀ ਪੂੰਜੀਪਤੀ ਜਮਾਤ ਨਾਲ ਆਪਣੇ ਰਿਸ਼ਤਿਆਂ ਨੂੰ ਹੀ ਜਿਆਦਾ ਮਹੱਤਵ ਦਿੱਤਾ। ਪਰ ਇਹਨਾਂ ਸਾਬਕਾ ਜਗੀਰੂ ਹਾਕਮਾਂ ਨੂੰ ਭਰਪੂਰ ਰਿਆਇਤਾਂ ਦਿੱਤੀਆਂ ਗਈਆਂ। ਰਾਜਿਆਂ-ਨਵਾਬਾਂ ਨੇ ਪਰਿਵਾਰਕ ਟਰੱਸਟ ਬਣਾ ਕੇ ਆਪਣੇ ਮਹਿਲਾਂ ਅਤੇ ਬੇਸ਼ੁਮਾਰ ਭੂਮੀਸੰਪੱਤੀ ਨੂੰ ਬਚਾਈ ਰੱਖਿਆ। ਮਗਰੋਂ ਮਹਿਲਾਂ 'ਚ ਪੰਜ ਸਿਤਾਰਾ ਹੋਟਲ ਖੁੱਲ ਗਏ ਅਤੇ ਸਨਅਤਾਂ 'ਚ ਜਗੀਰੂ ਹਾਕਮਾਂ ਨੇ ਸ਼ੇਅਰ ਖਰੀਦ ਲਏ। ਇਹੀ ਨਹੀਂ, ਲੋਕਾਂ ਦੀ ਮਿਹਨਤ ਦੀ ਕਮਾਈ ਨਾਲ ਇਹਨਾਂ ਨੂੰ ਪੈਨਸ਼ਨ ਦੀ ਮੋਟੀਆਂ ਰਕਮਾਂ ਦਿੱਤੀਆਂ ਗਈਆਂ (ਜੋ 1970 ਤੱਕ ਦਿੱਤੀਆਂ ਜਾਂਦੀਆਂ ਰਹੀਆਂ)। ਕਈ ਸਾਬਕਾ ਰਾਜੇ ਗਵਰਨਰ ਅਤੇ ਰਾਜਦੂਤ ਬਣਾ ਦਿੱਤੇ ਗਏ। ਅੱਗੇ ਚੱਲ ਕੇ, ਜਿਆਦਾਤਰ ਰਾਜਘਰਾਣਿਆਂ ਦੇ ਲੋਕ ਵੱਖ-ਵੱਖ ਪੂੰਜੀਵਾਦੀ ਪਾਰਟੀਆਂ ਦੇ ਆਗੂ ਬਣ ਗਏ।

ਰਿਆਸਤਾਂ ਤੋਂ ਇਲਾਵਾ, ਜਿਹੜੇ ਬ੍ਰਿਟਿਸ਼ ਭਾਰਤ ਦੇ ਜਗੀਰਦਾਰ ਸਨ, ਉਹ ਬਸਤੀਵਾਦ ਦੇ ਮੁੱਖ ਸਮਾਜਿਕ ਥੰਮ ਅਤੇ ਘੋਰ ਪਿਛਾਖੜੀ ਸਨ। ਕਾਂਗਰਸ ਨੇ ਆਪਣੇ 1946 ਦੇ ਚੋਣ ਐਲਾਨਨਾਮੇ 'ਚ ਹੀ ਰਾਜ ਅਤੇ ਜ਼ਮੀਨ ਵਾਹੁਣ ਵਾਲਿਆਂ ਦਰਮਿਆਨ ਮੌਜੂਦ "ਵਿਚੋਲਿਆਂ"ਦੇ ਖਾਤਮੇ ਦਾ ਐਲਾਨ ਕੀਤਾ ਸੀ। 1947 ਤੋਂ 1954 ਦਰਮਿਆਨ ਸਾਰੇ ਸੂਬਿਆਂ ਦੇ ਵਿਧਾਨਮੰਡਲਾਂ ਰਾਹੀਂ ਭੂਮੀ-ਸੁਧਾਰ ਬਿਲ (ਜਮੀਨਦਾਰੀ ਖਾਤਮਾ ਕਾਨੂੰਨ) ਪਾਸ ਕੀਤੇ ਗਏ। ਪਰ ਇਹਨਾਂ ਕਾਨੂੰਨਾਂ ਨੇ ਦੇਸ਼ ਦੇ ਉਸ 57 ਪ੍ਰਤੀਸ਼ਤ ਭੂਮੀ ਦੇ ਹਿੱਸੇ ਦੀ ਭੂਮੀ-ਮਾਲਕੀ ਨੂੰ ਹੀ ਪ੍ਰਭਾਵਿਤ ਕੀਤਾ, ਜਿੱਥੇ ਰਿਆਤਵਾੜੀ ਪ੍ਰਣਾਲੀ ਸੀ। ਜਿਮੀਂਦਾਰੀ ਪ੍ਰਥਾ ਵਾਲੇ ਖੇਤਰਾਂ 'ਚ ਵੀ ਜਿਮੀਂਦਾਰਾਂ ਦੀ ਜ਼ਮੀਨ ਦਾ ਇਕ ਅੰਸ਼ ਹੀ ਕਾਸ਼ਤਕਾਰਾਂ ਨੂੰ ਹਸਥਾਂਤਰਿਤ ਹੋ ਸਕਿਆ। ਸੀਰ ਅਤੇ ਖੁਦਕਾਸ਼ਤ ਜ਼ਮੀਨਾਂ ਜਿਮੀਂਦਾਰਾਂ ਦੇ ਹੀ ਕੋਲ ਰਹੀਆਂ। ਉਹਨਾਂ ਦੇ ਘਰੇਲੂ-ਫਾਰਮਾਂ, ਪਸ਼ੂਆਂ ਅਤੇ ਕਿਸਾਨਾਂ ਦੀ ਲੁੱਟ ਤੋਂ ਇਕੱਠੀ ਹੋਰ ਸੰਪੱਤੀਆਂ ਨੂੰ ਵੀ ਉਹਨਾਂ ਹੀ ਕੋਲ ਰਹਿਣ ਦਿੱਤਾ ਗਿਆ। ਇਹੀ ਨਹੀਂ, ਜਿਮੀਂਦਾਰਾਂ ਨੂੰ ਕੁੱਲ 700 ਕਰੋੜ ਰੁਪਏ ਦਾ ਮੁਆਵਜਾ ਦਿੱਤਾ ਗਿਆ, ਜਿਹੜਾ ਮੁਜ਼ਾਰਿਆਂ ਰਾਹੀਂ ਰਾਜ ਨੂੰ ਦਿੱਤੇ ਜਾਣ ਵਾਲੇ ਲਗਾਨ ਤੋਂ ਅਦਾ ਕੀਤਾ ਜਾਂਦਾ ਸੀ। 1947 ਮਗਰੋਂ ਛੇ ਵਰ੍ਹਿਆਂ ਤੱਕ ਜਗੀਰੂ ਭੂਮੀ ਮਾਲਕੀ ਦੇ ਰੂਪਾਂਤਰਣ ਦੀ ਇਹ ਪ੍ਰਕ੍ਰਿਆ ਚਲਦੀ ਰਹੀ। ਜੋਤ ਦੇ ਜਿਆਦਾ ਅਕਾਰ ਦੇ ਸਵਾਲ 'ਤੇ 1953 ਮਗਰੋਂ ਹੀ ਵਿਚਾਰ ਸ਼ੁਰੂ ਹੋਇਆ। ਅੱਗੇ ਚੱਲ ਕੇ ਹੱਦਬੰਦੀ, ਚੱਕਬੰਦੀ ਆਦਿ ਅਤੇ ਭੂਮੀਸੁਧਾਰ ਦੇ ਕਈ ਕਦਮ ਚੁੱਕੇ ਗਏ, ਪਰ ਤਦ ਵੀ ਜ਼ਿਆਦਾਤਰ ਭੂਮੀ ਮਾਲਕਾਂ ਨੇ ਤਰ੍ਹਾਂ-ਤਰ੍ਹਾਂ ਦਾ ਕਾਨੂੰਨੀ ਫ਼ਰਜੀਵਾੜਾ ਕਰਕੇ ਜਿਆਦਾਤਰ ਜ਼ਮੀਨਾਂ ਆਪਣੇ ਕੋਲ ਬਣਾਈ ਰੱਖੀਆਂ। 60 ' ਦੇ ਦਹਾਕੇ ਦੇ ਪਿਛਲੇ ਅੱਧ ਤੋਂ ਖੇਤੀ ਅਤੇ ਖੇਤੀ ਅਧਾਰਿਤ ਅਤੇ ਨਾਲ ਜੁੜੇ ਹੋਏ ਸੈਕਟਰਾਂ 'ਚ ਵੱਡੇ ਪੈਮਾਨੇ 'ਤੇ ਪੂੰਜੀ-ਨਿਵੇਸ਼ ਅਤੇ ਨਵੀਂ ਟੈਕਨੋਲਾਜੀ-ਉੱਨਤ ਬੀਜ-ਰਸਾਇਣਕ ਖਾਦਾਂ ਅਧਾਰਿਤ ਖੇਤੀ ਨੇ ਤੇਜ਼ ਗਤੀ ਫੜੀ। ਨਾਲੇ, ਧਰੁਵੀਕਰਨ, ਕਿਸਾਨ ਵਸੋਂ ਦੇ ਵਿਭੇਦੀਕਰਨ ਅਤੇ ਹੇਠਾਂ ਦੇ ਕਿਸਾਨਾਂ ਦੇ ਪ੍ਰੋਲੇਤਾਰੀਕਰਨ ਦੀ ਪ੍ਰਕ੍ਰਿਆ ਵੀ ਤੇਜ਼ ਹੋ ਗਈ। ਪਰ ਇਹ ਅੱਗੇ ਦੀ ਗੱਲ ਹੈ। ਇਸ ਪ੍ਰਕ੍ਰਿਆ ਦੀ ਜ਼ਮੀਨ 1947-50 ਦੇ ਸੰਗਰਾਂਦੀ ਦੌਰ ਦੌਰਾਨ ਹੀ ਪੂੰਜੀਵਾਦੀ-ਵਿਕਾਸ ਦੀ ਨੀਤੀ ਨੂੰ ਤੈਅ ਕਰਨ ਅਤੇ ਸ਼ੁਰੂਆਤੀ ਕਾਰਵਾਈਆਂ ਜ਼ਰੀਏ ਤਿਆਰ ਹੋਈ ਸੀ। 1947 'ਚ ਬੇਆਬਾਦ ਜ਼ਮੀਨਾਂ ਨੂੰ ਖੇਤੀ ਯੋਗ ਬਣਾਉਣ ਲਈ ਰਾਜਕੀ ਟਰੈਕਟਰ ਜਥੇਬੰਦੀ ਕਾਇਮ ਕੀਤੀ ਗਈ। ਜੂਟ ਅਤੇ ਕਪਾਹ ਦੀ ਖੇਤੀ ਦੇ ਖੇਤਰ 'ਚ 1947-50 ਦੌਰਾਨ ਕ੍ਰਮਵਾਰ 70 ਅਤੇ 25 ਪ੍ਰਤੀਸ਼ਤ ਦਾ ਵਾਧਾ ਹੋਇਆ। ਸਾਬਕਾ ਦੇਸ਼ੀ ਰਿਆਸਤਾਂ 'ਚ ਖੇਤੀ ਖੇਤਰ ਦੀ ਪੈਦਾਇਸ਼ ਅਤੇ ਬੰਦੋਬਸਤ ਨਾਲ ਹੀ ਰੈਇਤਵਾੜੀ ਵਰਗੇ ਭੂਮੀ ਕਰ ਪ੍ਰਬੰਧ ਕੀਤੇ ਗਏ।

1947-50 ਦੇ ਸੰਗਰਾਂਦੀ ਦੌਰ ਦੌਰਾਨ ਜਦੋਂ ਨਵਾਂ ਸੰਵਿਧਾਨ ਤਿਆਰ ਕੀਤਾ ਜਾ ਰਿਹਾ ਸੀ, ਭਾਰਤੀ ਪੂੰਜੀਪਤੀ ਜਮਾਤ ਰਾਜਤੰਤਰ ਦੇ ਕੇਂਦਰੀਕ੍ਰਿਤ ਪ੍ਰਬੰਧ ਦੀ ਮੁੜਗਠਨ ਅਤੇ ਮਜ਼ਬੂਤੀਕਰਨ 'ਚ ਲੱਗੀ ਹੋਈ ਸੀ ਅਤੇ ਪੂੰਜੀਵਾਦੀ ਵਿਕਾਸ ਦੀਆਂ ਆਮ ਨੀਤੀਆਂ ਤੈਅ ਕੀਤੀਆਂ ਜਾ ਰਹੀਆਂ ਸਨ, ਉਸ ਸਮੇਂ ਇਕ ਅਹਿਮ ਸਵਾਲ ਸੀ ਕਿ ਬ੍ਰਿਟਿਸ਼ ਰਾਸ਼ਟਰਮੰਡਲ (ਇਹ ਦੂਜੀ ਸੰਸਾਰ ਜੰਗ ਮਗਰੋਂ, ਬ੍ਰਿਟੇਨ, ਉਸਦੀਆਂ ਬਸਤੀਆਂ ਅਤੇ ਸਾਬਕਾ ਬਸਤੀਆਂ ਦਾ ਸਮੂਹ ਸੀ) ਦੇ ਨਾਲ ਭਾਰਤੀ ਡੋਮੀਨੀਅਨ ਦਾ ਰਿਸ਼ਤਾ ਕੀ ਹੈ? ਬ੍ਰਿਟਿਸ਼ ਮੰਡੀ 'ਤੇ ਉਸ ਸਮੇਂ ਤੱਕ ਭਾਰਤੀ ਸੱਨਅਤਾਂ ਦੀ ਜਿਹੜੀ ਨਿਰਭਰਤਾ ਸੀ, ਉਸਦੇ ਕਾਰਨ ਭਾਰਤੀ ਪੂੰਜੀਪਤੀ ਜਮਾਤ ਰਾਸ਼ਟਰਮੰਡਲ ਅੰਦਰ ਰਹਿਣਾ ਆਪਣੇ ਲਈ ਹਿਤਕਾਰੀ ਮੰਨਦੀ ਸੀ। ਦੂਜੇ ਪਾਸੇ, ਉਸਦੇ ਸਿਆਸੀ ਨੁਮਾਇੰਦੇ ਭਾਰਤ ਨੂੰ ਰਾਸ਼ਟਰਮੰਡਲ ਅੰਦਰ ਅਜਿਹੀਆਂ ਸ਼ਰਤਾਂ 'ਤੇ ਰੱਖਣ ਦੇ ਕਿਸੇ ਰਾਹ ਦੀ ਖੋਜ 'ਚ ਸਨ ਕਿ ਜਿਹੜੀ ਭਾਰਤ ਦੀ ਖੁਦਮੁਖਤਿਆਰੀ ਲਈ ਹਾਨੀਕਾਰਕ ਨਾ ਹੋਵੇ। ਅਕਤੂਬਰ, 1948 'ਚ ਲੰਦਨ 'ਚ ਰਾਸ਼ਟਰਮੰਡਲ ਦੇਸ਼ਾਂ ਦੇ ਪ੍ਰਧਾਨਮੰਤਰੀਆਂ ਦੇ ਸੰਮੇਲਨ 'ਚ ਇਹ ਤੈਅ ਹੋਇਆ ਕਿ ਨਵੇਂ ਡੋਮੀਨੀਅਨ — ਭਾਰਤ, ਪਾਕਿਸਤਾਨ ਅਤੇ ਸ਼੍ਰੀਲੰਕਾ — ਬ੍ਰਿਟਿਸ਼ ਕੌਮੀਮੰਡਲ ਦਾ ਮੈਂਬਰ ਬਣੇ ਰਹਿਣ ਦੇ ਨਾਲ-ਨਾਲ ਬ੍ਰਿਟਿਸ਼ ਤਾਜ ਤੋਂ ਆਪਣੀ ਸਿਆਸੀ ਆਜ਼ਾਦੀ ਬਣਾਈ ਰੱਖ ਸਕਦੇ ਹਨ। ਅਪ੍ਰੈਲ 1949 ਦੇ ਰਾਸ਼ਟਰਮੰਡਲ ਸੰਮੇਲਨ 'ਚ ਇਕ ਫਾਰਮੂਲਾ ਤਿਆਰ ਕੀਤਾ ਗਿਆ ਜਿਸਦੇ ਅਨੁਸਾਰ, ਭਾਰਤ ਨੇ ਖੁਦਮੁਖਤਿਆਰ ਗਣਤੰਤਰ ਬਣੇ ਰਹਿਣ ਦੇ ਨਾਲ-ਨਾਲ ਰਾਸ਼ਟਰਮੰਡਲ ਦੇ ਪ੍ਰਤੀਕ ਦੇ ਰੂਪ 'ਚ

ਬ੍ਰਿਟਿਸ਼ ਤਾਜ ਨੂੰ ਪ੍ਰਵਾਨ ਕੀਤਾ। ਗੌਰਤਲਬ ਹੈ ਕਿ ਭਾਰਤੀ ਸੰਵਿਧਾਨ 'ਚ ਰਾਸ਼ਟਰਮੰਡਲ ਦੇ ਨਾਲ ਭਾਰਤ ਦੇ ਸਬੰਧ ਦਾ ਕੋਈ ਵਰਨਣ ਨਹੀਂ ਹੈ।

ਹੁਣ ਸੰਗਰਾਂਦੀ ਦੌਰ ਬਾਰੇ ਇਸ ਚਰਚਾ ਨੂੰ ਸਮੇਟਦੇ ਹੋਏ ਨਿਚੋੜ ਦੇ ਤੌਰ 'ਤੇ ਕੁਝ ਗੱਲਾਂ ਕਰ ਲਈਆਂ ਜਾਣ।

ਭਾਰਤ ਦੀ ਪੂੰਜੀਪਤੀ ਜਮਾਤ ਦੀ ਸਿਆਸੀ ਪਾਰਟੀ ਕਾਂਗਰਸ ਨੇ ਕੌਮੀ ਲਹਿਰ ਦੀ ਅਗਵਾਈ ਕਰਦੇ ਹੋਏ ਸਾਮਰਾਜਵਾਦ ਨਾਲੋਂ ਫੈਸਲਾਕੁੰਨ ਤੋੜ ਵਿਛੋੜਾ ਨਹੀਂ ਕੀਤਾ। ਲੋਕਾਂ ਦੀਆਂ ਅਕਾਂਖਿਆਵਾਂ ਦੇ ਨਾਲ ਵਿਸਾਹਘਾਤ ਕਰਦੇ ਹੋਏ ਉਸਨੇ ਬ੍ਰਿਟਿਸ਼ ਪੂੰਜੀ ਦੇ ਹਿੱਤਾਂ ਨੂੰ ਸੱਟ ਨਹੀਂ ਮਾਰੀ ਅਤੇ ਹੋਰ ਸਾਮਰਾਜਵਾਦੀ ਮੁਲਕਾਂ ਨੂੰ ਵੀ ਲੁੱਟ ਦੇ ਮੌਕੇ ਪ੍ਰਦਾਨ ਕੀਤੇ। ਬੇਸ਼ਕ ਅਜਿਹਾ ਕਰਦੇ ਹੋਏ, ਉਸਨੇ ਆਪਣੇ ਹਿੱਤਾਂ ਨੂੰ ਪਹਿਲ ਦਿੱਤੀ, ਸਾਮਰਾਜਵਾਦੀਆਂ ਦੀਆਂ ਵਿਰੋਧਤਾਈਆਂ ਦਾ ਫਾਇਦਾ ਉਠਾਇਆ, ਉਹਨਾਂ ਨਾਲ ਭਰਪੂਰ ਸੌਦੇਬਾਜ਼ੀ ਕੀਤੀ ਅਤੇ ਸਮੇਂ-ਸਮੇਂ 'ਤੇ ਉਹਨਾਂ ਦੇ ਦਬਾਅ ਅਤੇ ਚਾਹਤਾਂ ਦੇ ਉਲਟ ਵੀ ਆਚਰਣ ਕੀਤਾ, ਪਰ ਕੁੱਲ ਮਿਲਾ ਕੇ, ਸੰਸਾਰ ਪੂੰਜੀਵਾਦੀ ਤੰਤਰ 'ਚ ਉਹ ਸਾਮਰਾਜਵਾਦੀਆਂ ਦੀ ਛੋਟੀ ਹਿੱਸੇਦਾਰ ਵੀ ਬਣੀ ਰਹੀ, ਪਰ ਸਾਮਰਾਜਵਾਦੀ ਲੁੱਟ ਕਾਇਮ ਰਹੀ। ਇਸ ਤਰ੍ਹਾਂ ਸਾਮਰਾਜਵਾਦ ਵਿਰੋਧ ਦਾ ਕੌਮੀ ਕਾਰਜ ਅੱਧੇ-ਅਧੂਰੇ ਤਰੀਕੇ ਨਾਲ ਹੀ ਪੂਰਾ ਹੋਇਆ। ਦੂਜੇ ਪਾਸੇ, ਜਗੀਰੂ ਭੂਮੀ ਸਬੰਧਾਂ ਦੇ ਪੂੰਜੀਵਾਦੀਕਰਨ ਦੇ ਜਮਹੂਰੀ ਕਾਰਜ ਨੂੰ ਵੀ ਭਾਰਤੀ ਪੂੰਜੀਪਤੀ ਜਮਾਤ ਦੀ ਰਾਜਸੱਤਾ ਨੇ ਇਨਕਲਾਬੀ ਢੰਗ ਨਾਲ ਨਹੀਂ ਸਗੋਂ ਗੈਰ-ਇਨਕਲਾਬੀ, ਕ੍ਰਮਵਾਰ ਸੁਧਾਰਵਾਦੀ ਤਰੀਕੇ ਨਾਲ ਅਤੇ ਕਈ ਕਿਸ਼ਤਾਂ 'ਚ ਪੂਰਾ ਕੀਤਾ(ਲੱਗਭਗ ਅੱਧੀ ਸਦੀ ਤੱਕ ਜਗੀਰੂ ਰਹਿੰਦ-ਖੂੰਹਦ ਦੀ ਪ੍ਰਬਲ ਮੌਜੂਦਗੀ ਬਣੀ ਰਹੀ ਅਤੇ ਮਾਮੂਲੀ ਰੂਪ 'ਚ ਹੁਣ ਵੀ ਬਣੀ ਹੋਈ ਹੈ)।

ਜਿਸ ਪੂੰਜੀਪਤੀ ਜਮਾਤ ਨੇ ਨਾ ਤਾਂ ਸਾਮਰਾਜਵਾਦ ਤੋਂ ਫੈਸਲਾਕੁੰਨ ਵਿਛੋੜੇ ਦਾ ਕੌਮੀ ਕਾਰਜ ਪੂਰਾ ਕੀਤਾ ਹੋਵੇ, ਨਾ ਹੀ ਭੂਮੀ ਸੁਧਾਰ ਦੇ ਜਮਹੂਰੀ ਕੰਮ ਨੂੰ ਇਨਕਲਾਬੀ ਢੰਗ ਨਾਲ ਪੂਰਾ ਕੀਤਾ ਹੋਵੇ, ਉਸ ਪੂੰਜੀਪਤੀ ਜਮਾਤ ਦੀ ਰਾਜਸੱਤਾ ਦੇਸ਼ ਦੇ ਲੋਕਾਂ ਨੂੰ ਲਾਜ਼ਿਮੀ ਤੌਰ 'ਤੇ ਅਤੀਸੀਮਤ ਜਮਹੂਰੀ ਹੱਕ ਹੀ ਦੇ ਸਕਦੀ ਸੀ। ਇੰਝ ਤਾਂ ਵਿਕਸਿਤ ਪੂੰਜੀਵਾਦੀ ਦੇਸ਼ 'ਚ ਵੀ ਪੂੰਜੀਵਾਦੀ ਜਮਹੂਰੀਅਤ ਨਿਰਪੇਖ ਅਤੇ ਮੁੰਕਮਲ ਨਹੀਂ ਹੁੰਦੀ, ਸਾਰ 'ਚ ਉਹ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਹੀ ਹੁੰਦੀ ਹੈ। ਸੰਕਟ ਅਤੇ ਜਮਾਤੀ ਸੰਘਰਸ਼ ਦੇ ਤੂਫ਼ਾਨ ਦੇ ਦਿਨਾਂ 'ਚ ਉੱਨਤ ਪੂੰਜੀਵਾਦੀ ਜਮਹੂਰੀ ਮੁਲਕਾਂ ਦੀ ਹਾਕਮ ਜਮਾਤ ਵੀ ਲੋਕਾਂ 'ਤੇ ਬਰਬਰ-ਨਿਰੰਕੁਸ਼ ਜ਼ਬਰ ਲਈ ਤਿਆਰ ਰਹਿੰਦੀ ਹੈ। ਪਰ ਆਮ ਤੌਰ 'ਤੇ ਅਜਿਹੇ ਮੁਲਕਾਂ ਦੇ ਲੋਕਾਂ ਨੂੰ ਨਿਤ-ਦਿਨ ਸਮਾਜਿਕ-ਸਿਆਸੀ ਜੀਵਨ 'ਚ ਜਿਹੜੇ ਜਮਹੂਰੀ ਹੱਕ ਹਾਸਲ ਹੁੰਦੇ ਹਨ, ਭਾਰਤ ਦੇ ਲੋਕਾਂ ਨੂੰ ਉਨੇ ਵੀ ਹਾਸਲ ਨਹੀਂ ਹਨ। ਸਮਾਜ ਦੇ ਮੁਖਰ ਤਬਕੇ (ਪੜ੍ਹੇ-ਲਿਖੇ ਮੱਧਵਰਗ) ਨੂੰ ਕਾਨੂੰਨੀ ਅਤੇ ਸੰਵਿਧਾਨਕ ਤੌਰ 'ਤੇ ਹਾਸਿਲ ਜਮਹੂਰੀ ਹੱਕਾਂ ਦਾ ਕੁਝ ਲਾਭ ਜੇਕਰ ਮਿਲ ਵੀ ਜਾਂਦਾ ਹੈ ਤਾਂ ਬਹੁਗਿਣਤੀ ਕਿਰਤੀ ਲੋਕਾਂ ਲਈ ਉਸਦਾ ਕੋਈ ਮਤਲਬ ਨਹੀਂ ਹੈ। ਸੰਵਿਧਾਨ 'ਚ ਬੁਨਿਆਦੀ ਹੱਕਾਂ ਦੀ ਲਫ਼ਾਜੀ ਵੱਧ ਕੀਤੀ ਗਈ ਹੈ। ਨਾਲੇ ਸੰਵਿਧਾਨ ਦੁਆਰਾ ਦਿੱਤੇ ਨਾਗਰਿਕ ਅਤੇ ਜਮਹੂਰੀ ਹੱਕਾਂ ਨੂੰ ਹਾਕਮ ਜਮਾਤ ਰਾਹੀਂ ਸੰਕਟ ਦੀ ਘੜੀ 'ਚ ਹੜੱਪ ਲਏ ਜਾਣ ਦੇ ਪ੍ਰਬੰਧ ਵੀ ਸੰਵਿਧਾਨ ਅੰਦਰ ਹੀ ਮੌਜੂਦ ਹਨ। 1975 'ਚ ਐਮਰਜੈਂਸੀ ਸੰਵਿਧਾਨ ਅੰਦਰ ਮੌਜੂਦ ਪ੍ਰਬੰਧ ਤਹਿਤ ਹੀ ਲੱਗੀ ਸੀ ਅਤੇ 42 ਵੀਂ ਸੋਧ ਸੰਵਿਧਾਨਕ ਢੰਗ ਨਾਲ ਹੀ ਲਾਗੂ ਕੀਤੀ ਗਈ ਸੀ। ਗੌਰਕਰਨ ਯੋਗ ਹੈ ਕਿ ਸੰਵਿਧਾਨ ਤੋਂ ਜਿਹੜੀ ਸੀਮਤ ਜਮੂਹਰੀ ਹੱਕ ਰਿਸ-ਛਣ ਕੇ ਹੇਠਾਂ ਆਉਂਦੇ ਹਨ, ਇਹਨਾਂ ਨੂੰ ਉਹ ਕਾਨੂੰਨ ਪ੍ਰਬੰਧ ਰੋਕ ਲੈਂਦਾ ਹੈ ਜਿਸਦਾ ਮੂਲ ਸਰੂਪ (ਥੋੜੇ ਬਹੁਤ ਬਦਲਾਵਾਂ ਦੇ ਬਾਵਜੂਦ) ਉਹੀ ਹੈ, ਜਿਹੜਾ ਬਸਤੀਵਾਦੀ ਦੌਰ 'ਚ ਸੀ। ਸੰਵਿਧਾਨਕ ਇਲਾਜ (ਰੇਮੇਡੀ) ਆਮ ਲੋਕਾਂ ਤੱਕ ਨਹੀਂ ਪਹੁੰਚਦੇ, ਉਨ੍ਹਾਂ ਦਾ ਵਾਹ ਕਾਨੂੰਨੀ ਇਲਾਜ਼ ਨਾਲ ਹੀ ਪੈਂਦਾ ਹੈ। ਕਾਨੂੰਨੀ ਤੌਰ 'ਤੇ ਲੋਕਾਂ ਨੂੰ ਜੇਕਰ ਕਿਤੇ ਕੁਝ ਹਾਸਲ ਵੀ ਹੁੰਦਾ ਰਹਿੰਦਾ ਹੈ ਤਾਂ ਉਸਨੂੰ ਇਹ ਭ੍ਰਿਸ਼ਟ ਨਿਰਕੁੰਸ਼ ਨੌਕਰਸ਼ਾਹੀ ਪ੍ਰਬੰਧ ਰੋਕ ਲੈਂਦਾ ਹੈ, ਜਿਹੜਾ ਕਾਫ਼ੀ ਹੱਦ ਤੱਕ (ਜ਼ਰੂਰੀ ਆਧੁਨਿਕੀਕਰਨ ਦੇ ਬਾਵਜੂਦ) ਬਸਤੀਵਾਦੀ ਦੌਰ ਦੀ ਹੀ ਵਿਰਾਸਤ ਹੈ।

ਭਾਰਤੀ ਪੂੰਜੀਵਾਦੀ ਸਮਾਜ 'ਨਵਜਾਗਰਣ-ਪ੍ਰਬੋਧਨ-ਇਨਕਲਾਬ' ਦੀ ਪ੍ਰਕ੍ਰਿਆ ਤੋਂ ਵਿਕਸਿਤ ਨਹੀਂ ਹੋਇਆ ਹੈ। ਇਹ ਬਸਤੀਵਾਦੀ ਸੰਰਚਨਾ ਦੇ ਗਰਭ ਤੋਂ ਪੈਦਾ ਹੋਇਆ ਹੈ ਅਤੇ ਸਾਮਰਾਜਵਾਦ ਦੇ ਯੁੱਗ 'ਚ ਪਲਿਆ ਵਧਿਆ, ਵਿਕਸਿਤ ਹੋਇਆ ਹੈ। ਇਸ ਲਈ ਨਾ ਤਾਂ ਸਾਡੇ ਸਮਾਜਿਕ ਤਾਣੇ-ਬਾਣੇ 'ਚ ਜਮਹੂਰੀ ਕਦਰਾਂ ਮੌਜੂਦ ਹਨ, ਨਾ ਹੀ ਸਾਡੇ ਪਿਛੜੇ ਸਮਾਜ 'ਚ ਜਮਹੂਰੀ ਹੱਕਾਂ ਪ੍ਰਤੀ ਕਾਫ਼ੀ ਸਜਗਤਾ ਮੌਜੂਦ ਹੈ। ਸਭ ਮੱਧਯੁੱਗੀ ਕਦਰਾਂ-ਮਾਨਤਾਵਾਂ ਦੀ ਮੌਜੂਦਗੀ ਵੀ ਨਿਰੰਕੁਸ਼ ਖਪਤਕਾਰ ਸੱਭਿਆਚਾਰ ਦੇ ਨਾਲ-ਨਾਲ ਮੌਜੂਦ ਹਨ। ਇਹਨਾਂ ਕਾਰਨਾਂ ਤੋਂ ਵੀ, ਸੰਵਿਧਾਨ ਦੀ ਮੋਟੀ ਕਿਤਾਬ 'ਚ "ਪਵਿੱਤਰ" ਜਮਹੂਰੀਅਤ ਬਾਰੇ ਜਿਹੜੀਆਂ ਵੀ ਉੱਚੀਆਂ-ਉੱਚੀਆਂ ਗੱਲਾਂ ਕੀਤੀਆਂ ਗਈਆਂ ਹਨ, ਉਹਨਾਂ ਦਾ ਅਮਲ 'ਚ ਕੋਈ ਮਤਲਬ ਨਹੀਂ ਰਹਿ ਜਾਂਦਾ। ਹਕੂਮਤ-ਵਿਧਾਨ ਅਤੇ ਰਾਜਤੰਤਰ ਦੇ ਅੰਗਾਂ ਦਰਮਿਆਨ ਕਾਰਜ-ਵੰਡ ਦੇ ਮਾਮਲੇ 'ਚ ਤਾਂ ਸੰਵਿਧਾਨ ਦਾ ਮਹੱਤਵ ਹੈ, ਪਰ ਉਸ 'ਚ ਵਰਣਿਤ ਲੋਕਾਂ ਦੇ ਜਮੂਹਰੀ ਹੱਕਾਂ ਦੀਆਂ ਗੱਲਾਂ ਇਸ ਵਜ੍ਹਾ ਨਾਲ ਵੀ ਨਿਗੂਣੀਆਂ ਹੋ ਜਾਂਦੀਆਂ ਹਨ ਕਿ ਉਹ ਅਸਲੀ ਸਮਾਜਿਕ ਹਾਲਤ ਨੂੰ ਪ੍ਰਗਟ ਨਹੀਂ ਕਰਦੀਆਂ। ਉਸ 'ਚ ਲੰਮੀ-ਚੌੜੀ ਜੁਮਲੇਬਾਜ਼ੀ ਵਿੱਚ ਤਾਂ ਦੁਨੀਆ ਦੇ ਬਥੇਰੇ ਪੂੰਜੀਵਾਦੀ ਮੁਲਕਾਂ ਦੇ ਸੰਵਿਧਾਨਾਂ ਦੀ ਨਕਲ ਕਰ ਲਈ ਗਈ ਹੈ, ਜਦੋਂ ਕਿ ਉਸਦਾ ਬੁਨਿਆਦੀ ਪ੍ਰਬੰਧ 'ਗਵਰਨਮੈਂਟ ਆਫ ਇੰਡੀਆ ਐਕਟ 1935' ਦੇ ਅਧਾਰ 'ਤੇ ਖੜਾ ਕੀਤਾ ਗਿਆ ਹੈ।

ਸੰਵਿਧਾਨ ਦੀ ਇਹ ਹਾਲਤ ਭਾਰਤ ਦੀ ਪੂੰਜੀਪਤੀ ਜਮਾਤ ਦੀ ਹਾਲਤ ਦੇ ਸਦਾ ਅਨੁਰੂਪ ਹੈ ਅਤੇ ਉਸੇ ਨੂੰ ਪ੍ਰਗਟ ਕਰਦੀ ਹੈ। 1947-50 ਦੇ ਸੰਗਰਾਂਦੀ ਦੌਰ ਦੌਰਾਨ ਜਦੋਂ ਭਾਰਤੀ ਪੂੰਜੀਪਤੀ ਜਮਾਤ ਪੂੰਜੀਵਾਦੀ ਵਿਕਾਸ ਦੀ ਆਮ ਦਿਸ਼ਾ ਅਤੇ ਨੀਤੀਆਂ ਤੈਅ ਕਰ ਰਹੀ ਸੀ, ਆਪਣੀ ਸੱਤਾ ਦਾ ਮਜ਼ਬੂਤੀਕਰਨ ਕਰ ਰਹੀ ਸੀ ਅਤੇ ਸੰਵਿਧਾਨ ਦੀ ਉਸਾਰੀ ਕਰ ਰਹੀ ਸੀ, ਉਸ ਸਮੇਂ

(ਬਾਕੀ ਸਫਾ 24 'ਤੇ)

ਭਲਾ ਮਨਪ੍ਰੀਤ ਬਾਦਲ ਦੀ ਸ਼ਹੀਦ ਭਗਤ ਸਿੰਘ ਨਾਲ਼ ਕੀ ਸਾਂਝ ਹੋ ਸਕਦੀ ਹੈ ?

— ਕਰਮਜੀਤ

ਇਹਨੀਂ ਦਿਨੀਂ ਮਨਪ੍ਰੀਤ ਬਾਦਲ ਦੀ "ਜਾਗੋ ਪੰਜਾਬ" ਯਾਤਰਾ ਵਿੱਚ ਭਗਤ ਸਿੰਘ ਦੇ ਪੋਸਟਰ, ਸਟਿੱਕਰ ਵੱਡੀ ਪੱਧਰ 'ਤੇ ਸਜਾਏ ਜਾ ਰਹੇ ਹਨ। ਕਿਉਂਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ 23 ਮਾਰਚ ਨੇੜੇ ਆ ਰਿਹਾ ਹੈ। ਮਨਪ੍ਰੀਤ ਸ਼ਹੀਦ ਭਗਤ ਸਿੰਘ ਪ੍ਰਤੀ ਪੰਜਾਬ ਦੇ ਲੋਕਾਂ ਦੇ ਸਤਿਕਾਰ ਨੂੰ ਆਪਣੀ ਵੋਟ ਰਾਜਨੀਤੀ ਦੇ ਹੱਕ ਵਿੱਚ ਭੁਗਤਾਉਣ ਦੇ ਆਹਰ 'ਚ ਲੱਗ ਗਿਆ ਹੈ।

ਮਨਪ੍ਰੀਤ ਬਾਦਲ ਇਹਨੀਂ ਦਿਨੀ ਪੰਜਾਬ ਦੀ ਸਿਆਸਤ ਵਿੱਚ ਇੱਕ ਚਰਚਿਤ ਨਾਮ ਹੈ। ਉਹ ਵੱਡੇ ਬਾਦਲ (ਪ੍ਰਕਾਸ਼ ਸਿੰਘ) ਦੀ ਸਰਕਾਰ ਵਿੱਚ ਵਿੱਤ ਮੰਤਰੀ ਸੀ, ਪਰ ਛੋਟੇ ਬਾਦਲ (ਸੁਖਬੀਰ) ਨਾਲ਼ ਖੜਕ ਜਾਣ ਕਾਰਨ ਉਸ ਨੂੰ ਵਿੱਤ ਮੰਤਰੀ ਦੇ ਅਹੁਦੇ ਤੋਂ ਹੱਥ ਧੋਣੇ ਪਏ। ਪਹਿਲਾਂ ਵੀ ਇੱਕ ਵਾਰ ਉਸਨੇ ਪ੍ਰਕਾਸ਼-ਸੁਖਬੀਰ ਤੋਂ ਬਾਗੀ ਸੁਰ ਅਲਾਪੀ ਸੀ, ਪਰ ਵੱਡੇ ਬਾਦਲ ਵੱਲੋਂ ਘੁਰਕ ਮਾਰਨ ਤੋਂ ਬਾਅਦ ਉਸਨੇ ਮਾਫੀ ਮੰਗ ਲਈ ਅਤੇ ਚੁੱਪ ਚਾਪ ਵਿੱਤ ਮੰਤਰੀ ਦੇ ਅਹੁਦੇ 'ਤੇ ਟਿਕਿਆ ਰਿਹਾ, ਪਰ ਇਸ ਵਾਰ ਜਦੋਂ ਉਸਨੇ ਪੰਜਾਬ ਸਿਰ ਕਰਜ਼ੇ ਦੇ ਸਵਾਲ 'ਤੇ ਬਾਗੀ/ਵੱਖਰੀ ਸੁਰ ਕੱਢੀ ਤਾਂ ਸਮਝੌਤਾ ਸੰਭਵ ਨਾ ਹੋਇਆ। ਸੁਖਬੀਰ-ਮਨਪ੍ਰੀਤ ਦੋਹਾਂ ਚਚੇਰੇ ਭਰਾਵਾਂ ਦੀ ਹਉਮੈਂ ਦੇ ਟਕਰਾਅ ਦੇ ਨਤੀਜੇ ਵਜੋਂ ਮਨਪ੍ਰੀਤ ਨੂੰ ਵਜ਼ੀਰੀ ਤੋਂ ਲਾਂਭੇ ਹੋਣਾ ਪਿਆ। ਬੇਸ਼ੱਕ ਇਹਨਾਂ ਦੋਹਾਂ ਦੇ ਇਸ ਕਾਟੋ ਕਲੇਸ਼ ਦੀ ਤਹਿ 'ਚ ਪੰਜਾਬ ਦੀਆਂ ਹਾਕਮ ਜਮਾਤਾਂ ਦੀਆਂ ਆਪਸੀ ਵਿਰੋਧਤਾਈਆਂ ਕੰਮ ਕਰ ਰਹੀਆਂ ਹਨ।

ਮਨਪ੍ਰੀਤ ਆਪਣੇ ਲੋਕ ਲੁਭਾਉਣੇ ਨਾਹਰਿਆਂ ਨਾਲ਼ ਪੰਜਾਬੀ ਮੱਧ ਵਰਗ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਪ੍ਰਭਾਵਿਤ ਕਰਨ ਵਿੱਚ ਕਾਮਯਾਬ ਹੋਇਆ ਹੈ। ਬਾਕੀ ਜਿਹਨਾਂ ਨੂੰ ਵੱਡੇ ਬਾਦਲ ਦੇ ਅਕਾਲੀ ਦਲ ਵਿੱਚ ਲੀਡਰੀ ਨਹੀਂ ਮਿਲੀ, ਉਹ ਵੀ ਆਪਣੀ ਲੀਡਰੀ ਚਮਕਾਉਣ ਲਈ ਮਨਪ੍ਰੀਤ ਨਾਲ਼ ਹੋ ਲਏ ਹਨ।

ਮਨਪ੍ਰੀਤ ਪਿਛਲੇ ਕਈ ਮਹੀਨਿਆਂ ਤੋਂ "ਜਾਗੋ ਪੰਜਾਬ" ਯਾਤਰਾ 'ਤੇ ਨਿਕਲਿਆ ਹੋਇਆ ਹੈ, ਹੁਣ ਉਸ ਨੇ ਇਸ ਯਾਤਰਾ ਵਿੱਚ ਸਾਡੇ ਮਹਾਨ ਸ਼ਹੀਦ ਭਗਤ ਸਿੰਘ ਦਾ ਨਾਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਪਰ ਉਹ ਭਗਤ ਸਿੰਘ ਦੇ ਵਿਚਾਰਾਂ ਤੋਂ ਥਰ ਥਰ ਕੰਬਦਾ ਹੈ। ਇਸੇ ਲਈ ਅੰਗਰੇਜ਼ੀ ਅਖ਼ਬਾਰ ਹਿੰਦੋਸਤਾਨ ਟਾਈਮਜ਼ ਵਿੱਚ ਆਪਣੇ ਇੱਕ ਬਿਆਨ ਵਿੱਚ ਉਹ ਕਹਿੰਦਾ ਹੈ, "ਅਸੀਂ ਭਗਤ ਸਿੰਘ ਦੀ ਭਾਵਨਾ ਮਗਰ ਚੱਲਦੇ ਹਾਂ, ਵਿਚਾਰਾਂ ਮਗਰ ਨਹੀਂ", ਉਹ ਮਹਾਨ ਸ਼ਹੀਦ ਦੀ ਭਾਵਨਾ ਨੂੰ ਉਸਦੇ ਵਿਚਾਰਾਂ ਤੋਂ ਅਲੱਗ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਗਤ ਸਿੰਘ ਦੇ ਵਿਚਾਰ ਕੀ ਸਨ ? ਭਗਤ ਸਿੰਘ ਇਨਕਲਾਬੀ ਦਹਿਸ਼ਤਪਸੰਦੀ ਤੋਂ ਵਿਕਾਸ ਕਰਕੇ ਆਪਣੇ ਜੀਵਨ ਦੇ ਅੰਤਲੇ ਸਮੇਂ ਵਿੱਚ ਮਾਰਕਸਵਾਦ ਤੱਕ ਪਹੁੰਚਿਆ ਸੀ। ਮਾਰਕਸਵਾਦ ਦੇ ਗੰਭੀਰ ਅਧਿਐਨ ਰਾਹੀਂ ਉਸਦਾ ਇਹ ਦ੍ਰਿੜ੍ਹ ਵਿਸ਼ਵਾਸ ਬਣਿਆ ਕਿ ਭਾਰਤ ਅਤੇ ਪੂਰੀ ਦੁਨੀਆਂ ਦੇ ਕਿਰਤੀ ਲੋਕਾਂ ਦੀ ਮੁਕਤੀ ਸਮਾਜਵਾਦ ਅਤੇ ਕਮਿਊਨਿਜ਼ਮ ਵਿੱਚ ਹੀ ਸੰਭਵ ਹੈ। ਉਸਨੇ ਭੌਤਿਕਵਾਦੀ ਫਲਸਫੇ ਨੂੰ ਆਤਮਸਾਤ ਕੀਤਾ, ਧਰਮ ਨੂੰ ਮਨੁੱਖ ਲਈ ਅਫੀਮ ਦੱਸਿਆ, ਰੱਬ ਦੀ ਹੋਂਦ ਨੂੰ ਰੱਦ ਕੀਤਾ ਅਤੇ ਨਾਸਤਿਕ ਬਣਿਆ। ਇਹ ਵਿਚਾਰ ਭਲਾ ਮਨਪ੍ਰੀਤ ਬਾਦਲ ਦੀ ਵੋਟ ਸਿਆਸਤ ਦੇ ਕਿਵੇਂ ਫਿੱਟ ਆ ਸਕਦੇ ਹਨ ? ਇਸ ਲਈ ਉਹ ਭਗਤ ਸਿੰਘ ਦੇ ਵਿਚਾਰਾਂ ਦਾ ਨਹੀਂ ਸਗੋਂ ਭਾਵਨਾਂ ਦਾ ਪਾਲਣ ਕਰਨ ਦਾ ਪਰਪੰਚ ਰਚ ਰਿਹਾ ਹੈ।

ਪਰ ਕੀ ਕਿਸੇ ਇਨਸਾਨ ਦੀ ਭਾਵਨਾ ਨੂੰ ਉਸਦੇ ਵਿਚਾਰਾਂ ਤੋਂ ਵੱਖ ਕੀਤਾ ਜਾ ਸਕਦਾ ਹੈ ? ਇਹ ਨਾਮੁਮਕਿਨ ਹੈ। ਕੋਈ ਮਹਾਨ ਸ਼ਹੀਦ ਆਪਣੇ ਵਿਚਾਰਾਂ, ਅਕੀਦਿਆਂ ਖਾਤਰ ਹੀ ਕੁਰਬਾਨੀ, ਤਿਆਗ ਕਰਦਾ ਹੈ। ਮਨੁੱਖੀ ਸਮਰੱਥਾ ਤੋਂ ਪਰ੍ਹੇ ਦੇ ਤਸੀਹੇ ਝੱਲਦਾ ਹੈ।

ਪਰ ਮਨਪ੍ਰੀਤ ਜਿਹੇ ਵੋਟ ਮਦਾਰੀਆਂ ਲਈ ਕੁਝ ਵੀ ਸੰਭਵ ਹੈ। ਉਹ ਕੋਈ ਵੀ ਅਨਰਥ ਕਰ ਸਕਦੇ ਹਨ। ਪਰ ਜੇਕਰ ਥੋੜ੍ਹੀ ਦੇਰ ਲਈ ਮਨਪ੍ਰੀਤ ਨਾਲ਼ ਸਹਿਮਤ ਹੋ ਜਾਈਏ ਕਿ ਉਹ ਭਗਤ ਸਿੰਘ ਦੀ ਭਾਵਨਾ 'ਤੇ ਚੱਲੇਗਾ ਤਾਂ ਕੀ ਉਹ ਸੱਚਮੁੱਚ ਅਜਿਹਾ ਕਰੇਗਾ ? ਉਸ ਤੋਂ ਭਗਤ ਸਿੰਘ ਜਿਹੀ ਕੁਰਬਾਨੀ ਅਤੇ ਤਿਆਗ ਦੀ ਉਮੀਦ ਕੀਤੀ ਜਾ ਸਕਦੀ ਹੈ ? ਅਜਿਹੀ ਉਮੀਦ ਕਰਨਾ ਗਿਰਝਾਂ ਦੇ ਆਲ੍ਹਣੇ 'ਚੋਂ ਮਾਸ ਭਾਲਣ ਦੇ ਤੁਲ ਹੈ। ਮਨਪ੍ਰੀਤ ਜਿਹੇ ਪੂੰਜੀਵਾਦੀ ਸਿਆਸੀ ਸ਼ਤਰੰਜ ਦੇ ਪਿਆਦੇ ਤਾਂ ਹਰ ਹੀਲੇ ਆਪਣੇ ਲਈ ਵੱਧ ਤੋਂ ਵੱਧ ਧਨ-ਸੰਪਤੀ ਇਕੱਠੀ ਕਰਨ ਦੇ ਕੁਕਰਮਾਂ 'ਚ ਲੱਗੇ ਰਹਿੰਦੇ ਹਨ।

ਮਨਪ੍ਰੀਤ ਬਾਦਲ ਦਾ ਨਾਹਰਾ ਹੈ "ਨਵੇਂ ਪੰਜਾਬ ਦੀ ਉਸਾਰੀ"। ਪਰ ਕੀ ਉਸ ਕੋਲ ਇਸ ਵਾਸਤੇ ਕਾਂਗਰਸ, ਅਕਾਲੀ ਅਤੇ ਹੋਰ ਪੂੰਜੀਵਾਦੀ ਵੋਟ ਪਾਰਟੀਆਂ ਤੋਂ ਵੱਖਰਾ ਕੋਈ ਪ੍ਰੋਗਰਾਮ ਹੈ ? ਅਜਿਹਾ ਕੁੱਝ ਨਹੀਂ ਬੱਸ ਕੁਝ ਸ਼ਗੂਫੇ ਜ਼ਰੂਰ ਹਨ।

ਮਨਪ੍ਰੀਤ ਨੇ ਸਭ ਤੋਂ ਪਹਿਲਾਂ ਤਾਂ ਮਨਮੋਹਣ ਸਿੰਘ ਦੇ ਨਕਸ਼ੇ ਕਦਮ 'ਤੇ ਚੱਲਦੇ ਹੋਏ ਕਿਸਾਨਾਂ ਲਈ ਸਬਸਿਡੀਆਂ ਬੰਦ ਕਰਨ ਦਾ ਮੁੱਦਾ ਉਠਾਇਆ ਸੀ। ਪਰ ਵੱਡੇ ਬਾਦਲ ਦੀ ਘੁਰਕੀ ਕਾਰਨ ਚੁੱਪ ਹੋ ਗਿਆ ਸੀ। ਪਰ ਹੁਣ ਉਹ ਵੱਡੇ ਬਾਦਲ ਤੋਂ ਅਲੱਗ ਹੋ ਕੇ ਵੀ ਇਸ ਮੁੱਦੇ 'ਤੇ ਚੁੱਪ ਹੈ, ਕਿਉਂਕਿ ਕਿਸਾਨੀ ਵੋਟਾਂ ਟੁੱਟਣ ਦਾ ਡਰ ਹੈ। ਮਨਪ੍ਰੀਤ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਇਹ ਦੱਸਦਾ ਹੈ ਕਿ ਜਦੋਂ ਉਹ ਪੰਜਾਬ ਦਾ ਵਿੱਤ ਮੰਤਰੀ ਸੀ ਤਾਂ ਉਸਨੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੂੰ ਪੰਜਾਬ ਸਿਰ ਚੜ੍ਹੇ ਕੇਂਦਰ ਦੇ 72,000 ਕਰੋੜ ਰੁਪਏ ਦੇ ਕਰਜ਼ੇ 'ਚੋਂ ਅੱਧੇ ਮਾਫ ਕਰਨ ਲਈ

ਮਨਾ ਲਿਆ ਸੀ। ਮਨਪ੍ਰੀਤ ਦੇ ਇਸ ਦਾਅਵੇ 'ਚ ਕੋਈ ਸੱਚਾਈ ਹੈ ਜਾਂ ਨਹੀਂ ਇਹ ਸਵਾਲ ਫਿਲਹਾਲ ਛੱਡ ਦਿੰਦੇ ਹਾਂ। ਪਰ ਮਨਪ੍ਰੀਤ ਇਹ ਨਹੀਂ ਦੱਸਦਾ ਕਿ ਪੰਜਾਬ ਸਿਰ ਇਹ ਕਰਜ਼ਾ ਚੜ੍ਹਿਆ ਹੀ ਕਿਉਂ ਸੀ ? ਦਰਅਸਲ ਪੰਜਾਬ ਸਿਰ ਇਹ ਕਰਜ਼ਾ ਖਾਲਿਸਤਾਨੀ ਲਹਿਰ ਨੂੰ ਕੁਚਲਣ ਵਾਸਤੇ ਸੁਰੱਖਿਆ ਬਲਾਂ ਉੱਪਰ ਹੋਏ ਖਰਚ ਦੀ ਬਦੌਲਤ ਚੜ੍ਹਿਆ ਸੀ। ਆਪਣੀ ਵਾਰੀ ਖਾਲਿਸਤਾਨੀ ਲਹਿਰ ਇਸ ਲੋਕ ਦੋਖੀ ਪੂੰਜੀਵਾਦੀ ਨਿਜ਼ਾਮ ਦੀਆਂ ਵਿਰੋਧਤਾਈਆਂ ਦੀ ਉਪਜ ਸੀ। ਕਾਂਗਰਸੀਆਂ ਅਤੇ ਅਕਾਲੀਆਂ ਨੇ ਉਦੋਂ ਬਲਦੀ 'ਤੇ ਤੇਲ ਪਾਇਆ ਅਤੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ। ਮਨਪ੍ਰੀਤ ਇਹਨਾਂ ਸਾਰੇ ਇਤਿਹਾਸਕ ਤੱਥਾਂ ਬਾਰੇ ਪੂਰੀ ਤਰ੍ਹਾਂ ਮੌਨ ਧਾਰੀ ਰੱਖਦਾ ਹੈ। ਉਸ ਦਾ ਇੱਕ ਹੋਰ ਨਾਹਰਾ ਹੈ ਭ੍ਰਿਸ਼ਟਾਚਾਰ ਅਤੇ ਬੇਕਾਨੂੰਨੀ ਨੂੰ ਜੜ੍ਹੋਂ ਪੁੱਟਣਾ। ਪਹਿਲਾਂ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈਂਦੇ ਹਾਂ। ਭ੍ਰਿਸ਼ਟਾਚਾਰ ਦਾ ਭਾਵ ਹੈ, ਇਸ ਦੇਸ਼ ਦੇ ਕਾਨੂੰਨ ਦੁਆਰਾ ਜਾਇਜ਼ ਠਹਿਰਾਏ ਸਾਧਨਾਂ ਤੋਂ ਵੱਖ ਨਾਜ਼ਾਇਜ ਢੰਗਾਂ ਰਾਹੀਂ ਧਨ ਇਕੱਠਾ ਕਰਨਾ। ਪਰ ਇਸ ਦੇਸ਼ ਦੇ ਕਾਰਖਾਨੇਦਾਰ, ਵਪਾਰੀਆਂ ਖੇਤੀ ਪੂੰਜੀਪਤੀਆਂ ਦੁਆਰਾ ਬਿਨਾਂ ਕੋਈ ਕੰਮ ਕੀਤੇ ਆਪਣੇ ਕਾਰੋਬਾਰਾਂ 'ਚ ਕੰਮ ਕਰਦੇ ਮਜ਼ਦੂਰਾਂ ਦੀ ਖੂਨ ਪਸੀਨੇ ਦੀ ਕਮਾਈ ਲੁੱਟ ਕੇ ਜੋ ਬੇਸ਼ੁਮਾਰ ਦੌਲਤ ਇਕੱਠੀ ਕੀਤੀ ਜਾਂਦੀ ਹੈ, ਉਸਨੂੰ ਇੱਥੋਂ ਦਾ ਕਾਨੂੰਨ ਜ਼ਾਇਜ ਠਹਿਰਾਉਂਦਾ ਹੈ। ਅਤੇ ਇਹ ਲੁੱਟ ਜਾਰੀ ਰਹੇ, ਇਸ ਨੂੰ ਯਕੀਨੀ ਬਣਾਉਣ ਲਈ ਇਸ ਪ੍ਰਬੰਧ ਨੇ, ਜੇਲ੍ਹਾਂ, ਅਦਾਲਤਾਂ, ਨੌਕਰਸ਼ਾਹੀ ਅਤੇ ਹਥਿਆਰਬੰਦ ਤਾਕਤਾਂ ਦਾ ਇੱਕ ਵਿਸ਼ਾਲ ਜ਼ਾਬਰ ਢਾਂਚਾ ਖੜ੍ਹਾ ਕੀਤਾ ਹੈ। ਅਸਲ ਵਿੱਚ ਭ੍ਰਿਸ਼ਟਾਚਾਰ ਰੂਪੀ "ਨਾਜ਼ਾਇਜ" ਲੁੱਟ ਦੀ ਜੜ੍ਹ ਵੀ ਇਹੋ "ਜ਼ਾਇਜ" ਲੁੱਟ ਹੈ। ਜਦ ਤੱਕ ਮਿਹਨਤ ਸ਼ਕਤੀ ਲੁੱਟੀ ਜਾਂਦੀ ਰਹੇਗੀ, ਭ੍ਰਿਸ਼ਟਾਚਾਰ ਵੀ ਰਹੇਗਾ।

ਮਨਪ੍ਰੀਤ ਬਾਦਲ ਖੁਦ ਇੱਕ ਅਰਬਪਤੀ ਹੈ। ਉਸਨੇ ਵੀ ਇਸ ਦੇਸ਼ ਦੇ ਕਾਨੂੰਨ ਦੁਆਰਾ ਜ਼ਾਇਜ ਠਹਿਰਾਈ ਮਜ਼ਦੂਰਾਂ ਦੀ ਕਿਰਤ ਸ਼ਕਤੀ ਦੀ ਲੁੱਟ ਰਾਹੀਂ ਦੌਲਤ ਦਾ ਅੰਬਾਰ ਇਕੱਠਾ ਕੀਤਾ ਹੈ। ਇਸ ਤੋਂ ਬਿਨਾਂ ਜਿਸ ਨੂੰ ਉਹ ਭ੍ਰਿਸ਼ਟਾਚਾਰ ਕਹਿੰਦਾ ਹੈ, ਉਸ ਜ਼ਰੀਏ ਵੀ ਜੇਕਰ ਉਸਨੂੰ ਕੋਈ ਸੰਪਤੀ ਮਿਲਦੀ ਹੈ ਤਾਂ ਉਸਤੋਂ ਵੀ ਉਸ ਨੂੰ ਕੋਈ ਐਲਰਜੀ ਨਹੀਂ ਹੈ। ਸਭ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਚੰਡੀਗੜ੍ਹ ਵਿੱਚ ਸੁਖਨਾ ਝੀਲਦੇ ਕਿਨਾਰੇ ਟਾਟਾ ਗਰੁੱਪ ਵੱਲੋਂ ਜੋ 'ਕੈਮਲੌਟ' ਨਾਮੀ ਰਿਹਾਇਸ਼ੀ ਕਲੋਨੀ ਬਣਾਈ ਜਾਣੀ ਸੀ, ਉਸ ਵਿੱਚ ਮਨਪ੍ਰੀਤ ਬਾਦਲ ਲਈ ਵੀ ਇੱਕ ਫਲੈਟ ਰਾਖਵਾਂ ਸੀ।

ਆਓ ਹੁਣ ਬੇਕਾਨੂੰਨ ਦੀ ਗੱਲ ਕਰਦੇ ਹਾਂ। ਮਨਪ੍ਰੀਤ ਕਹਿੰਦਾ ਹੈ, "ਦੋ ਮਹੀਨਿਆਂ ਬਾਅਦ (ਲਗਭਗ ਦੋ ਮਹੀਨੇ ਬਾਅਦ ਪੰਜਾਬ 'ਚ ਅਸੰਬਲੀ ਚੋਣਾਂ ਹੋਣ ਵਾਲੀਆਂ ਹਨ) ਪੰਜਾਬ 'ਚ ਕਾਨੂੰਨ ਦਾ ਸ਼ਾਸਨ ਹੋਵੇਗਾ ਨਾ ਕਿ ਇੱਕ ਵਿਅਕਤੀ ਦਾ।" ਪਰ ਕਿਸ ਕਾਨੂੰਨ ਦਾ ? ਕੀ ਅਫਸਪਾ ਦਾ ? ਟਾਡਾ, ਪੋਟਾ, ਯੂ. ਏ. ਪੀ. ਏ. ਦਾ ? ਜਾਂ ਪੰਜਾਬ ਸਰਕਾਰ ਵੱਲੋਂ ਬਣਾਏ ਗਏ 'ਪੰਜਾਬ ਪਬਲਿਕ ਅਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਕਾਨੂੰਨ 2010' ਅਤੇ 'ਪੰਜਾਬ ਵਿਸ਼ੇਸ਼ ਸੁਰੱਖਿਆ ਗਰੁੱਪ ਕਾਨੂੰਨ 2010 ਦਾ ? ਆਖਰ ਮਨਪ੍ਰੀਤ ਬਾਦਲ ਕਿਹੜੇ ਕਾਨੂੰਨ ਦੀ ਗੱਲ ਕਰਦਾ ਹੈ। ਉਦੋਂ ਮਨਪ੍ਰੀਤ ਦੀ ਇਹ ਕਾਨੂੰਨਪ੍ਰਸਤੀ ਕਿੱਥੇ ਗਈ ਸੀ ਜਦੋਂ ਇਹਨਾਂ ਦੇ ਹੀ ਪ੍ਰਬੰਧ ਦੁਆਰਾ ਬਣਾਏ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਟਾਟਾ ਕੈਮਲੌਟ ਪ੍ਰੋਜੈਕਟ ਵਿੱਚ ਮਨਪ੍ਰੀਤ ਲਈ ਫਲੈਟ ਰਾਖਵਾਂ ਰੱਖਿਆ ਗਿਆ ਸੀ।

ਦਰਅਸਲ 'ਨਵੇਂ ਪੰਜਾਬ' ਦੀ ਉਸਾਰੀ ਲਈ ਮਨਪ੍ਰੀਤ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਬਸ ਕੁਝ ਬੇਮਤਲਬ ਜਿਹੇ ਨਾਹਰੇ ਹਨ। ਜਾਂ ਸ਼ਹੀਦ ਭਗਤ ਸਿੰਘ ਦਾ ਨਾਂ ਹੈ, ਲੋਕਾਂ ਦੇ ਜ਼ਜਬਾਤਾਂ ਨੂੰ ਆਪਣੀ ਵੋਟ ਸਿਆਸਤ ਦੇ ਹਿੱਤ ਵਰਤਣ ਲਈ। ਸ਼ਹੀਦ ਭਗਤ ਸਿੰਘ ਨਾਲ਼ ਨਾ ਤਾਂ ਉਸ ਦੀ ਵਿਚਾਰਾਂ ਦੀ ਹੀ ਕੋਈ ਸਾਂਝ ਹੈ ਅਤੇ ਨਾ ਹੀ ਭਾਵਨਾ ਦੀ। ਦਰਅਸਲ ਇਹਨਾਂ ਲੁਟੇਰੇ ਸਿਆਸਤਦਾਨਾਂ ਕੋਲ ਆਪਣਾ ਕੋਈ ਨਾਇਕ ਨਹੀਂ ਹੈ। ਇਸ ਨਾਇਕਵਿਹੂਣਤਾ ਦੇ ਆਲਮ 'ਚ ਉਹਨਾਂ ਨੂੰ ਵਾਰ ਵਾਰ ਮਜ਼ਦੂਰ ਜਮਾਤ ਦੇ ਮਹਾਨ ਸ਼ਹੀਦਾਂ ਦੇ ਨਾਂ ਦਾ ਆਸਰਾ ਲੈਣਾ ਪੈਂਦਾ ਹੈ। •

(**ਸਫਾ 22 ਦਾ ਬਾਕੀ**)

ਇਹ ਤੈਅ ਹੋ ਚੁੱਕਿਆ ਸੀ ਕਿ ਭਾਰਤੀ ਲੋਕਤੰਤਰ ਕਿਹੋ ਜਿਹਾ ਹੋਵੇਗਾ ਅਤੇ ਭਾਰਤੀ ਸੰਵਿਧਾਨ ਕਿਨ੍ਹਾਂ ਦੀ ਸੇਵਾ ਕਰੇਗਾ !

ਇਸ ਤਰ੍ਹਾਂ ਦਾ ਪੂੰਜੀਵਾਦੀ ਲੋਕਤੰਤਰ, ਤੱਤ ਪੱਖੋਂ ਪੂੰਜੀਵਾਦੀ ਤਾਨਾਸ਼ਾਹੀ ਹੁੰਦਾ ਹੈ। ਕੋਈ ਪੂੰਜੀਵਾਦੀ ਜਮਹੂਰੀਅਤ ਆਪਣੇ ਤੱਤ 'ਤੇ ਜਮਹੂਰੀਅਤ ਦਾ ਜਿਆਦਾ ਮੁਲੰਮਾ ਲਗਾਉਂਦੀ ਹੈ ਤਾਂ ਕੋਈ ਘੱਟ। ਭਾਰਤੀ ਸੰਵਿਧਾਨ 'ਤੇ ਜਮਹੂਰੀਅਤ ਦਾ ਮੁਲਮਾ ਘੱਟ ਹੈ। ਇਹ ਭਾਰਤੀ ਪੂੰਜੀਪਤੀ ਜਮਾਤ ਦੀ ਹਾਲਤ ਅਤੇ ਤਾਕਤ ਦਾ ਹੀ ਪ੍ਰਗਟਾਵਾ ਅਤੇ ਪਰਤੌ ਹੈ।

ਭਾਰਤੀ ਸੰਵਿਧਾਨ ਇਕ ਪੂੰਜੀਵਾਦੀ ਸੰਵਿਧਾਨ ਹੈ ਜਿਹੜਾ ਵਿਅਕਤੀਗਤ ਸੰਪਤੀ ਦੇ ਅਜੋਕੇ ਪ੍ਰਬੰਧ ਦੀ ਇੰਚ-ਇੰਚ ਹਿਫ਼ਾਜਤ ਕਰਨ ਦੀਆਂ ਕਸਮਾਂ ਖਾਂਦਾ ਹੈ, ਜ਼ਮੀਨ ਅਤੇ ਪੂੰਜੀ ਨੂੰ ਉਤਪਾਦਨ ਅਤੇ ਲੁੱਟ ਦੇ ਸਾਧਨ ਦੇ ਰੂਪ 'ਚ ਪ੍ਰਵਾਨ ਕਰਦਾ ਹੈ, ਲੋਟੂਆਂ ਨੂੰ ਲੁੱਟ ਦੀ ਪੂਰੀ ਗਰੰਟੀ ਦਿੰਦਾ ਹੈ ਅਤੇ ਉਹਨਾਂ ਦੀ ਸੰਪੱਤੀ ਦੀ ਸੁਰੱਖਿਆ ਲਈ ਵਚਨਬੱਧ ਹੈ, ਪਰ ਦੂਜੇ ਪਾਸੇ ਕਿਰਤੀ ਲੋਕਾਂ ਨੂੰ ਕੰਮ ਕਰਨ ਦੇ ਹੱਕ ਦੀ, ਰੋਟੀ ਤੱਕ ਦੀ ਗੰਰਟੀ ਨਹੀਂ ਦਿੰਦਾ। ਭਾਰਤੀ ਪੂੰਜੀਪਤੀ ਜਮਾਤ ਦੇ ਸਿਧਾਂਤਕਾਰਾਂ ਨੇ ਪੂੰਜੀਵਾਦੀ ਲੁੱਟ ਨੂੰ ਨਿਆਂਸੰਗਤ ਅਤੇ ਸੁਭਾਵਕ ਠਹਿਰਾਉਣ ਲਈ ਅਤੇ ਭਾਰਤੀ ਸਮਾਜ ਦੀ ਸਮੁੱਚੀ ਸੰਪਦਾ 'ਤੇ ਪੂੰਜੀਪਤੀ ਜਮਾਤ ਦਾ ਕੰਟਰੋਲ ਬਣਾਈ ਰੱਖਣ ਲਈ ਦਾਰਸ਼ਨਿਕ-ਸਿਆਸੀ-ਕਾਨੂੰਨਸ਼ਾਸਤਰੀ ਅਧਾਰ ਦੇ ਰੂਪ 'ਚ, ਪੂੰਜੀਵਾਦੀ ਰਾਜ ਅਤੇ ਸਮਾਜ ਦੀ ਅਚਾਰ-ਸਹਿੰਤਾ ਦੇ ਰੂਪ 'ਚ ਇਸ ਸੰਵਿਧਾਨ ਦੀ ਰਚਨਾ ਕੀਤੀ ਹੈ। ਇਹ ਸੰਵਿਧਾਨ ਭਾਰਤੀ ਪੂੰਜੀਪਤੀ ਜਮਾਤ ਦੀ ਆਰਥਿਕ ਅਤੇ ਸਿਆਸੀ ਸਮਰਥਾ ਦਾ, ਉਸ ਸਮੇਂ ਦੀ ਕੌਮੀ-ਕੌਮਾਂਤਰੀ ਹਾਲਤ ਦਾ ਅਤੇ ਸਾਮਰਾਜਵਾਦ ਦੇ ਯੁੱਗ ਦਾ ਸਪਸ਼ਟ ਅਤੇ ਮੁਖਰ ਪ੍ਰਗਟਾਅ ਹੈ। (**ਅਗਲੇ ਅੰਕ 'ਚ ਜਾਰੀ**)

''ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਉਹਨਾਂ ਵਿਦੇਸ਼ਾਂ 'ਚ ਜਾ ਲਗਾਈ''

— ਡਾ. ਪਰਮਿੰਦਰ

ਕੀ ਤੁਸੀਂ 2ਜੀ ਸਪੈਕਟ੍ਰਮ ਘੋਟਾਲੇ ਜਾਂ ਸਤਿਅਮ ਕੰਪਨੀ ਦੇ ਮਾਲਕ ਵੱਲੋਂ ਕੀਤੇ ਗਏ ਘੋਟਾਲੇ ਤੋਂ ਹੈਰਾਨ ਹੋ! ਪ੍ਰੇਸ਼ਾਨ ਹੋ! ਬੇਸ਼ੱਕ ਦੇਸ਼ ਨੂੰ ਘੁਣ ਵਾਂਗ ਖਾ ਰਹੇ ਪੂੰਜੀ ਦੇ ਮਾਲਕਾਂ ਦੀਆਂ ਕਰਤੂਤਾਂ ਜਦੋਂ ਜੱਗ ਜ਼ਾਹਰ ਹੁੰਦੀਆਂ ਹਨ ਤਾਂ ਆਮ ਲੋਕਾਂ ਨੂੰ ਹੈਰਾਨ ਵੀ ਕਰਦੀਆਂ ਹਨ ਤੇ ਪ੍ਰੇਸ਼ਾਨ ਵੀ।

ਪਿਛਲੇ ਦਿਨੀਂ ਜੀ. ਐਫ. ਆਈ. (ਗਲੋਬਲ ਫਾਇਨੈਂਸ਼ੀਅਲ ਇੰਟੀਗਰੀਟੀ) ਨੇ ਇੱਕ ਰਿਪੋਰਟ ਜਾਰੀ ਕੀਤੀ। ਇਹ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ 1948 ਤੋਂ 2008 ਤੱਕ ''ਨਾਜਾਇਜ਼'' ਢੰਗ ਨਾਲ਼ 9.7 ਲੱਖ ਕਰੋੜ ਰੁਪਏ ਵਿਦੇਸ਼ਾਂ ਵਿੱਚ ਭੇਜੇ ਜਾ ਚੁੱਕੇ ਹਨ। ਇਸ ਵਰਤਾਰੇ ਨੂੰ 'ਨਾਜਾਇਜ਼ ਵਿੱਤੀ ਬਹਾਅ' ਭਾਵ ਇਲਲੀਗਲ ਫਾਇਨੈਂਸ਼ੀਅਲ ਫਲੋਅ' ਵੀ ਕਹਿੰਦੇ ਹਨ। ਥੋੜ੍ਹਾ ਹੋਰ ਬਰੀਕੀ 'ਚ ਜਾਈਏ ਤਾਂ, ਇਸ 9.7 ਲੱਖ ਕਰੋੜ ਰੁਪਏ 'ਚੋਂ 5.7 ਲੱਖ ਕਰੋੜ ਰੁਪਏ ਤਾਂ ਸਿਰਫ਼ ਪਿਛਲੇ ਅੱਠ ਸਾਲਾਂ ਦੌਰਾਨ ਹੀ ਵਿਦੇਸ਼ਾਂ 'ਚ ਉਡਾਰੀ ਮਾਰ ਚੁੱਕਾ ਹੈ। ਇੰਨਾ ਹੀ ਨਹੀਂ ਦੇਸ਼ ਨੇ ਮਹਿਜ਼ ਚਾਰ ਸਾਲਾਂ ਵਿੱਚ ਪੂੰਜੀ ਦੀ ਇਸ ਉਡਾਰੀ ਕਾਰਨ 4.3 ਲੱਖ ਕਰੋੜ ਰੁਪਏ ਦਾ ਨੁਕਸਾਨ ਝਲਿਆ ਹੈ। ਭਾਵ 2ਜੀ ਸਪੈਕਟ੍ਰਮ ਘੋਟਾਲੇ ਤੋਂ 2.5 ਗੁਣਾ ਵੱਡਾ ਘੋਟਾਲਾ! ਤੇ ਇਥੇ 'ਦੇਸ਼' ਤੋਂ ਮੇਰਾ ਭਾਵ ਆਮ ਲੋਕਾਂ ਤੋਂ ਹੈ, ਮੰਤਰੀ, ਨੇਤਾ, ਬਿਉਰੋਕਰੈਟ, ਪੂੰਜੀਪਤੀ, ਧਨਾਢਾਂ ਤੋਂ ਨਹੀਂ ਕਿਉਂਕਿ ਉਹਨਾਂ ਨੂੰ ਤਾਂ ਇਹਨਾਂ ਘੋਟਾਲਿਆਂ ਤੋਂ ਸਭ ਤੋਂ ਵੱਧ ਫਾਇਦਾ ਹੁੰਦਾ ਹੈ ਤੇ ਬੇਸ਼ੱਕ ਇਹਨਾਂ ਘੋਟਾਲਿਆਂ ਦੇ ਸਿਰਜਣਹਾਰ ਵੀ ਇਹੋ ਹੀ ਹੁੰਦੇ ਹਨ।

ਜੀ ਐਫ ਆਈ ਵੱਲੋਂ ਜਾਰੀ ਰਿਪੋਰਟ ਦੇ ਸੰਪਾਦਕ ਦੇਵਕਾਰ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਪਿਛਲੇ ਕੁਲ ਅੰਕੜਿਆਂ ਤੋਂ ਅੰਦਾਜ਼ਾ ਲਾਈਏ ਤਾਂ ਉਸ ਹਿਸਾਬ ਨਾਲ਼ ਭਾਰਤ 'ਚੋਂ ਔਸਤ ਹਰ ਰੋਜ਼ ਪੂੰਜੀ ਦੀ ਉਡਾਰੀ 240 ਕਰੋੜ ਰੁਪਏ ਬਣਦੀ ਹੈ (ਮਤਲਬ ਇੱਕ ਘੰਟੇ ਵਿੱਚ 1 ਕਰੋੜ ਰੁਪਏ)। ਪੂੰਜੀ ਦੀ ਇਸ ਸੈਰ ਨੂੰ ਜੇਕਰ ਕਾਬੂ ਕੀਤਾ ਗਿਆ ਹੁੰਦਾ ਤਾਂ ਅੱਜ ਤੱਕ (2008 ਤੱਕ) ਬਾਹਰ ਜਾ ਚੁੱਕੀ ਪੂੰਜੀ ਦਾ ਮੁੱਲ 418 ਬਿਲੀਅਨ ਡਾਲਰ ਭਾਵ 21 ਲੱਖ ਕਰੋੜ ਬਣਦਾ ਹੈ, ਜਿਸ ਨਾਲ਼ ਭਾਰਤ ਵਿਦੇਸ਼ਾਂ ਦੀ ਕੁੱਲ 10 ਲੱਖ ਕਰੋੜ ਦੀ ਦੇਣਦਾਰੀ ਚੁਕਤਾ ਕਰ ਸਕਦਾ ਸੀ ਅਤੇ ਬਾਕੀ ਬਚਦਾ 11 ਲੱਖ ਕਰੋੜ ਦੇਸ਼ ਦੇ ਵਿਕਾਸ 'ਤੇ ਲਗਾ ਸਕਦਾ ਸੀ।

ਹੁਣ ਸਵਾਲ ਇਹ ਉੱਠਦਾ ਹੈ ਕਿ ਆਖਰ ਇਹ ਪੈਸਾ ਵਿਦੇਸ਼ਾਂ ਵੱਲ ਭੇਜਿਆ ਹੀ ਕਿਉਂ ਜਾਂਦਾ ਹੈ ਤੇ ਮੂਲ ਰੂਪ ਵਿੱਚ ਇਸ ਦੇ ਵਾਹਕ ਕੌਣ ਹਨ? ਉੱਤਰ ਇਸ ਦਾ ਸਰਲ ਹੈ ਮੁਨਾਫਾ ਅਤੇ ਪੂੰਜੀਪਤੀ।

ਪੂੰਜੀਪਤੀ ਆਪਣੇ ਮੁਨਾਫੇ ਨੂੰ ਟੈਕਸ ਅਧਿਕਾਰੀਆਂ ਤੋਂ ਬਚਾਉਣ ਲਈ ਇਸ ਨੂੰ ਕਾਲ਼ੇ ਧਨ ਦੇ ਰੂਪ ਵਿੱਚ ਵਿਦੇਸ਼ਾਂ ਵਿੱਚ ਘੁਮਾਉਂਦਾ ਹੈ। ਜਾਂ ਫਿਰ ਮੰਤਰੀ ਸੰਤਰੀ ਤੇ ਸਾਰਾ ਉੱਚ ਵਰਗ ਘੋਟਾਲ਼ੇ, ਘਪਲਿਆਂ ਰਾਹੀਂ ਕਮਾਏ ਗਏ ਪੈਸੇ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਬਚਾਉਣ ਲਈ ਇਹ ਕੰਮ ਕਰਦੇ ਹਨ।

ਅਸਲ ਵਿੱਚ ਦੇਸ਼ ਅੰਦਰ ਦਿਖਾਈ ਦੇਣ ਵਾਲ਼ੇ ਅਰਥਚਾਰੇ ਦੇ ਨਾਲ਼ ਨਾਲ਼ ਇੱਕ ''ਨਾਜ਼ਾਇਜ਼'', ਲੁਕਿਆ ਹੋਇਆ (ਅੰਡਰਗਰਾਉਂਡ) ਅਰਥਚਾਰਾ ਕੰਮ ਕਰਦਾ ਹੈ। ਇਸ ਅੰਡਰਗਰਾਉਂਡ ਅਰਥਚਾਰੇ ਦਾ ਕੁੱਲ 72 ਫੀਸਦੀ ਵਿਦੇਸ਼ਾਂ ਵੱਲ ਜਾਂਦਾ ਹੈ ਤੇ 28 ਫੀਸਦੀ ਦੇਸ਼ ਅੰਦਰ ਹੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

1991 ਵਿੱਚ ਮੌਕੇ ਦੀ ਕਾਂਗਰਸ ਸਰਕਾਰ ਵੱਲੋਂ, ਜਿਸ ਵਿੱਚ ਮਨਮੋਹਣ ਸਿੰਘ ਦੀ ਬਹੁਤ ਵੱਡੀ ਭੂਮਿਕਾ ਸੀ, ਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ ਗਈਆਂ। ਤੇ ਇਸ ਦੇ ਨਾਲ਼ ਹੀ ਪੂੰਜੀਪਤੀਆਂ ਨੂੰ ਖੁਲ੍ਹੀ ਛੁੱਟੀ ਮਿਲੀ ਅਤੇ ਉਹਨਾਂ ਨੇ ਇਹਨਾਂ ਨੀਤੀਆਂ ਦਾ ਜਮ ਕੇ ਨਫਾ ਕਮਾਇਆ। ਜੀ ਐਫ ਆਈ ਦੀ ਰਿਪੋਰਟ ਅਨੁਸਾਰ 1991 ਤੋਂ ਬਾਅਦ ਪੂੰਜੀ ਦੇ ਇਸ ''ਨਾਜ਼ਾਇਜ਼'' ਵਹਾਅ ਵਿੱਚ ਤਿੱਖਾ ਵਾਧਾ ਨਜ਼ਰ ਆਉਂਦਾ ਹੈ। ਪੂੰਜੀ ਦੇ ਇਹ ਮਾਲਕ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਆਪਣੇ ਮੁਨਾਫੇ ਲਈ ਵਿਦੇਸ਼ਾਂ ਵੱਲ ਰੋੜਦੇ ਹਨ ਤੇ ਸਰਕਾਰਾਂ ਦਿਨ ਰਾਤ ਇਹਨਾਂ ਦੀ ਸੇਵਾ ਵਿੱਚ ਨਵੀਆਂ-ਨਵੀਆਂ ਵਿਉਂਤਾਂ, ਰਿਆਇਤਾਂ ਤੇ ਨੀਤੀਆਂ ਘੜਦੀਆਂ ਹਨ।

ਇਹਨਾਂ ਸਰਕਾਰਾਂ ਤੋਂ ਕਿਸੇ ਕਿਸਮ ਦੀ ਆਸ ਰੱਖਣ ਦੀ ਬਜਾਏ ਅੱਜ ਨੌਜਵਾਨਾਂ ਨੂੰ ਇਸ 'ਪੂੰਜੀ ਦੀ ਸੱਤ੍ਹਾ' ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ ਤਾਂ ਹੀ ਸਹੀ ਮਾਅਨਿਆਂ 'ਚ ਇਹਨਾਂ ਘਪਲਿਆਂ, ਘੋਟਾਲਿਆਂ, ਹੇਰਾਫੇਰੀਆਂ 'ਤੇ ਰੋਕ ਲਗਾਈ ਜਾ ਸਕੇਗੀ ਤੇ ਇੱਕ ਖੁਸ਼ਹਾਲ ਸਮਾਜ ਦੀ ਉਸਾਰੀ ਵੱਲ ਵਧਿਆ ਜਾ ਸਕੇਗਾ। •

ਟਿੱਪਣੀਆਂ

ਅਮਰੀਕਾ ਵਿੱਚ ਵਧਦੀ ਗਰੀਬੀ ਅੰਕੜਿਆਂ ਦੀ ਜ਼ਬਾਨੀ

- ਅਜੇਪਾਲ

ਅੱਜ ਭਾਰਤ ਅਤੇ ਖਾਸ ਕਰ ਪੰਜਾਬ ਸੂਬੇ ਵਿੱਚ ਹਰ ਕੋਈ ਅਮਰੀਕਾ ਜਾਣਾ ਲੋਚਦਾ ਹੈ। ਕਾਰਣ ਵੀ ਬੜਾ ਸਿੱਧਾ ਜਿਹਾ ਦੱਸਿਆ ਜਾਂਦਾ ਹੈ ਕਿ ਉੱਥੇ 'ਬੰਦੇ ਦੀ ਕਦਰ ਪੈਂਦੀ ਹੈ'। ਕਿਤੇ ਬੁੱਧੀਜੀਵੀਆਂ ਵਿੱਚ ਗੱਲ ਕਰਕੇ ਵੇਖ ਲਵੋ ਤਾਂ ਬਹੁਗਿਣਤੀ ਇਹੀ ਕਹਿਣਗੇ ਕਿ ਢਾਂਚਾ ਹੋਵੇ ਤਾਂ ਅਮਰੀਕਾ ਵਰਗਾ। ਜਮਕੇ ਸੋਹਲੇ ਗਾਏ ਜਾਂਦੇ ਨੇ ਅਮਰੀਕਾ ਦੇ, ਅਮਰੀਕਾ ਤੇ ਸਵਰਗ ਬਰਾਬਰ ਹੀ ਸਮਝੇ ਜਾਂਦੇ ਹਨ। ਉਥੇ ਬੰਦੇ ਦੀ ਕਦਰ ਕਿੰਨੀ ਕੁ ਪੈਂਦੀ ਹੈ ਤੇ ਅਮਰੀਕੀ ਸਵਰਗ 'ਚ ਕਿੰਨੀ ਕੁ ਜਾਨ ਹੈ? ਇਹ ਹਾਲ ਵਿੱਚ ਅਮਰੀਕਾ ਤੋਂ ਜਾਰੀ ਹੋਏ ਕੁੱਝ ਆਂਕੜਿਆਂ ਤੋਂ ਸਾਫ਼ ਹੁੰਦਾ ਹੈ। ਇਹਨਾਂ ਅੰਕੜਿਆਂ ਵਿੱਚ ਅਮਰੀਕੀ ਜਨਗਣਨਾ ਦੇ ਅੰਕੜੇ ਵੀ ਸ਼ਾਮਲ ਹਨ।

ਅਮਰੀਕਾ 'ਚੋਂ ਤਿੰਨ ਪਿੱਛੇ ਇੱਕ ਪਰਿਵਾਰ ਯਾਨੀ ਕਿ ਕੁੱਲ ਪਰਿਵਾਰਾਂ ਦਾ ਤੀਸਰਾ ਹਿੱਸਾ ਘੱਟ ਆਮਦਨੀ ਵਾਲ਼ਾ ਹੈ ਅਤੇ ਇਹਨਾਂ ਪਰਿਵਾਰਾਂ ਨੂੰ ਆਪਣੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨ ਲਈ ਵੀ ਸਖਤ ਸੰਘਰਸ਼ ਕਰਨਾ ਪੈਂਦਾ ਹੈ। 2007-2009 ਦੇ ਵਿਚਕਾਰ ਘੱਟ ਆਮਦਨੀ ਵਾਲ਼ੇ ਪਰਿਵਾਰ 28-30 ਪ੍ਰਤੀਸ਼ਤ ਵੱਧ ਗਏ ਹਨ। ਇਹ ਸਾਰੇ ਘੱਟ ਆਮਦਨੀ ਲੋਕ ਜਿਹਨਾਂ ਵਿੱਚ ਨਾ ਸਿਰਫ਼ ਕਾਲ਼ੇ ਸਗੋਂ ਗੋਰੇ ਲੋਕ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ ਹੁਣ ਘਰ ਅਤੇ ਦਫ਼ਤਰਾਂ ਦੀ ਸਫਾਈ, ਰੈਸਟੋਰੈਂਟ ਅਤੇ ਹੋਟਲਾਂ ਲਈ ਖਾਣਾ ਬਣਾਉਣਾ, ਬੱਚੇ ਅਤੇ ਬਜ਼ੁਰਗਾਂ ਦੀ ਦੇਖਭਾਲ ਕਰਨ ਆਦਿ ਵਰਗੇ ਅਮਰੀਕਾ ਦੇ ਸਭ ਤੋਂ ਘੱਟ ਉਜਰਤਾਂ ਵਾਲ਼ੇ ਧੰਦੇ ਕਰਨ ਲਈ ਮਜਬੂਰ ਹਨ। 'ਅਮਰੀਕਾ ਵਿੱਚ ਕੰਮ ਦੀ ਚੰਗੀ ਕੀਮਤ ਪੈਂਦੀ ਹੈ' ਇਹਨਾਂ ਪਰਿਵਾਰਾਂ ਦੀ ਦੁਰਦਸ਼ਾ ਹੀ ਇਸ ਵਿਚਾਰ ਦੀ ਫੂਕ ਕੱਢ ਦਿੰਦੀ ਹੈ। 2008 ਵਿੱਚ ਇਹਨਾਂ ਪਰਿਵਾਰਾਂ ਵਿੱਚ 4.50 ਕਰੋੜ ਲੋਕ ਸ਼ਾਮਲ ਸਨ ਜਿਹਨਾਂ ਵਿੱਚ 2.20 ਕੋਰੜ ਬੱਚੇ ਵੀ ਹਨ। 2008 ਤੱਕ ਇਹਨਾਂ ਪਰਿਵਾਰਾਂ ਦੀ ਕੁੱਲ ਗਿਣਤੀ 1.7 ਕੋਰੜ ਸੀ। 2008 ਤੱਕ ਘੱਟ-ਆਮਦਨ ਪਰਿਵਾਰਾਂ ਵਿੱਚ 700,000 ਬੱਚਿਆਂ ਦਾ ਵਾਧਾ ਹੋਇਆ ਜੋ ਕਿ ਪੂਰੇ ਦੇਸ਼ ਦੇ ਕੁੱਲ ਬੱਚਿਆਂ ਦੀ ਗਿਣਤੀ ਦਾ ਤੀਸਰਾ ਹਿੱਸਾ ਬਣਦਾ ਹੈ।

ਅੱਜ ਅਮਰੀਕਾ ਵਿੱਚ ਆਮਦਨ-ਨਾਬਰਾਬਰੀ ਇਸ ਹੱਦ ਤੱਕ ਹੈ ਕਿ ਉਪਰਲੇ 20% ਲੋਕ ਪੂਰੇ ਅਮਰੀਕਾ ਦੀ ਕੁੱਲ ਆਮਦਨ ਦੇ 47% 'ਤੇ ਕਾਬਜ਼ ਹਨ ਜੋ ਕਿ ਘੱਟ-ਆਮਦਨ ਵਾਲ਼ੇ ਲੋਕਾਂ ਤੋਂ 10 ਗੁਣਾ ਵੱਧ ਹੈ। ਅਮਰੀਕਾ ਦੇ 'ਪਿਊ ਖੋਜ ਕੇਂਦਰ' ਦੇ ਅੰਕੜਿਆਂ ਮੁਤਾਬਿਕ ਦਸੰਬਰ 2007 ਤੋਂ 55% ਅਮਰੀਕੀ ਕਿਰਤ ਸ਼ਕਤੀ "ਤਨਖਾਹਾਂ ਵਿੱਚ ਕਟੌਤੀ, ਕੰਮ ਦੇ ਘੰਟਿਆਂ ਵਿੱਚ ਕਟੌਤੀ ਅਤੇ ਬੇਰੁਜ਼ਗਾਰੀ ਦੇ ਤਿਲੱਸਮ ਵਿੱਚ ਜਕੜੀ ਹੋਈ ਹੈ"। ਅੱਜ ਬਹੁਗਿਣਤੀ ਮੱਧ-ਵਰਗੀ ਅਮਰੀਕੀ ਪਰਿਵਾਰ 'ਘੱਟ-ਆਮਦਨ ਦੇ ਜਾਲ' ਵਿੱਚ ਫਸ ਚੁੱਕੇ ਹਨ ਅਤੇ ਉਹਨਾਂ ਦੀ ਗਿਣਤੀ ਹਰ ਸਾਲ ਵੱਧ ਰਹੀ ਹੈ। ਜਿੱਥੇ ਆਮ ਗਰੀਬ ਜਾਂ ਮੱਧ-ਵਰਗੀ ਅਮਰੀਕੀ ਦਾ ਇਹ ਹਾਲ ਹੈ ਉੱਥੇ ਹੀ ਅਮਰੀਕੀ ਅਮੀਰਸ਼ਾਹੀ ਨੂੰ ਟਰਿਲੀਅਨਾਂ ਡਾਲਰਾਂ ਦੇ ਬੇਲਆਊਟ ਪੈਕੇਜ ਮੰਦੀ 'ਚੋਂ ਉਭਰਨ ਦੇ ਨਾਮ 'ਤੇ ਦਿੱਤੇ ਜਾ ਰਹੇ ਹਨ, ਆਮਦਨ-ਕਰ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਆਮਦਨ-ਕਰ ਛੋਟਾਂ ਦਾ ਲਾਭ ਅਮਰੀਕੀ ਅਫਸਰਸ਼ਾਹੀ ਵੀ ਉਠਾ ਰਹੀ ਹੈ ਜਿਸ ਵਿੱਚ ਖੁਦ ਬਰਾਕ ਓਬਾਮਾ ਵੀ ਸ਼ਾਮਲ ਹੈ। ਕੁੱਝ ਅੰਦਾਜ਼ਿਆਂ ਮੁਤਾਬਿਕ ਓਬਾਮਾ ਸਰਕਾਰ ਨੇ ਪਿਛਲੇ ਸਾਲ ਦੇ ਅੰਤ ਵਿੱਚ ਅਮਰੀਕੀ ਧਨਾਡਾਂ ਨੂੰ ਇੱਕ ਟਰਿਲੀਅਨ ਡਾਲਰ ਦੀ ਟੈਕਸ ਰਿਆਇਤ ਦਿੱਤੀ ਹੈ। ਰੌਕਫੈਲਰ ਫਾਊਂਡੇਸ਼ਨ ਤੇ ਯੇਲ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜੈਕਬ ਹੈਕਰ ਦੀ ਰਿਪੋਰਟ ਅਨੁਸਾਰ 2009 ਦੇ ਅੰਤ ਤੱਕ 93% ਅਮਰੀਕੀਆਂ ਨੂੰ ਘੱਟੋ-ਘੱਟ ਇੱਕ ਵਾਰ 2007 ਦੇ ਆਰਥਿਕ ਮੰਦਵਾੜੇ ਦਾ ਗੰਭੀਰ ਆਰਥਕ ਝਟਕਾ ਜ਼ਰੂਰ ਲੱਗਾ।

ਚਾਹੇ ਇਸ ਸਭ ਦੇ ਬਾਵਜੂਦ ਅਮਰੀਕਾ ਅੱਜ ਵੀ ਦੁਨੀਆਂ ਦੇ ਸਭ ਤੋਂ ਅਮੀਰ ਮੁਲਕਾਂ ਵਿੱਚ ਗਿਣਿਆ ਜਾਂਦਾ ਹੈ ਪਰ ਜਿਹੜੇ ਲੋਕ ਪੂੰਜੀਵਾਦੀ ਢਾਂਚੇ ਦਾ ਬਦਲ ਅਮਰੀਕੀ ਪੂੰਜੀਵਾਦ ਦੱਸਦੇ ਸਨ ਇਹ ਗੱਲ ਉਹਨਾਂ ਲੋਕਾਂ ਲਈ ਹਲਕ ਤੋਂ ਹੇਠਾਂ ਕਰਨੀ ਔਖੀ ਹੁੰਦੀ ਹੈ ਕਿ ਅਮਰੀਕਾ ਵਿੱਚ ਅਮੀਰੀ ਗਰੀਬੀ ਦਾ ਪਾੜਾ ਐਨਾ ਜ਼ਿਆਦਾ ਹੈ।•

'ਨੰਨ੍ਹੀ ਛਾਂ' ਦੇ ਵੱਡੇ ਕਾਰਨਾਮੇ

- ਰਜਿੰਦਰ ਆਰ ਟੂ

ਪਿਛਲੇ ਕਾਫ਼ੀ ਸਮੇਂ ਤੋਂ ਵਿਦੇਸ਼ਾਂ ਵਿੱਚ ਜਮ੍ਹਾਂ ਕਾਲ਼ੇ ਧਨ ਦਾ ਰੌਲਾ ਪੈ ਰਿਹਾ ਹੈ। ਵੱਖ ਵੱਖ ਪਾਰਟੀਆਂ ਦੇ ਲੀਡਰ ਰੌਲਾ ਪਾ ਰਿਹੇ ਹਨ ਕਿ ਵਿਦੇਸ਼ਾਂ ਵਿੱਚ ਜਮ੍ਹਾਂ ਕਾਲ਼ਾ ਧਨ ਵਾਪਸ ਭਾਰਤ ਲਿਆਂਦਾ ਜਾਵੇ, ਪਰ ਜੇਕਰ ਇਹਨਾਂ ਨੂੰ ਸਿਰਫ਼ ਇਹ ਹੀ ਪੁਛਿਆ ਜਾਵੇ ਕਿ ਜਿਹੜੀ ਕਰੋੜਾਂ ਅਰਬਾਂ ਦੀ ਚੱਲ-ਅਚੱਲ ਜਾਇਦਾਦ ਤੁਹਾਡੇ ਕੋਲ ਭਾਰਤ ਵਿੱਚ ਹੈ ਉਸ ਦਾ ਕੀ ਕੀਤਾ ਜਾਵੇ? ਤਾਂ ਇਹਨਾਂ ਲੀਡਰਾਂ ਦਾ ਮੂੰਹ ਬੰਦ ਹੋ ਜਾਂਦਾ ਹੈ। ਦੱਸਣ ਦੀ ਜ਼ਰੂਰਤ ਨਹੀਂ ਕਿ ਵਿਦੇਸ਼ਾਂ ਵਿੱਚ ਜਮ੍ਹਾਂ ਇਹ ਸਾਰਾ ਧਨ ਇਹਨਾਂ ਹੀ ਲੀਡਰਾਂ ਦਾ ਹੈ ਜਿਹੜੇ ਵਾਪਸ ਲਿਆਉਣ ਦੀਆਂ ਗੱਲਾਂ ਕਰਦੇ ਨੇ। ਅਜਿਹਾ ਹੀ ਇੱਕ ਹੋਰ ਨਾਂ ਸਾਹਮਣੇ ਆਉਂਦਾ ਹੈ, ਹਰਸਿਮਰਤ ਕੌਰ ਬਾਦਲ, ਜੋ ਕਿ ਬਠਿੰਡਾ ਤੋਂ ਸੰਸਦ ਮੈਂਬਰ ਹੈ। ਮਹਿਲਾ ਸੰਸਦ ਮੈਂਬਰਾਂ 'ਚੋਂ ਦੌਲਤਮੰਦਾਂ ਦੀ ਸੂਚੀ ਵਿੱਚ ਹਰਸਿਮਰਤ ਕੌਰ ਬਾਦਲ ਦਾ ਨਾਂ ਦੇਸ਼ ਭਰ 'ਚ ਦੂਜੇ ਸਥਾਨ ਉੱਤੇ ਆਉਂਦਾ ਹੈ। ਹਰਸਿਮਰਤ ਕੌਰ ਦਾ ਉੱਤਰੀ ਭਾਰਤ 'ਚ ਦੌਲਤਮੰਦਾਂ ਦੀ ਸੂਚੀ ਵਿੱਚ ਪਹਿਲਾ ਨਾਂ ਹੈ। ਨੈਸ਼ਨਲ ਇਲੈਕਸ਼ਨ ਵਾਚ ਵੱਲੋਂ ਜੋ ਸੰਸਦ ਮੈਂਬਰਾਂ ਦੀ ਸੰਪਤੀ ਦਾ ਮੁਲਾਂਕਣ ਕੀਤਾ ਗਿਆ ਹੈ, ਉਸ ਵਿੱਚ ਬੀਬੀ ਬਾਦਲ ਦਾ ਦੇਸ਼

ਭਰ ਦੀਆਂ ਮਹਿਲਾ ਸੰਸਦ ਮੈਂਬਰਾਂ ਵਿੱਚ ਦੂਜਾ ਨੰਬਰ ਹੈ। ਐੱਨ. ਈ. ਡਬਲਿਓ. ਅਨੁਸਾਰ ਲੋਕ ਸਭਾ ਦੇ ਕੁੱਲ 543 ਮੈਂਬਰਾਂ 'ਚੋਂ 59 ਮਹਿਲਾ ਸੰਸਦ ਮੈਂਬਰ ਹਨ। ਇਹਨਾਂ ਸੰਸਦ ਮੈਂਬਰਾਂ ਵਿੱਚੋਂ 57 ਨਾਲ਼ੋਂ ਬੀਬੀ ਬਾਦਲ ਕੋਲ ਜ਼ਿਆਦਾ ਸੰਪਤੀ ਹੈ। ਬੀਬੀ ਬਾਦਲ ਕੋਲ 60.31 ਕਰੋੜ ਰੁਪਏ ਦੀ ਸੰਪਤੀ ਹੈ। ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਬਾਦਲ ਕੋਲ ਇਸ ਸੰਪਤੀ ਦਾ 24.11 ਕਰੋੜ ਚੱਲ ਅਤੇ 36.19 ਕਰੋੜ ਰੁਪਏ ਅਚੱਲ ਹੈ। ਦੌਲਤ ਵਿੱਚ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਹਲਕੇ ਤੋਂ ਮਹਿਲਾ ਸੰਸਦ ਮੈਂਬਰ ਰਾਜ ਕੁਮਾਰੀ ਰਤਨਾ ਸਿੰਘ ਪਹਿਲੇ ਨੰਬਰ 'ਤੇ ਹੈ, ਜਿਸਦੀ ਕੁੱਲ ਸੰਪਤੀ 67.82 ਕਰੋੜ ਹੈ। ਇਹ ਮੁਲਾਂਕਣ ਨੈਸ਼ਨਲ ਇਲੈਕਸ਼ਨ ਵਾਚ ਵੱਲੋਂ ਚੋਣਾਂ ਸਮੇਂ ਦਾਇਰ ਕੀਤੇ ਹਲਫੀਆ ਬਿਆਨਾਂ 'ਤੇ ਅਧਾਰਿਤ ਕੀਤਾ ਗਿਆ ਹੈ, ਸਹਿਜ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਉਦੋਂ ਲੀਡਰ ਕਿੰਨਾ ਕੁ ਸੱਚ ਬੋਲਣਗੇ ਜਦੋਂ ਹਰ ਰੋਜ਼ ਘੁਟਾਲੇ-ਘਪਲਿਆਂ ਦੇ ਸਭ ਰਿਕਾਰਡ ਟੁੱਟ ਰਹੇ ਹਨ। ਹੁਣ ਕੋਈ ਮੇਰਾ ਦੋਸਤ ਕਹਿ ਸਕਦਾ ਹੈ ਕਿ ਇਹ ਕੋਈ ਜ਼ਿਆਦਾ ਸੰਪਤੀ ਨਹੀਂ, ਇਹ ਤਾਂ 'ਨਾਰਮਲ' ਹੈ। ਤਾਂ ਮੈਂ ਕਹਿਣਾ ਚਾਹਵਾਂਗਾ ਕਿ ਜਿੱਥੇ 77 ਫੀਸਦੀ ਲੋਕ ਰੋਜ਼ਾਨਾ ਵੀਹ ਰੁਪਏ ਉੱਪਰ ਗੁਜ਼ਾਰਾ ਕਰਦੇ ਹੋਣ, 35 ਕਰੋੜ ਲੋਕ ਰਾਤਾਂ ਨੂੰ ਭੁੱਖੇ ਸੌਂਦੇ ਹੋਣ ਅਤੇ 18 ਕਰੋੜ ਲੋਕ ਝੁੱਗੀਆਂ ਵਿੱਚ ਰਹਿੰਦੇ ਹੋਣ, ਉੱਥੇ ਕਿਸੇ ਲੀਡਰ ਕੋਲ ਕਰੋੜਾਂ ਦੀ ਸੰਪਤੀ ਰੱਖਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਇਹ ਤਾਂ ਸੀ 'ਨੰਨ੍ਹੀ ਛਾਂ' ਬਾਰੇ, ਬਾਕੀ 'ਬੁੱਢੇ ਰੁੱਖਾਂ' ਬਾਰੇ ਤੁਸੀਂ ਸੋਚੋਂ। ●

ਲਿਬੀਆ ਵਿੱਚ ਹੁਣ ਤੱਕ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਪਰ ਬੰਦੂਕ ਦੇ ਜ਼ੋਰ ਉੱਤੇ ਲੋਕਾਂ ਦੀ ਅਵਾਜ਼ ਦਬਾਈ ਨਹੀਂ ਜਾ ਸਕਦੀ, ਲੋਕਾਂ ਦੇ ਪ੍ਰਦਰਸ਼ਨ ਹੋਰ ਵੱਡੇ ਹੁੰਦੇ ਜਾ ਰਹੇ ਨੇ।

ਬਿਨਾਂ ਸ਼ੱਕ ਭਾਰਤ ਦੇ ਲੋਕ ਵੀ ਜ਼ਿਆਦਾ ਦੇਰ ਇਹ ਸਭ ਸਹਿਣ ਕਰਨ ਵਾਲ਼ੇ ਨਹੀਂ ਲੋਕ ਲੜ ਰਹੇ ਹਨ, ਪਰ ਅਜਿਹੀ ਕਿਸੇ ਇਨਕਲਾਬੀ ਤਾਕਤ ਦੀ ਜੋ ਸਮੁੱਚੇ ਭਾਰਤ ਦੀ ਲੋਕ ਲਹਿਰ ਨੂੰ ਪ੍ਰਭਾਵਿਤ ਕਰਕੇ ਸਹੀ ਦਿਸ਼ਾ ਦੇ ਸਕੇ, ਦੀ ਘਾਟ ਨਜ਼ਰ ਆਉਂਦੀ ਹੈ। ਅਰਬ ਦੇ ਦੇਸ਼ ਵੀ ਇਸੇ ਹਾਲਤ ਵਿੱਚ ਹਨ। ਭਾਰਤ ਵੀ ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਦੀ ਨੀਤੀਆਂ ਉੱਤੇ ਤੇਜ਼ੀ ਨਾਲ਼ ਅੱਗੇ ਵੱਧ ਰਿਹਾ ਹੈ। ਜਿੱਥੇ ਵੀ ਇਹ ਨੀਤੀਆਂ ਲਾਗੂ ਹੋਈਆਂ ਹਨ, ਉੱਥੇ ਲੋਕਾਂ ਵੱਲੋਂ ਓਨਾ ਹੀ ਤਿੱਖਾ ਵਿਰੋਧ ਵੀ ਹੋਇਆ ਹੈ। ਇਹਨਾਂ ਨੀਤੀਆਂ ਦੇ ਇਤਿਹਾਸ ਉੱਤੇ ਇੱਕ ਸਰਸਰੀ ਨਜ਼ਰ ਮਾਰੋ। ਇਹ ਨੀਤੀਆਂ ਪਹਿਲਾਂ ਪਹਿਲ ਮੈਕਸੀਕੋ ਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿੱਚ ਲਾਗੂ ਹੋਈਆਂ ਤੇ 1995 ਤੱਕ ਇਹ ਦੇਸ਼ ਦੀਵਾਲੀਆਂ ਹੁੰਦੇ ਹੁੰਦੇ ਬਚੇ। ਇਸ ਤੋਂ ਬਾਅਦ ਇਹੀ ਨੀਤੀਆਂ ਦੱਖਣੀ-ਪੂਰਬੀ ਦੇਸ਼ਾਂ ਵਿੱਚ ਜ਼ੋਰਾ-ਸ਼ੋਰਾਂ ਨਾਲ਼ ਲਾਗੂ ਹੋਈਆਂ ਤੇ 1997 ਵਿੱਚ ਇਹ ਏਸ਼ੀਆਈ ਦੇਸ਼ ਬੁਰੀ ਤਰ੍ਹਾਂ ਸੰਕਟ ਵਿੱਚ ਫਸੇ।

ਭਾਰਤ ਵੀ ਜ਼ਿਆਦਾ ਦੇਰ ਸੰਕਟ ਦੀ ਭਿਆਨਕਤਾ ਤੋਂ ਬਚਿਆ ਨਹੀਂ ਰਹਿ ਸਕਦਾ। ਭਿਆਨਕ ਗਰੀਬੀ, ਬੇਰੁਜ਼ਗਾਰੀ ਅਤੇ ਅਮਾਨਵੀ ਹਾਲਤਾਂ ਵਿੱਚ ਰਹਿ ਰਹੇ ਲੋਕ ਬਹੁਤਾ ਚਿਰ ਚੁੱਪ ਨਹੀਂ ਰਹਿਣਗੇ, ਇਤਿਹਾਸ ਦਾ ਇਹੀ ਸਬਕ ਹੈ। ●

ਇੱਕ ਸਵਾਲ ਜੋ ਵਾਰ-ਵਾਰ ਪੁੱਛਿਆ ਜਾ ਰਿਹਾ !

- ਰਜਿੰਦਰ ਆਰ ਟੂ

ਭਾਰਤ ਦੇ ਲੋਕ ਕਦੋਂ ਚੋਰ, ਭ੍ਰਿਸ਼ਟ ਅਤੇ ਅੱਯਾਸ਼ ਲੀਡਰਾਂ ਖਿਲਾਫ਼ ਉੱਠ ਖੜੇ ਹੋਣਗੇ, ਜਿਸ ਤਰ੍ਹਾਂ ਕਿ ਮਿਸਰ, ਟਿਊਨੀਸ਼ੀਆ, ਲਿਬੀਆ, ਯਮਨ, ਬਹਿਰੀਨ ਦੇ ਲੋਕ ਉੱਠ ਖੜ੍ਹੇ ਹੋਏ ਨੇ ? ਕਦੋਂ ਲੋਕ ਇਸ ਮੁੱਠੀ ਭਰ ਲੋਟੂ ਜਮਾਤ ਦੇ ਖਿਲਾਫ਼ ਉੱਠ ਖੜ੍ਹੇ ਹੋਣਗੇ ? ਕਦੋਂ ਤੱਕ ਲੋਕ ਅਸਮਾਨ ਛੂ ਰਹੀ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ ਤੇ ਕੰਮ ਕਰਨ ਦੀਆਂ ਅਮਾਨਵੀ ਹਾਲਤਾਂ ਨੂੰ ਸਹਿਣ ਕਰਦੇ ਰਹਿਣਗੇ ? ਕਦੋਂ ਲੋਕ ਇਸ ਬਰਬਰ ਅਤੇ ਕਰੂਪ ਭਰਤੀ ਲੋਕਤੰਤਰ ਨੂੰ ਵਗਾਹ ਮਾਰਨਗੇ ? ਇਹ ਹਨ ਕੁਝ ਸਵਾਲ ਜਿਹੜੇ ਲੋਕ ਵਾਰ-ਵਾਰ ਪੁਛ ਰਹੇ ਨੇ। ਕੌਮਾਂਤਰੀ ਖਬਰਾਂ, ਕਾਲਜਾਂ, ਯੂਨੀਵਰਸਿਟੀ ਅਤੇ ਪਬਲਿਕ ਥਾਂਵਾ ਉੱਤੇ। ਸਵਾਲ ਬਿਲਕੁੱਲ ਜਾਇਜ਼ ਹਨ, ਜਦੋਂ ਕਿ ਤਬਦੀਲੀ ਦੀ ਹਵਾ ਅਰਬ ਸਮੇਤ ਸਾਰੀ ਦੁਨੀਆਂ ਵਿੱਚ ਚੱਲ ਰਹੀ ਹੈ।

ਬਿਨਾਂ ਸ਼ੱਕ ਅਰਬ ਦੇ ਲੋਕ ਵਿਦਰੋਹ ਨੇ ਸਾਲਾਂ ਤੋਂ ਛਾਈ ਹੋਈ ਖਾਮੋਸ਼ੀ ਨੂੰ ਤੋੜਿਆ ਹੈ। ਇਕੱਲੇ ਮਿਸਰ ਵਿੱਚ ਹੀ 400 ਲੋਕ ਵੱਖ ਵੱਖ ਪ੍ਰਦਸ਼ਨਾਂ ਵਿੱਚ ਮਾਰੇ ਜਾ ਚੁੱਕੇ ਹਨ। ਲਿਬੀਆ ਵਿੱਚ ਤਾਂ ਸੱਤ੍ਹਾ ਦਾ ਫਾਸਿਸਟ ਰੂਪ ਦਿਖਾਈ ਦੇ ਰਿਹਾ ਹੈ, ਜਿੱਥੇ ਸ਼ਾਂਤੀਪੂਰਨ ਪ੍ਰਦਰਸ਼ਨ ਉੱਤੇ ਹੀ ਗੋਲ਼ੀ ਚਲਾਈ ਜਾ ਰਹੀ ਹੈ।

ਸਾਵਧਾਨ ! ਤੁਹਾਨੂੰ ਦੇਸ਼-ਧ੍ਰੋਹੀ ਹੋਣ ਦੀ ਸਜ਼ਾ ਹੋ ਸਕਦੀ ਹੈ !

- ਡਾ. ਅੰਮ੍ਰਿਤ

ਦੇਸ਼-ਧ੍ਰੋਹ ! ਰਾਸ਼ਟਰ-ਵਿਰੋਧੀ !! ਦੇਸ਼ ਦੇ ਵੱਡੇਰੇ ਹਿੱਤ !!! ਇਹ ਉਹ ਸ਼ਬਦ ਹਨ ਜੋ ਸਮੇਂ ਸਮੇਂ 'ਤੇ ਲੋਕ ਵਿਰੋਧੀ, ਜਮਹੂਰੀਅਤ ਵਿਰੋਧੀ ਤੇ ਆਮ ਲੋਕਾਂ, ਬੁਧੀਜੀਵੀਆਂ ਦੇ ਬੋਲਣ ਦੇ ਅਧਿਕਾਰ ਦਾ ਗਲਾ ਘੁੱਟਣ ਵਾਲੇ ਕਾਨੂੰਨਾਂ ਦਾ ਆਧਾਰ ਬਣਦੇ ਹਨ, ਅਕਸਰ ਇਸੇ ਸ਼ਬਦਜਾਲ ਦਾ ਸਹਾਰਾ ਲੈ ਕੇ ਫਾਸੀਵਾਦੀ ਹੁਕਮ ਲੋਕਾਂ ਦੇ ਸਿਰ ਮੜੇ ਜਾਂਦੇ ਹਨ ਅਤੇ ਇਹੀ ਉਹ ਸ਼ਬਦ ਹਨ ਜਿਹਨਾਂ ਦੀ ਸਭ ਤੋਂ ਵੱਧ ਜੁਗਾਲੀ ਉਦੋਂ ਕੀਤੀ ਜਾਂਦੀ ਹੈ ਜਦੋਂ ਹਕੂਮਤ 'ਚ ਬੈਠੀ ਲੋਟੂ ਜਮਾਤ ਢਾਂਚਾਗਤ ਸੰਕਟ ਦਾ ਸ਼ਿਕਾਰ ਹੁੰਦੀ ਹੈ ਤੇ ਆਮ ਲੋਕਾਂ ਦੇ ਗੁੱਸੇ ਦੇ ਫੁੱਟ ਪੈਣ ਦਾ 'ਪ੍ਰੇਤ' ਉਸਨੂੰ ਲਗਾਤਾਰ ਸਤਾ ਰਿਹਾ ਹੁੰਦਾ ਹੈ ? ਆਖਰ ਇਹਨਾਂ ਸ਼ਬਦਾਂ ਦੇ ਮਾਆਨੇ ਕੀ ਹਨ ? ਇਸ ਤੋਂ ਵੀ ਪਹਿਲਾਂ, ਇਹ ਦੇਖਿਆ ਜਾਵੇ ਕਿ ਆਖਿਰ ਦੇਸ਼ ਜਾਂ ਰਾਸ਼ਟਰ ਦਾ ਅਰਥ ਹੀ ਕੀ ਹੈ ? ਕੀ ਦੇਸ਼ ਜਾਂ ਰਾਸ਼ਟਰ ਤੋਂ ਭਾਵ ਇੱਕ ਖਾਸ ਖਿੱਤੇ ਵਿੱਚ ਰਹਿਣ ਵਾਲੇ ਲੋਕਾਂ ਤੋਂ ਨਹੀਂ ਜੋ ਕਈ ਤਰਾਂ ਦੀਆਂ ਸਾਂਝਾ ਕਰਕੇ ਆਪਸ ਵਿੱਚ ਜੁੜੇ ਹੁੰਦੇ ਹਨ ? ਕੋਈ ਮੂਰਖ ਹੀ ਇਸ ਗੱਲ ਤੋਂ ਇਨਕਾਰ ਕਰੇਗਾ ? ਫਿਰ ਦੇਸ਼-ਧ੍ਰੋਹ ਜਾਂ ਰਾਸ਼ਟਰ-ਵਿਰੋਧੀ ਕਾਰਵਾਈ ਤਾਂ ਉਹੀ ਹੋਵੇਗੀ ਜੋ ਦੇਸ਼ ਦੇ ਬਹੁਗਿਣਤੀ ਲੋਕਾਂ ਨਾਲ ਧ੍ਰੋਹ ਹੋਵੇ, ਜੋ ਬਹੁਗਿਣਤੀ ਲੋਕਾਂ ਦੇ

ਮਨੁੱਖੀ ਮਾਣ-ਸਨਮਾਨ ਨਾਲ ਜ਼ਿੰਦਗੀ ਜਿਉਣ ਦੇ ਅਧਿਕਾਰ ਤੇ ਹਮਲਾ ਹੋਵੇ? ਜਦੋਂ ਦੇਸ਼ ਦੇ 5000 ਬੱਚੇ ਰੋਜ਼ ਭੁੱਖ ਕਾਰਨ ਮਰ ਜਾਣ, ਕਰੋੜਾਂ ਲੋਕ ਭੁੱਖੇ ਪੇਟ ਸੌਣ, ਬਹੁਗਿਣਤੀ ਲੋਕਾਂ ਲਈ ਦੋ ਵਕਤ ਦੇ ਖਾਣੇ ਦਾ ਇੰਤਜਾਮ ਕਰਨਾ ਹੀ ਜ਼ਿੰਦਗੀ ਇੱਕੋ ਇੱਕ ਉਦੇਸ਼ ਬਣ ਜਾਵੇ ਤੇ ਲੱਖਾਂ ਟਨ ਅਨਾਜ ਗੁਦਾਮਾਂ 'ਚ ਪਿਆ ਸੜ ਜਾਵੇ ਤੇ ਦੇਸ਼ ਦਾ ਮੁਖੀ ਭੁੱਖੇ ਮਰਦੇ ਲੋਕਾਂ 'ਚ ਅਨਾਜ ਵੰਡਣ ਤੋਂ ਨਾਂਹ ਕਰੇ, ਤਾਂ ਇਸਨੂੰ ਕੀ ਕਿਹਾ ਜਾਵੇ? ਦੇਸ਼ ਦੀ 77% ਆਬਾਦੀ 20 ਰੁਪੈ ਪ੍ਰਤੀ ਦਿਨ ਤੋਂ ਘੱਟ ਤੇ ਗੁਜ਼ਾਰਾ ਕਰੇ ਪਰ ਲੀਡਰਾਂ ਦੇ ਕਰੋੜਾਂ ਰੁਪੈ ਦੇ ਹੋਟਲ ਖੁੱਲਣ, ਅਰਬਾਂ-ਖਰਬਾਂ ਦਾ ਕਾਲਾ ਧਨ ਵਿਦੇਸ਼ੀਂ ਜਮ੍ਹਾ ਹੋਵੇ, ਕੀ ਇਹ ਦੇਸ਼-ਧ੍ਰੋਹ ਨਹੀਂ? ਨੌਜਵਾਨ ਡਿਗਰੀਆਂ ਕਰਕੇ ਨੌਕਰੀਆਂ ਲਈ ਸੜਕਾਂ ਦੀ ਮਿੱਟੀ ਛਾਨਣ, ਖੁਦਕਸ਼ੀਆਂ ਕਰਨ ਤੇ ਦੇਸ਼ ਦੇ ਰਹਿਬਰ ਵਿਦੇਸ਼ੀ ਹੋਟਲਾਂ 'ਚ ਆਰਾਮ ਫਰਮਾਉਣ, ਕੀ ਇਹ ਰਾਸ਼ਟਰ ਵਿਰੋਧੀ ਨਹੀਂ? 10 ਕਰੋੜ ਬੱਚਿਆਂ ਨੂੰ ਮਜ਼ਦੂਰੀ ਕਰਨੀ ਪਵੇ ਤੇ 28 ਕਰੋੜ ਲੋਕਾਂ ਨੂੰ ਲੋੜੀਦਾ ਰੁਜ਼ਗਾਰ ਨਾ ਮਿਲੇ, ਕੀ ਅਜਿਹੇ ਦੇਸ਼ ਦੇ ਹਾਕਮ ਦੇਸ਼-ਧ੍ਰੋਹੀ ਨਹੀਂ? ਪਰ ਸ਼ਾਇਦ ਨਹੀਂ, ਸਾਡੇ ਦੇਸ਼ ਵਿੱਚ ਇਹ ਸਭ ਕੁਝ ਦੇਸ਼-ਧ੍ਰੋਹ ਦੀ ਪਰਿਭਾਸ਼ਾ ਹੇਠ ਨਹੀਂ ਆਉਂਦਾ? ਇੱਥੇ ਰੋਟੀ ਮੰਗਣੀ, ਰੁਜ਼ਗਾਰ ਮੰਗਣਾ, ਇੱਕ ਇਨਸਾਨ ਦੀ ਤਰਾਂ ਜਿਉਣ ਦਾ ਹੱਕ ਮੰਗਣਾ ਅਤੇ ਇਹਨਾਂ ਮੰਗਾਂ ਦੇ ਹੱਕ ਵਿੱਚ ਤੇ ਧੱਕੇਸ਼ਾਹੀ ਖਿਲਾਫ਼ ਆਵਾਜ਼ ਉਠਾਉਣਾ ਹੀ ਦੇਸ਼ ਧ੍ਰੋਹ ਹੈ? ਤੇ ਉਹ ਦਿਨ ਦੂਰ ਨਹੀਂ, ਜਦੋਂ ਦੇਖਣਾ, ਸੁਣਨਾ, ਸਾਹ ਲੈਣਾ, ਦਿਲ ਦਾ ਧੜਕਨਾ ਤੇ ਮਹਿਸੂਸ ਕਰਨਾ ਵੀ ਰਾਸ਼ਟਰ ਵਿਰੋਧੀ ਕਾਰਵਾਈ ਦੇ ਘੇਰੇ ਹੇਠ ਆ ਜਾਵੇਗਾ....... •

ਭਾਰਤ ਸਰਕਾਰ ਦੀ ਨਵੀਂ ਪੇਸ਼ਕਸ 'ਇਨਸਾਫ਼ ਦਾ ਅਧਿਕਾਰ'

- ਡਾ. ਅੰਮ੍ਰਿਤ

ਦੋਸਤੋ, ਤੁਸੀਂ ਸਾਰਿਆਂ ਨੇ 'ਇਨਸਾਫ਼ ਕਾ ਤਰਾਜੂ', 'ਇਨਸਾਫ਼ ਕੀ ਦੇਵੀ' ਆਦਿ ਜਿਹੀਆਂ ਬਾਲੀਵੁੱਡ ਮਾਰਕਾ ਫਿਲਮਾਂ ਬਾਰੇ ਸੁਣਿਆ ਹੀ ਹੋਵੇਗਾ? ਹੁਣ ਬਾਲੀਵੁੱਡ ਦੀ ਰੂਹ ਦਿੱਲੀ 'ਚ ਪਾਰਲੀਮੈਂਟ ਅੰਦਰ ਪ੍ਰਗਟ ਹੋਣ ਜਾ ਰਹੀ ਹੈ ਕਿਉਂਕਿ ਅਗਲੇ ਸ਼ੈਸ਼ਨ ਦੌਰਾਨ ਇੱਥੇ ਵੀ ਇੱਕ ਇਹੋ ਜਿਹੀ ਪੇਸ਼ਕਸ ਰਿਲੀਜ਼ ਹੋਣ ਜਾ ਰਹੀ ਹੈ 'ਇਨਸਾਫ਼ ਕਾ ਅਧਿਕਾਰ'? ਖੈਰ ਪਹਿਲਾਂ ਵੀ ਸਾਡੀ ਸਰਕਾਰ ਥੈਲੀਸ਼ਾਹਾਂ ਦੇ ਮਨੋਰੰਜਨ ਲਈ (ਤੇ ਆਮ ਲੋਕਾਂ ਲਈ ਲਾਲੀਪਾਪ ਦੇ ਰੂਪ 'ਚ) ਇਹੋ ਜਿਹੀਆਂ ਸੁਹਾਵਣੀਆਂ ਪੇਸ਼ਕਸਾਂ ਕਰਦੀ ਰਹਿੰਦੀ ਹੈ ਮਸਲਨ 'ਬੋਲਣ ਤੇ ਰਾਏ ਜਾਹਿਰ ਕਰਨ ਦਾ ਅਧਿਕਾਰ', 'ਵੋਟ ਦਾ ਅਧਿਕਾਰ', 'ਸਿੱਖਿਆ ਦਾ ਅਧਿਕਾਰ', 'ਰੁਜ਼ਗਾਰ ਦਾ ਅਧਿਕਾਰ', 'ਖਾਣੇ ਦਾ ਅਧਿਕਾਰ'.... ਇਸਦੀ ਐਡੀਟਿੰਗ ਤੇ ਆਖਰੀ ਛੋਹਾਂ ਦੇਣ ਦਾ ਕੰਮ ਕਾਨੂੰਨ ਮੰਤਰੀ ਦੀ ਅਗਵਾਈ 'ਚ ਪੂਰੇ ਜੋਰਾਂ-ਸ਼ੋਰਾਂ ਤੇ ਚੱਲ ਰਿਹਾ ਹੈ? ਸਰਕਾਰ ਨੂੰ ਪੂਰੀ ਉਮੀਦ ਹੈ ਕਿ ਇਸ ਵਾਰ ਵੀ ਉਸਨੂੰ ਇਸ ਬਹਾਨੇ ਖੂਬ ਪਬਲੀਸਿਟੀ ਦਾ ਮੌਕਾ ਮਿਲੇਗਾ ਤੇ ਆਮ ਲੋਕਾਂ ਦੀ ਇਨਸਾਫ਼ ਦੀ ਸਮੱਸਿਆ ਦਾ ਸਥਾਈ ਹੱਲ ਪੇਸ਼ ਕਰਨ 'ਚ ਕਾਮਯਾਬ ਰਹੇਗੀ? ਪਰ ਕੁਝ ਸਿਰਫਿਰੇ ਸਮੀਖਿਅਕਾਂ ਦਾ ਦਾਅਵਾ ਹੈ ਕਿ ਪਹਿਲਾਂ ਦੀ ਤਰਾਂ ਇਸ ਵਾਰ ਵੀ ਆਮ ਲੋਕਾਂ ਦੇ ਹੱਥ ਲਾਈਨਾਂ 'ਚ ਲੱਗਣ ਤੋਂ ਸਿਵਾਏ ਕੁਝ ਨਹੀਂ ਲੱਗਣਾ ਤੇ ਇਸ ਅਧਿਕਾਰ ਨੇ ਵੀ ਵੱਡੇ ਵੱਡੇ ਧਨਾਢਾਂ ਤੇ ਨੌਕਰਸ਼ਾਹੀ ਦੇ ਵਿਹੜੇ 'ਚ ਬੰਨੇ ਖੂੰਖਾਰ ਕੁੱਤੇ ਜਿਹਾ ਬਣ ਜਾਣਾ ਹੈ ਜੋ ਜਿੰਨਾ ਇਹਨਾਂ ਅੱਗੇ ਪੂਛ ਹਿਲਾਉਂਦਾ ਹੈ, ਉਨਾ ਹੀ ਆਮ ਲੋਕਾਂ ਨੂੰ ਵੱਢਦਾ ਹੈ? ਬੱਸ ਕੁਝ ਦੇਰ ਲਈ ਟੀਵੀ ਚੈਨਲਾਂ, ਭਾੜੇ ਦੇ ਬੁਧੀਜੀਵੀਆਂ ਤੇ ਪੱਤਰਕਾਰਾਂ ਨੂੰ ਜ਼ੁਬਾਨੀ ਕਸਰਤ ਦਾ ਮੌਕਾ ਜ਼ਰੂਰ ਮਿਲ ਜਾਏਗਾ? ਇਹ ਸਿਰਫਿਰੇ ਸਮੀਖਿਆਕਾਰ ਤਾਂ ਇਥੋਂ ਤੱਕ ਕਹਿ ਰਹੇ ਹਨ ਕਿ ਜਲਦੀ ਇੱਕ ਹੋਰ ਪੇਸ਼ਕਸ ਰਿਲੀਜ਼ ਹੋਣ ਵਾਲੀ ਹੈ- 'ਜੀਣ ਦਾ ਅਧਿਕਾਰ' ਕਿਉਂਕਿ ਸਾਡੇ ਦੇਸ਼ ਵਿੱਚ 'ਅਧਿਕਾਰ' ਸ਼ਬਦ ਦਾ ਮਤਲਬ ਹੈ 'ਪੱਕੇ ਤੌਰ ਤੇ ਖੋਹਣਾ'... •

ਲਲਕਾਰ ਦੇ ਪਾਠਕਾਂ ਨੂੰ ਇੱਕ ਅਪੀਲ

ਪਾਠਕ ਸਾਥੀਓ

ਲਲਕਾਰ ਦਾ 17ਵਾਂ ਅੰਕ ਤੁਹਾਡੇ ਹੱਥਾਂ ਵਿੱਚ ਹੈ। ਬਹੁਤ ਸਾਰੀਆਂ ਮੁਸ਼ਕਿਲਾਂ ਨਾਲ਼ ਜੂਝਦੇ ਹੋਏ ਪਿਛਲੇ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਲਲਕਾਰ ਨੇ ਆਪਣੀ ਨਿਰੰਤਰਤਾ ਬਰਕਰਾਰ ਰੱਖੀ ਹੈ। ਪਰ ਲਲਕਾਰ ਤੁਹਾਨੂੰ ਕਿਹੋ ਜਿਹਾ ਲੱਗਦਾ ਹੈ, ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਸਾਨੂੰ ਤੁਹਾਡੇ ਤੋਂ ਬਹੁਤ ਹੀ ਘੱਟ ਫੀਡਬੈਕ ਮਿਲ਼ਦੀ ਹੈ। ਬਸ ਮਿਲਣ 'ਤੇ ਕੁਝ ਸਾਥੀ ਜ਼ੁਬਾਨੀ ਕੁਝ ਸੁਝਾਅ ਦਿੰਦੇ ਹਨ ਜਾਂ ਕੁਝ ਆਲੋਚਨਾਵਾਂ ਕਰਦੇ ਹਨ। ਲਲਕਾਰ ਦੀ ਸੰਪਾਦਕੀ ਟੀਮ ਲਗਾਤਾਰ ਲਲਕਾਰ ਤੁਹਾਡੇ ਤੱਕ ਪਹੁੰਚਾਉਣ ਦਾ ਆਪਣਾ ਫਰਜ਼ ਨਿਭਾਅ ਰਹੀ ਹੈ। ਕੀ ਤੁਸੀਂ ਸੋਚਦੇ ਹੋ ਕਿ ਲਲਕਾਰ ਪ੍ਰਤੀ ਤੁਹਾਡਾ ਵੀ ਕੋਈ ਫਰਜ਼ ਹੈ? ਸਾਨੂੰ ਤੁਹਾਡੇ ਸੁਝਾਵਾਂ, ਰਾਵਾਂ, ਬੇਕਿਰਕ ਆਲੋਚਨਾਵਾਂ ਦੀ ਬੇਹੱਦ ਜ਼ਰੂਰਤ ਹੈ। ਸੋ ਸਾਥੀਓ ਆਲਸ ਤਿਆਗੋ, ਲਲਕਾਰ ਦੇ ਹਰ ਅੰਕ ਬਾਰੇ ਸਾਨੂੰ ਖੁੱਲ੍ਹ ਕੇ ਆਪਣੇ ਵਿਚਾਰ ਦੱਸੋ।

ਤੁਹਾਡੇ ਇਸ ਸਹਿਯੋਗ ਤੋਂ ਬਿਨਾਂ ਲਲਕਾਰ ਦਾ ਪ੍ਰਕਾਸ਼ਨ ਮਹਿਜ਼ ਖਾਨਾਪੂਰਤੀ ਬਣ ਕੇ ਰਹਿ ਜਾਵੇਗਾ।

ਇੱਕ ਗੱਲ ਹੋਰ। ਤੁਸੀਂ ਜਾਣਦੇ ਹੀ ਹੋ ਕਿ ਲਲਕਾਰ ਵਿੱਚ ਕਿਸੇ ਕਿਸਮ ਦੇ ਵਿਗਿਆਪਨ ਪ੍ਰਕਾਸ਼ਤ ਨਹੀਂ ਹੁੰਦੇ। ਇਹ ਪੂਰੀ ਤਰ੍ਹਾਂ ਤੁਹਾਡੇ ਆਰਥਿਕ ਸਹਿਯੋਗ 'ਤੇ ਨਿਰਭਰ ਹੈ। ਸੋ ਆਪਣੇ ਇਸ ਸਾਲ ਦੇ ਚੰਦੇ ਅਤੇ ਪਿਛਲੇ ਬਕਾਏ ਜ਼ਰੂਰ ਭੇਜੋ। ਤੁਹਾਡੇ ਇਸ ਸਹਿਯੋਗ ਤੋਂ ਬਿਨਾਂ ਲਲਕਾਰ ਦਾ ਪ੍ਰਕਾਸ਼ਨ ਜਾਰੀ ਰੱਖ ਸਕਣਾ ਨਾਮੁਮਕਿਨ ਹੈ।

ਸੰਪਾਦਕੀ ਟੀਮ

ਸਾਹਿਤਕ ਪੰਨਾ

ਰਜਿੰਦਰ ਆਰ ਟੂ

ਦੀਆਂ ਕਵਿਤਾਵਾਂ

ਕਵਿਤਾ ਤੇ ਜੀਵਨ

ਜੀਵਨ ਨਾਲੋਂ ਟੁੱਟੀ
ਕਵਿਤਾ
ਬੰਜਰ, ਬੇਜਾਨ, ਬਾਂਝ।
ਕਵਿਤਾ ਨਾਲ਼ੋਂ ਟੁੱਟਿਆ
ਜੀਵਨ
ਬੰਜਰ, ਬੇਜਾਨ, ਬਾਂਝ।

ਅਵਾਜ਼

ਮੈਂ ਸੁਣੀ
ਉਹਨਾਂ ਦੀ ਗਰਜਵੀਂ ਅਵਾਜ਼
ਸ਼ੂਕਦੀਆਂ ਲਹਿਰਾਂ
ਸਾਗਰ ਦੀਆਂ ਛੱਲਾਂ
ਝੱਖੜ ਦੀ ਅਵਾਜ਼ ਵਰਗੀ
ਉਹਨਾਂ ਦੀ ਅਵਾਜ਼।
ਮੈਂ ਮਿਲ਼ਿਆਂ
ਉਹਨਾਂ ਦੀਆਂ ਇੱਛਾਵਾਂ,
ਸੁਪਨਿਆਂ ਨੂੰ
ਮੈਂ ਉਹਨਾਂ ਦੇ
ਲੋਹੇ ਵਰਗੇ ਹੱਥ ਨਾਲ਼ ਹੱਥ ਮਿਲਾਇਆ ਹੈ
ਤੇ ਉਹਨਾ ਸੰਗ ਮਿਲ ਗਾਇਆ ਹੈ
ਅਵਾਮ ਦੀ ਮੁਕਤੀ ਦਾ ਗੀਤ ।
ਇਸ ਲਈ
ਮੈਂ ਜਾਣਦਾ ਹਾਂ ਕਿ ਉਹ
"ਸਭ ਅਧੂਰੇ ਰਹਿ ਗਏ ਕੰਮਾਂ ਨੂੰ
ਪੂਰਾ ਕਰਨ ਵਾਲੇ ਹਨ।''

ਸਮੇਂ ਦੀ ਜ਼ਰੂਰਤ।

ਜ਼ਿੰਦਾ ਸ਼ਬਦਾਂ
ਤੜਪਦੇ ਦਿਲਾਂ
ਤੇ ਤੇਰੀ ਤੇ ਮੇਰੀ
ਸਾਂਝ ਦੀ ਜ਼ਰੂਰਤ ਹੈ।
ਲੋਕਾਂ ਵਿੱਚ ਜਾਣ ਦੀ
ਸਮਾਜ ਨੂੰ ਸਮਝਣ
ਤੇ ਉਹਨਾਂ ਤੱਕ ਵਾਪਸ ਲੈ ਜਾਣ ਦੀ ਗਿਆਨ
ਜਿਨ੍ਹਾਂ ਇਹ ਪੈਦਾ ਕੀਤਾ ਹੈ।
ਤੇ ਬੰਜ਼ਰ ਹੁੰਦੀ ਜਾਂਦੀ ਜ਼ਮੀਨ ਲਈ
ਹਵਾ, ਪਾਣੀ ਤੇ ਬੀਜਾਂ ਦੀ ਜ਼ਰੂਰਤ ਹੈ।
ਆਪਣੀ ਯੋਗਤਾ ਨੂੰ
ਅਵਾਮ ਦੀ ਮੁਕਤੀ
ਤੇ ਸੁਪਨਿਆਂ ਨਾਲ ਜੋੜਨ
ਤੇ ਉਹਨਾਂ ਨਾਲ਼ ਇੱਕ ਹੋ ਜਾਣ ਦੀ
ਜੋ ਲੜਦੇ ਨੇ ਧਰਤੀ ਦੇ ਸਾਰੇ ਦੁਸ਼ਮਣਾਂ ਵਿਰੁੱਧ,
ਅੱਜ ਸਮੇਂ ਦੀ ਜ਼ਰੂਰਤ ਹੈ।
ਜ਼ਰੂਰਤ ਹੈ
ਜ਼ਰੂਰਤ ਹੈ।
ਅੱਜ ਇਕ ਵਾਰ ਫਿਰ ਤੋਂ
"ਬੋਲ਼ੇ ਕੰਨਾਂ ਨੂੰ ਸੁਣਾਉਣ ਲਈ
ਉਚੀ ਅਵਾਜ਼ ਦੀ[1]
ਜ਼ਰੂਰਤ ਹੈ।

• • • • • • • • •

1. ਬੋਲ਼ੇ ਕੰਨਾਂ ਨੂੰ ਸੁਣਾਉਣ ਲਈ ਉਚੀ ਅਵਾਜ਼ ਦੀ ਜ਼ਰੂਰਤ ਹੁੰਦੀ ਹੈ।" by Valiant, a French anarchist martyr , used by Bhagat singh in Indian Assembly bomb case.

ਪਾਠਕ ਮੰਚ

ਸੰਪਾਦਕ ਜੀ,

ਮੈਂ ਪਹਿਲੇ ਅੰਕ ਤੋਂ ਹੀ 'ਲਲਕਾਰ' ਦਾ ਪਾਠਕ ਹਾਂ। ਪਰ ਲਲਕਾਰ ਵੱਲ ਇਹ ਮੇਰੀ ਪਹਿਲੀ ਚਿੱਠੀ ਹੈ। ਪਿਛਲੇ ਅੰਕ ਵਿੱਚ ਛਪੇ ਲਖਵਿੰਦਰ ਦੇ ਲੇਖ 'ਪੰਜਾਬ ਸਰਕਾਰ ਨੇ ਬਣਾਏ ਦੋ ਖਤਰਨਾਕ ਕਾਲ਼ੇ ਕਾਨੂੰਨ' ਨੇ ਮੈਨੂੰ ਇਹ ਖ਼ਤ ਲਿਖਣ ਲਈ ਉਕਸਾਇਆ ਹੈ। ਲਖਵਿੰਦਰ ਦੇ ਇਸ ਲੇਖ ਵਿੱਚੋਂ ਇਸ ਤਰ੍ਹਾਂ ਦੀ ਗੱਲ ਉੱਭਰਦੀ ਨਜ਼ਰ ਆਉਂਦੀ ਹੈ, ਜਿਵੇਂ ਸਿਰਫ਼ ਪੰਜਾਬ ਸਰਕਾਰ ਵੱਲੋਂ ਬਣਾਏ ਇਹ ਦੋ ਕਾਨੂੰਨ ਹੀ ਕਾਲ਼ੇ ਹੋਣ ਅਤੇ ਸਾਡੇ ਦੇਸ਼ ਦੀ ਕੇਂਦਰ ਸਰਕਾਰ, ਵੱਖ ਵੱਖ ਰਾਜਾਂ (ਪੰਜਾਬ ਸਮੇਤ) ਵੱਲੋਂ ਬਣਾਏ ਬਾਕੀ ਕਾਨੂੰਨ ਚਿੱਟੇ ਹੋਣ।

ਦਰਅਸਲ ਸਾਡੇ ਦੇਸ਼ ਦਾ ਸਿਆਸੀ ਢਾਂਚਾ ਅਤੇ ਇੱਥੋਂ ਦਾ ਪੂਰਾ ਸਮਾਜੀ ਸੱਭਿਆਚਾਰਕ ਤਾਣਾਬਾਣਾ ਹੀ ਬੇਹੱਦ ਗੈਰ-ਜਮਹੂਰੀ ਹੈ। ਇਸ ਦੇ ਵੀ ਅੱਗੇ ਇਤਿਹਾਸਕ ਕਾਰਨ ਹਨ। ਸਾਡਾ ਬਸਤੀਵਾਦੀ ਕਾਲ਼ਾ ਅਤੀਤ ਇਸੇ ਇਤਿਹਾਸ ਦਾ ਹਿੱਸਾ ਹੈ। ਬਸਤੀਵਾਦ ਨੇ ਸਾਡੇ ਦੇਸ਼ ਵਿੱਚ ਪੂੰਜੀਵਾਦ ਦੇ ਕੁਦਰਤੀ ਵਿਕਾਸ ਦਾ ਗਰਭਪਾਤ ਕਰ ਦਿੱਤਾ। ਬਾਅਦ ਵਿੱਚ ਇਸ ਬਸਤੀਵਾਦ ਦੇ ਗਰਭ ਵਿੱਚੋਂ ਭਾਰਤ ਦਾ ਮਰੀਅਲ ਪੂੰਜੀਪਤੀ ਵਰਗ ਪੈਦਾ ਹੋਇਆ। ਜੋ ਸ਼ੁਰੂ ਵਿੱਚ ਪੂਰੀ ਤਰ੍ਹਾਂ ਬ੍ਰਿਟਿਸ਼ ਸਾਮਰਾਜਵਾਦ ਨਾਲ਼ ਘਿਓਖਿਚੜੀ ਸੀ। ਉਸ ਸਮੇਂ ਦੇ ਜਗੀਰੂ ਅਤੇ ਬਸਤੀਵਾਦੀ ਢਾਂਚੇ ਵਿੱਚ ਇਸ ਵਰਗ ਦੇ ਵਿਕਾਸ ਦੀਆਂ ਸੰਭਾਵਨਾਵਾਂ ਬੇਹੱਦ ਸੀਮਤ ਸਨ। ਪਰ ਮੌਕਾ-ਬ-ਮੌਕਾ ਇਸ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲਦਾ ਰਿਹਾ, ਜਿਵੇਂ ਜਿਵੇਂ ਇਸ ਦੀ ਆਰਥਿਕ ਤਾਕਤ ਵਧੀ ਉਵੇਂ ਉਵੇਂ ਇਸ ਦੀ ਬ੍ਰਿਟਿਸ਼ ਬਸਤੀਵਾਦ ਨਾਲ਼ ਵਿਰੋਧਤਾਈ ਤਿੱਖੀ ਹੁੰਦੀ ਗਈ।

ਪਰ ਇਸ ਸਮੇਂ ਮਨੁੱਖੀ ਇਤਿਹਾਸ ਨੂੰ ਸਭ ਤੋਂ ਵੱਧ ਝੰਜੋੜਾ ਦੇਣ ਵਾਲ਼ੀਆਂ ਘਟਨਾਵਾਂ 'ਚੋਂ ਇੱਕ ਘਟਨਾ ਵਾਪਰੀ, ਉਹ ਸੀ ਰੂਸ ਵਿੱਚ 1917 'ਚ ਹੋਇਆ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ। ਇੱਥੇ ਹੇਠਲੀ ਉੱਤੇ ਹੋ ਗਈ ਸੀ। ਸਦੀਆਂ ਤੋਂ ਲੁੱਟੇ ਲਤਾੜੇ ਕਿਰਤੀ ਕਾਮੇ ਹੁਣ ਹਾਕਮ ਬਣ ਗਏ ਸਨ। ਅਮਰੀਕੀ ਪੱਤਰਕਾਰ ਜਾਨ ਰੀਡ ਨੇ ਇਸ ਮਹਾਨ ਘਟਨਾ ਦਾ ਦਸਤਾਵੇਜ਼ੀਕਰਨ ਕਰਦੇ ਹੋਏ ਆਪਣੀ ਦਸਤਾਵੇਜ਼ੀ ਪੁਸਤਕ ਨੂੰ ਨਾਮ ਦਿੱਤਾ ਸੀ 'ਦਸ ਦਿਨ ਜਿਹਨਾਂ ਦੁਨੀਆਂ ਹਿਲਾ ਦਿੱਤੀ', ਵਾਕਈ ਦੁਨੀਆਂ ਹਿੱਲ ਗਈ ਸੀ। ਅਕਤੂਬਰ ਇਨਕਲਾਬ ਨੇ ਏਸ਼ੀਆ, ਅਫ਼ਰੀਕਾ, ਲਾਤੀਨੀ ਅਮਰੀਕਾ 'ਚ ਸਾਮਰਾਜਵਾਦੀ ਜੂਲੇ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਨੂੰ ਮੁਕਤੀ ਦਾ ਨਵਾਂ ਰਾਹ ਦਿਖਾਇਆ। ਇਹਨਾਂ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀਆਂ ਬਣਨ ਲੱਗੀਆਂ, ਜਿਹਨਾਂ ਆਪਣਾ ਉਦੇਸ਼ ਕੌਮੀ ਮੁਕਤੀ ਤੋਂ ਅੱਗੇ ਵਧਕੇ (ਪਰ ਇਸੇ ਰਾਹੀਂ ਅੱਗੇ ਵਧਦੇ ਹੋਏ) ਸਮਾਜਵਾਦ ਅਤੇ ਕਮਿਊਨਿਜ਼ਮ ਦੀ ਸਥਾਪਨਾ ਐਲਾਨਿਆ।

ਹੁਣ ਤੱਕ ਇਹਨਾਂ ਮੁਲਕਾਂ ਵਿੱਚ ਕੌਮੀ ਮੁਕਤੀ ਲਹਿਰਾਂ ਦੀ ਅਗਵਾਈ ਮੁੱਖ ਰੂਪ ਵਿੱਚ ਪੂੰਜੀਪਤੀ ਵਰਗ ਹੀ ਕਰ ਰਿਹਾ ਸੀ। ਅਕਤੂਬਰ ਇਨਕਲਾਬ ਤੋਂ ਇਹਨਾਂ ਦੇਸ਼ਾਂ ਦਾ ਪੂੰਜੀਪਤੀ ਵਰਗ ਡਰ ਗਿਆ। ਉਹ ਹੁਣ ਲੋਕ ਉਭਾਰਾਂ ਤੋਂ ਡਰਨ ਲੱਗਾ। ਉਹ ਨਹੀਂ ਸੀ ਚਾਹੁੰਦਾ ਕਿ ਲੋਕ ਸਾਮਰਾਜਵਾਦ-ਜਗੀਰਦਾਰੀ ਦੇ ਨਾਲ਼ ਨਾਲ਼ ਉਸਦਾ ਵੀ ਬਿਸਤਰਾ ਗੋਲ ਕਰ ਦੇਣ।

ਸਾਡੇ ਦੇਸ਼ 'ਚ ਵੀ ਇਹੋ ਕੁਝ ਹੋਇਆ। ਸਾਡੇ ਦੇਸ਼ ਦੇ ਪੂੰਜੀਪਤੀ ਵਰਗ ਨੇ ਗਾਂਧੀ ਦੀ ਕੁਸ਼ਲ ਅਗਵਾਈ ਵਿੱਚ ਸਮਝੌਤਾ-ਦਬਾਅ-ਸਮਝੌਤਾ ਦੀ ਯੁੱਧਨੀਤੀ ਅਪਣਾਈ ਅਤੇ ਕੌਮੀ ਲਹਿਰ ਦੀ ਅਗਵਾਈ ਆਪਣੇ ਹੱਥ 'ਚ ਰੱਖਣ ਵਿੱਚ ਕਾਮਯਾਬ ਰਿਹਾ। ਕਮਿਊਨਿਸਟ ਪਾਰਟੀ ਆਪਣੀਆਂ ਵਿਚਾਰਧਾਰਕ ਕਮਜ਼ੋਰੀਆਂ ਕਾਰਨ ਕੌਮੀ ਲਹਿਰ ਦੀ ਅਗਵਾਈ ਕਾਂਗਰਸ ਤੋਂ ਖੋਹ ਸਕਣ 'ਚ ਅਸਫਲ ਰਹੀ। ਸਮਝੌਤਾ-ਦਬਾਅ-ਸਮਝੌਤਾ ਦੀ ਯੁੱਧਨੀਤੀ ਜ਼ਰੀਏ ਇਥੋਂ ਦਾ ਪੂੰਜੀਪਤੀ ਵਰਗ 1947 'ਚ ਸੱਤ੍ਹਾ ਹਾਸਲ ਕਰਨ ਵਿੱਚ ਕਾਮਯਾਬ ਰਿਹਾ।

ਭਾਰਤ ਦਾ ਪੂੰਜੀਪਤੀ ਵਰਗ 18ਵੀਂ ਜਾਂ 19ਵੀਂ ਸਦੀ ਦੇ ਯੂਰਪੀ ਪੂੰਜੀਪਤੀ ਵਰਗ ਜਿਹਾ ਇਨਕਲਾਬੀ ਚਰਿਤਰ ਨਹੀਂ ਸੀ ਰੱਖਦਾ, ਜਿਸਨੇ ਇਨਕਲਾਬਾਂ ਦੀ ਅਗਵਾਈ ਕੀਤੀ ਸੀ ਅਤੇ ਹਰ ਤਰ੍ਹਾਂ ਦੀਆਂ ਜਗੀਰੂ ਸੰਸਥਾਵਾਂ ਨੂੰ ਤਹਿਸ-ਨਹਿਸ ਕੀਤਾ ਸੀ। ਬਸਤੀਵਾਦ ਦੇ ਗਰਭ 'ਚੋਂ ਪੈਦਾ ਹੋਇਆ ਸਾਡੇ ਦੇਸ਼ ਦਾ ਮਰੀਅਲ ਪੂੰਜੀਪਤੀ ਵਰਗ ਹਰ ਤਰ੍ਹਾਂ ਦੇ ਲੋਕ ਉਭਾਰ ਤੋਂ ਤ੍ਰਹਿੰਦਾ ਸੀ। 1947 'ਚ ਸੱਤ੍ਹਾ ਹਾਸਲ ਕਰਨ ਤੋਂ ਬਾਅਦ ਵੀ ਇਸਨੇ ਆਪਣੀ ਇਹੋ ਪ੍ਰੰਪਰਾ ਜਾਰੀ ਰੱਖੀ। ਆਜ਼ਾਦੀ ਤੋਂ ਬਾਅਦ ਇਸਨੇ ਸਾਮਰਾਜਵਾਦ ਦੇ ਜੂਨੀਅਰ ਪਾਰਟਨਰ ਦੀ ਭੂਮਿਕਾ ਪ੍ਰਵਾਨ ਕਰ ਲਈ ਅਤੇ ਸਾਮਰਾਜਵਾਦ ਦੁਆਰਾ ਸਾਡੇ ਦੇਸ਼ ਦੇ ਕੁਦਰਤੀ ਵਸੀਲਿਆਂ ਅਤੇ ਕਿਰਤ ਸ਼ਕਤੀ ਦੀ ਲੁੱਟ ਬਦਸਤੂਰ ਜਾਰੀ ਰਹੀ। ਦੂਜੇ ਪਾਸੇ ਇਸ ਨੇ ਭਾਰਤੀ ਖੇਤੀ ਵਿੱਚ ਭਾਰੀ ਜਗੀਰੂ ਪੈਦਾਵਾਰੀ ਸਬੰਧਾਂ ਨੂੰ ਧੀਮੀ ਪਰਿਕ੍ਰਿਆ 'ਚ ਪੂੰਜੀਵਾਦੀ ਪੈਦਾਵਾਰੀ ਸਬੰਧਾਂ 'ਚ ਤਬਦੀਲ ਕੀਤਾ। ਪਰ ਉੱਚ ਉਸਾਰ ਦੇ ਖੇਤਰ 'ਚ ਹਰ ਤਰ੍ਹਾਂ ਦੀਆਂ ਜਗੀਰੂ ਸੰਸਥਾਵਾਂ ਨੂੰ ਬਚਾਈ ਰੱਖਿਆ। ਅੱਜ ਭਾਵੇਂ ਸਾਡੇ ਦੇਸ਼ ਵਿੱਚ ਪੈਦਾਵਾਰੀ ਸਬੰਧ ਪੂੰਜੀਵਾਦੀ ਹੋ ਚੁੱਕੇ ਹਨ। ਪਰ ਉੱਚ ਉਸਾਰ ਦੇ ਖੇਤਰ ਵਿੱਚ ਜਗੀਰੂ ਸੰਸਥਾਵਾਂ, ਸੱਭਿਆਚਾਰ ਦਾ ਭਿਅੰਕਰ ਬੋਲਬਾਲਾ ਸੀ। ਇਥੋਂ ਦੇ ਲੋਕਾਂ ਵਿੱਚ ਜਮਹੂਰੀ ਚੇਤਨਾ ਲਗਭਗ ਗਾਇਬ ਹੈ। ਇੱਥੇ ਕਿਸੇ ਵੀ ਨਾਗਰਿਕ ਨੂੰ ਜ਼ਿੰਦਗੀ ਦਾ ਕੋਈ ਵੀ ਫੈਸਲਾ ਲੈਣ ਲਈ ਇਸ ਗੈਰ-ਜਮਹੂਰੀ ਸਮਾਜ ਨਾਲ਼ ਟਕਰਾਉਣਾ ਪੈਂਦਾ ਹੈ। ਇੱਥੇ ਤੁਸੀਂ ਆਪਣੀ ਮਰਜ਼ੀ ਨਾਲ਼ ਆਪਣੀ ਜ਼ਿੰਦਗੀ ਦਾ ਕੋਈ ਵੀ ਫੈਸਲਾ ਨਹੀਂ ਲੈ ਸਕਦੇ। ਤੁਸੀਂ ਆਪਣੀ ਮਰਜ਼ੀ ਦਾ ਕਿੱਤਾ ਨਹੀਂ ਚੁਣ ਸਕਦੇ, ਜੀਵਨ-ਸਾਥੀ ਨਹੀਂ ਚੁਣ ਸਕਦੇ। ਸਿਰਫ਼ ਮਰਜੀ ਦਾ ਜੀਵਨ-ਸਾਥੀ ਚੁਣਨ ਕਾਰਨ ਹੀ ਇੱਥੇ ਹਰ ਸਾਲ ਸੈਂਕੜੇ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਇਹੋ ਉਹ ਗੈਰ-ਜਮਹੂਰੀ ਜ਼ਮੀਨ ਹੈ, ਜਿਸ ਕਾਰਨ ਇੱਥੋਂ ਦੇ ਹਾਕਮ ਨਿੱਤ ਨਵੇਂ ਕਾਲ਼ੇ ਕਾਨੂੰਨ ਬਣਾਉਂਦੇ ਹਨ। ਅਫਸਪਾ, ਰਾਸੁਕਾ, ਐਸਮਾ, ਟਾਡਾ, ਪੋਟਾ, ਯੂ.ਏ.ਪੀ.ਏ., ਮਕੋਕਾ, ਛੱਤੀਸਗੜ੍ਹ ਲੋਕ ਸੁਰੱਖਿਆ ਕਾਨੂੰਨ ਅਤੇ ਇਸੇ ਲੜੀ ਵਿੱਚ ਵਾਧਾ ਕਰਦੇ ਹੋਏ ਪੰਜਾਬ ਸਰਕਾਰ

ਵੱਲੋਂ ਬਣਾਏ ਇਹ ਦੋ ਕਾਨੂੰਨ। ਇੱਥੋਂ ਦੇ ਲੋਕਾਂ ਵਿੱਚ ਜਮਹੂਰੀ ਚੇਤਨਾ ਦੀ ਕਮੀ ਕਾਰਨ ਹੀ ਅਜਿਹੇ ਕਾਲ਼ੇ ਕਾਨੂੰਨਾਂ ਵਿਰੁੱਧ ਕੋਈ ਜ਼ੋਰਦਾਰ ਅਵਾਜ਼ ਵੀ ਨਹੀਂ ਉੱਠਦੀ। ਇੱਥੋਂ ਦੇ ਬੁੱਧੀਜੀਵੀ ਬੇਹੱਦ ਮਰੀਅਲ ਹਨ। ਉਹ ਲੋਕਾਂ ਤੋਂ ਬੁਰੀ ਤਰ੍ਹਾਂ ਟੁੱਟੇ ਹੋਏ ਹਨ। ਰਾਜ ਸੱਤ੍ਹਾ ਵੱਲੋਂ ਰਿਸ਼ਵਤ ਦੇ ਰੂਪ ਵਿੱਚ ਮਿਲਦੀਆਂ ਮੋਟੀਆਂ ਤਨਖਾਹਾਂ 'ਤੇ ਅੱਯਾਸ਼ੀ 'ਚ ਲਿਪਤ ਹਨ। ਉਹ ਕਦੇ ਵੀ ਜਮਹੂਰੀਅਤ ਦੀ ਅਸਲ ਲੜਾਈ ਲੜ ਸਕਣ ਦੇ ਸਮਰਥ ਮਜ਼ਦੂਰਾਂ ਅਤੇ ਹੋਰ ਕਿਰਤੀ ਵਰਗਾਂ 'ਚ ਜਾਣ ਦੀ ਹਿੰਮਤ ਨਹੀਂ ਕਰਦੇ। ਬੱਸ ਜਦੋਂ ਵੀ ਦੇਸ਼ ਦੇ ਹਾਕਮ ਕੋਈ ਅਜਿਹਾ ਕਾਨੂੰਨ ਬਣਾਉਂਦੇ ਹਨ, ਜਾਂ ਦੇਸ਼ 'ਚ ਕਿਧਰੇ ਕਿਰਤੀ ਲੋਕਾਂ ਦਾ ਘਾਣ ਹੁੰਦਾ ਹੈ, ਉਹ ਅਦਾਲਤਾਂ ਕੁਝ ਪਟੀਸ਼ਨਾਂ ਦਾਇਰ ਕਰਨ ਅਤੇ ਅਖਬਾਰਾਂ 'ਚ ਬਿਆਨ ਦੇਣ ਤੇ ਕੁਝ ਜਾਂਚ ਰਿਪੋਰਟਾਂ ਦੇਣ ਤੱਕ ਸੀਮਤ ਰਹਿੰਦੇ ਹਨ। ਉਹ ਕਦੇ ਵੀ ਸੱਤ੍ਹਾ ਦੇ ਜ਼ਬਰ ਵਿਰੁੱਧ ਸੜਕਾਂ 'ਤੇ ਨਹੀਂ ਉੱਤਰਦੇ ਕਿ ਕਿਧਰੇ ਉਹਨਾਂ ਦਾ ਸੁਵਿਧਾਮਈ ਵਜੂਦ ਖਤਰੇ 'ਚ ਨਾ ਪੈ ਜਾਵੇ। ਲਖਵਿੰਦਰ ਦੇ ਲੇਖ ਵਿੱਚ ਮੈਨੂੰ ਇਹ ਕਮੀ ਜਾਪੀ। ਉਸਦੇ ਲੇਖ 'ਚੋਂ ਇਹ ਇਤਿਹਾਸਕ ਸੰਦਰਭ ਗਾਇਬ ਹੈ। ਉਸਦੇ ਲੇਖ 'ਚੋਂ ਦਵੰਦਾਤਮਕ ਟਰੀਟਮੈਂਟ ਗਾਇਬ ਹੈ।

ਰਾਜਵੀਰ, ਅੰਮ੍ਰਿਤਸਰ

•••••

ਸੰਪਾਦਕ ਜੀ,

"ਲਲਕਾਰ" ਦਾ ਜਨਵਰੀ-ਫਰਵਰੀ 2011 ਅੰਕ ਮਿਲਿਆ, ਪੜ੍ਹ ਕੇ ਖੁਸ਼ੀ ਹੋਈ। ਅੱਜ ਜਦੋਂ ਹਰ ਚੀਜ਼ ਬਾਜ਼ਾਰ ਦੀਆਂ ਅੰਨ੍ਹੀਆਂ ਤਾਕਤਾ ਦੇ ਹਵਾਲੇ ਕੀਤੀ ਜਾ ਰਹੀ ਹੈ ਅਤੇ ਕਲਾ, ਸਾਹਿਤ, ਸੱਭਿਆਚਾਰ ਉੱਤੇ ਹਾਕਮ ਜਮਾਤ ਕਾਬਜ਼ ਹੈ, ਤਾਂ ਅਜਿਹੇ ਦੌਰ ਵਿੱਚ ਜਦੋਂ ਕੁਝ ਵੀ ਚੰਗਾ ਪੜਨ ਨੂੰ ਨਹੀਂ ਮਿਲ ਰਿਹਾ ਤਾਂ ਲਲਕਾਰ ਦੀ ਟੀਮ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਚੰਗਾ ਸਾਹਿਤ ਲੋਕਾਂ ਵਿੱਚ ਲੈ ਕੇ ਜਾ ਰਹੀ ਹੈ। ਮੈਗਜ਼ੀਨ ਬਹੁਤ ਵਧੀਆ ਹੈ, ਇਕ ਟੀਮ ਵਰਕ ਦਖਾਈ ਦਿੰਦਾ ਹੈ। ਮੈਂ ਤੁਹਾਡੇ ਕੰਮ ਦੀ ਤਹਦਿਲੋਂ ਪ੍ਰਸ਼ੰਸ਼ਾਂ ਕਰਦੀ ਹਾਂ, ਪਰ ਨਾਲ ਹੀ ਮੈਂ ਕੁਝ ਗੱਲਾਂ ਵੱਲ ਆਪ ਦਾ ਧਿਆਨ ਦਵਾਨਾ ਚਾਹੁੰਦੀ ਹਾਂ।

1) ਖਾਸ ਕਰਕੇ ਮੈਗਜ਼ੀਨ ਦੇ ਪੇਜਾਂ ਦੀ ਗਣਿਤੀ ਵਧਾਈ ਜਾਣੀ ਚਾਹੀਦੀ ਹੈ ਅਤੇ ਫਰੰਟ ਕਵਰ ਨੂੰ ਹੋਰ ਆਕਰਸ਼ਕ ਬਣਾਇਆ ਜਾਣਾ ਚਾਹੀਦਾ ਹੈ।

2) ਨਾਲ ਹੀ ਲਲਕਾਰ ਬਲੌਗ ਉੱਤੇ ਵੀ ਟਾਈਮ ਨਾਲ ਅਪਡੇਟ ਕੀਤਾ ਜਾਣਾ ਚਾਹੀਦਾ ਹੈ ਅਤੇ ਸਮੱਗਰੀ ਪੀ.ਡੀ.ਐਫ.ਫਾਈਲਜ਼ ਦੇ ਰੂਪ 'ਚ ਨਹੀਂ ਹੋਣੀ ਚਾਹੀਦੀ, ਇਸ ਦਾ ਨੁਕਸਾਨ ਨਾਲ਼ੋਂ ਕਤੇ ਜ਼ਿਆਦਾ ਫਾਇਦਾ ਹੈ।ਇਸ ਨਾਲ ਆਰਟੀਕਲ ਫੇਸਬੁਕ ਅਤੇ ਬਲੌਗਜ਼ ਉੱਤੇ ਅਸਾਨੀ ਨਾਲ ਸਾਂਝੇ ਕੀਤੇ ਜਾ ਸਕਦੇ ਹਨ। ਆਪਨੂੰ ਸਾਇਦ ਪਤਾ ਵੀ ਨਾ ਹੋਵੇ ਕਿ ਇਸ ਰੂਪ ਨਾਲ ਇਹ ਕਿਤੇ ਦੂਰ ਤਕ ਜਾਂਦੇ ਹਨ, ਮੈਨੂੰ ਲਗਦਾ ਹੈ ਕਿ ਅਸੀਂ ਇਸ ਪੱਖੋਂ ਬਹੁਤ ਪਿੱਛੇ ਹਾਂ। ਆਸ ਹੈ ਕਿ ਆਪ ਮੇਰੇ ਸੁਝਾਵਾਂ ਵੱਲ ਧਿਆਨ ਦੇਵੋਗੇ।

ਸਨੇਹਾ, ਲੁਧਿਆਣਾ।

ਪਿਆਰੇ ਸਾਥਿਓ,

ਮੈਂ ਲਲਕਾਰ ਦਾ ਨਿਯਮਿਤ ਪਾਠਕ ਹਾਂ, ਜਦੋਂ ਵੀ ਮੈਂ ਲਲਕਾਰ ਪੜ੍ਹਦਾ ਸਾਂ ਤਾਂ ਮੈਂ ਤੁਹਾਨੂੰ ਲਿਖਣ ਬਾਰੇ ਸੋਚਦਾ ਸਾਂ ਅੱਜ ਮੈਂ ਲਿਖਣ ਦਾ ਮਨ ਬਣਾਇਆ ਹੈ। ਲਲਕਾਰ ਦਾ ਹਰ ਅੰਕ ਪੜ੍ਹਨਾਂ ਅਤੇ ਸਾਂਭਣਾਂ ਚਾਹੀਦਾ ਹੈ। ਲਲਕਾਰ ਨੌਜਾਵਨਾਂ ਨੂੰ ਸਮਾਜ ਨੂੰ ਸਮਝਣ ਲਈ ਤਾਂ ਕਿ ਉਹ ਮੌਜੂਦਾ ਹਾਲਤਾਂ ਨੂੰ ਬਦਲ ਸਕਣ ਇਕ ਵਿਗਿਆਨਿਕ ਸੇਧ ਦੇਣ ਦਾ ਕੰਮ ਕਰ ਰਿਹਾ ਹੈ। ਮੈਂ ਜਦੋਂ ਦਾ ਲਲਕਾਰ ਪੜ੍ਹਨਾ ਸ਼ੁਰੂ ਕੀਤਾ ਹੈ ਬਹੁਤ ਕੁਝ ਜਾਣਿਆ ਅਤੇ ਸਮਝਿਆ ਅਤੇ ਆਪਣੀ ਜ਼ਿੰਦਗੀ 'ਚ ਢਾਲ਼ਿਆ ਹੈ। ਅਜਿਹੇ ਇਕ ਮੈਗਜ਼ੀਨ ਦੀ ਲੰਮੇ ਸਮੇਂ ਤੋਂ ਸਮਾਜ 'ਚ ਲੋੜ ਸੀ। ਲਲਕਾਰ ਉਸ ਲੋੜ ਨੂੰ ਪੂਰਾ ਕਰ ਰਿਹਾ ਹੈ। ਲਲਕਾਰ ਦੇ ਪਿਛਲੇ ਅੰਕ ਬਾਰੇ ਮੈਂ ਕੁਝ ਸ਼ਬਦ ਕਹਾਂਗਾ, ਡਾ. ਅੰਮ੍ਰਿਤ ਦਾ ਲੇਖ 'ਅਣਖ਼ ਦੇ ਨਾਂ 'ਤੇ ਕਤਲ' ਮੈਨੂੰ ਪਸੰਦ ਆਇਆ, ਇਸ ਲੇਖ 'ਚ ਮੈਂ ਇਹ ਜੋੜ ਕੇ ਕਹਾਂਗਾ ਕਿ ਜਮਾਤੀ ਸਮਾਜ 'ਚ ਨਵੇਂ ਅਤੇ ਪੁਰਾਣੇ ਵਿਚਕਾਰ ਸੰਘਰਸ਼ ਸਦਾ ਦੋ ਜਮਾਤਾਂ ਦੇ ਵਿਚਕਾਰ ਸੰਘਰਸ਼ ਦੇ ਰੂਪ 'ਚ ਹੀ ਪ੍ਰਗਟ ਹੋ ਸਕਦਾ ਹੈ ਜਿਸ 'ਚੋਂ ਇਕ ਪਿਛਾਖੜੀ ਹੈ ਅਤੇ ਦੂਜੀ ਅਗਾਂਹਵਧੂ ਹੈ। ਇਸ ਲੇਖ ਦੀ ਖਾਸੀਅਤ ਇਹ ਹੈ ਕਿ ਇਸ ਨੇ ਨੌਜਵਾਨਾਂ ਮੂਹਰੇ ਕੁਝ ਫੌਰੀ ਟਾਸਕ ਰੱਖੇ ਹਨ, ਇੱਥੇ ਮੈਂ ਮੁਕਤੀਬੋਧ ਤੋਂ ਕੁਝ ਸ਼ਬਦ ਉਧਾਰ ਲੈਕੇ ਕਹਾਂਗਾ ਕਿ 'ਹੁਣ ਪ੍ਰੇਮ ਕਰਨ ਦੇ ਸਾਰੇ ਖਤਰੇ ਚੁੱਕਣੇ ਹੀ ਪੈਣਗੇ, ਤੋੜਨੇ ਹੀ ਪੈਣਗੇ ਮੱਠ ਅਤੇ ਗੜ੍ਹ ਸਾਰੇ'। ਭਾਂਵੇਂ ਇਹ ਫੌਰੀ ਟਾਸਕ ਹੀ ਸਹੀ ਪਰ ਨੌਜਵਾਨਾਂ ਨੂੰ ਇਸਦੀ ਕਦੇ ਵੀ ਅਣਦੇਖੀ ਨਹੀਂ ਕਰਨੀ ਚਾਹੀਦੀ। ਅੱਗੇ ਮੈਂ ਇਸੇ ਲੇਖਕ ਦੇ ਦੂਸਰੇ ਲੇਖ 'ਰਾਇਲ ਇੰਡੀਅਨ ਨੇਵੀ ਵਿਦਰੋਹ' ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਵਾਕਇ ਇਸ ਵੀਰ ਗਾਥਾ ਬਾਰੇ ਅਜੇ ਹੋਰ ਲਿਖਿਆ ਜਾਣਾ ਬਾਕੀ ਹੈ, ਇਸੇ ਤਰ੍ਹਾਂ ਹੋਰ ਕਿੰਨੇ ਹੀ ਸ਼ਾਨਾਮਤੇ ਸੰਘਰਸ਼ ਜਿਹੜੇ ਸਾਡੇ ਦੇਸ਼ 'ਚ ਲੜੇ ਗਏ, ਜਿਹੜੇ ਕਿ ਸਾਡੀ ਵਿਰਾਸਤ ਹਨ ਪਰ ਉਹਨਾਂ 'ਤੇ ਧੂੜ ਪਾ ਦਿੱਤੀ ਗਈ ਹੈ ਜਾਂ ਤਾਂ ਉਹਨਾਂ ਬਾਰੇ ਕਿਸੇ ਨੂੰ ਜਾਣਕਾਰੀ ਹੀ ਨਹੀਂ ਜਾਂ ਫਿਰ ਘੱਟ ਜਾਣਕਾਰੀ ਹੈ। ਭਾਰਤੀ ਨੈਸ਼ਨਲ ਮੂਵਮੈਂਟ 'ਤੇ ਅਜੇ ਹੋਰ ਕੰਮ ਕੀਤਾ ਜਾਣਾ ਬਾਕੀ ਹੈ, ਅਤੇ 'ਕੀਤੇ ਜਾ ਚੁੱਕੇ ਕੰਮ' ਨੂੰ ਨੌਜਵਾਨਾਂ ਤੱਕ ਲੈ ਕੇ ਆਉਣਾ ਚਾਹੀਦਾ ਹੈ, ਅਸਲ 'ਚ ਜਦੋਂ ਇੰਡੀਅਨ ਨੈਸ਼ਨਲ ਮੂਵਮੈਂਟ ਦੀ ਗੱਲ ਚਲਦੀ ਹੈ ਤਾਂ ਗੱਲ ਕੁਝ ਨਾਇਕਾਂ ਅਤੇ ਯੋਧਿਆਂ ਤੱਕ ਆ ਕੇ ਰੁੱਕ ਜਾਂਦੀ ਹੈ ਕਦੇ ਵੀ ਉਸ ਸਮੇਂ ਦੀਆਂ ਚੱਲ ਰਹੀਆਂ ਲੋਕ-ਲਹਿਰਾਂ ਦਾ ਵਿਸਤਾਰਿਤ ਵੇਰਵਾ ਨਹੀਂ ਦਿੱਤਾ ਜਾਂਦਾ। ਡਾ. ਅੰਮ੍ਰਿਤ ਇਸ ਕੰਮ 'ਚ ਕੁਝ ਹੱਦ ਤੱਕ ਕਾਮਯਾਬ ਹੋਏ ਹਨ, ਪਰ ਨਾਲ ਹੀ ਮੈਂ ਇਹ ਕਹਾਂਗਾ ਕਿ ਇਤਿਹਾਸ ਹਮੇਸ਼ਾ ਹੀ ਕੁਝ ਖਾਸ ਭੌਤਿਕ ਹਾਲਤਾਂ ਦੀ ਉਪਜ ਹੁੰਦਾ ਹੈ। ਆਰਥਿਕ ਤੱਤ ਹੀ ਉਹ ਤੱਤ ਹੁੰਦਾ ਹੈ ਜਿਹੜਾ ਅੰਤ 'ਚ ਚੀਜ਼ਾਂ ਨੂੰ ਤੈਅ ਕਰਦਾ ਹੈ। ਰਾਜਨੀਤੀ ਉਸਦਾ ਸੰਘਣਾ ਇਜ਼ਹਾਰ ਹੈ। ਇਸ ਲਈ ਰਾਇਲ ਇੰਡੀਅਨ ਨੇਵੀ ਵਿਦਰੋਹ ਮਗਰ ਜਿਹੜੀਆਂ ਪਦਾਰਥਕ ਹਾਲਤਾਂ ਕੰਮ ਕਰਦੀਆਂ ਸਨ ਉਸਦੀ ਲੇਖ 'ਚ ਅਣਹੋਂਦ ਹੈ। ਇਹ ਆਰਟੀਕਲ ਇਕ ਵੀਰ ਗਾਥਾ ਵੱਧ ਹੈ। ਥੋੜ੍ਹਾ ਇਸ ਪੱਖ 'ਤੇ ਧਿਆਨ ਦੇਣਾ ਚਾਹੀਦਾ ਸੀ। ਮੈਗਜ਼ੀਨ 'ਚ ਅਲੱਗ-ਅਲੱਗ

ਲੇਖਕਾਂ ਦੇ ਲੇਖਾਂ ਅਤੇ ਟਿੱਪਣੀਆਂ 'ਤੇ ਵਿਚਾਰ-ਚਰਚਾ ਹੋਣੀ ਚਾਹੀਦੀ ਹੈ। ਚੰਗੀ ਗੱਲ ਹੈ ਕਿ ਵਿਗਿਆਨ ਵਰਗੇ ਗੰਭੀਰ ਵਿਸ਼ੇ 'ਤੇ ਵੀ ਲੋਕ-ਪੱਖੀ ਪੈਂਤੜੇ ਨਾਲ ਮੈਗਜ਼ੀਨ ਆਪਣੀ ਰਾਏ ਰੱਖਣ ਲੱਗ ਪਿਆ ਹੈ, ਇਸਨੂੰ ਜਾਰੀ ਰੱਖਣਾ ਚਾਹੀਦਾ ਹੈ। ਇਸ ਕਾਲਮ 'ਚ 'ਪੂੰਜੀ ਦੀ ਸੇਵਾ 'ਚ ਵਿਗਿਆਨ' ਮੇਰਾ ਹੁਣ ਤੱਕ ਦਾ ਸੱਭ ਤੋਂ ਵੱਧ ਪਸੰਦੀਦਾ ਆਰਟੀਕਲ ਰਿਹਾ ਹੈ। ਸਾਹਿਤ ਵਾਲੇ ਕਾਲਮ 'ਚ ਮੈਨੂੰ ਗੁਰਦਾਸ ਮਾਨ ਦੇ ਰਿਵਿਊ 'ਚ ਹਰਜ਼ਨ ਦੀ ਕੋਟੇਸ਼ਨ ਬਹੁਤ ਚੰਗੀ ਲੱਗੀ। ਹੋਰ ਵੀ ਗੱਲਾਂ ਹਨ ਉਹ ਮੈਂ ਅਗਲੀ ਚਿੱਠੀ 'ਚ ਲਿਖਾਂਗਾ।

ਰਮੇਸ਼, ਚੰਡੀਗੜ੍ਹ

ਪਹਿਲੀ ਵਾਰ ਲਲਕਾਰ ਮੈਨੂੰ ਆਪਣੇ ਇੱਕ ਦੋਸਤ ਦੇ ਕੋਲੋਂ ਮਿਲਿਆ ਸੀ ਉਦੋਂ ਤੋਂ ਮੈਂ ਲਲਕਾਰ ਲਗਾਤਾਰ ਪੜ੍ਹਦੀ ਆਈ ਹਾਂ। ਮੈਂ ਕਦੇ ਬਹੁਤੇ ਹੋਰ ਮੈਗਜ਼ੀਨ ਨਹੀਂ ਪੜ੍ਹੇ ਜਾਂ ਕਹਿ ਲਵੋ ਉਹ ਮੈਨੂੰ ਕਦੇ ਖਿੱਚ ਨਹੀਂ ਪੈਦਾ ਕਰ ਸਕੇ ਕਿ ਮੈਂ ਉਨ੍ਹਾਂ ਨੂੰ ਪੜ੍ਹਦੀ। ਸਮਾਜ ਲਈ ਕੁੱਝ ਕਰਨ ਦਾ ਜਜ਼ਬਾ ਤਾਂ ਮੇਰੇ ਅੰਦਰ ਵੀ ਸੀ ਪਰ ਕਦੇ ਕੋਈ ਦਿਸ਼ਾ ਨਹੀਂ ਮਿਲ ਸਕੀ। ਜਿਵੇਂ ਸਮਾਜ ਦੀਆਂ ਬੁਰਾਈਆਂ, ਕੁਰੀਤੀਆਂ, ਰੂੜੀਵਾਦੀ ਕਦਰਾਂ-ਕੀਮਤਾਂ ਨੂੰ ਲੈ ਕੇ ਦੁੱਖੀ ਹੋਣਾ ਤਾਂ ਸੁਭਾਵਿਕ ਹੀ ਹੈ ਪਰ ਕਦੇ ਇਨ੍ਹਾਂ ਦੇ ਪਿੱਛੇ ਦਾ ਕਾਰਨ ਨਹੀਂ ਸਮਝ ਪੈਂਦਾ ਸੀ। ਜਿਵੇਂ ਜੇ ਲਲਕਾਰ ਤੋਂ ਮੈਂ ਇਹ ਸਿੱਖਿਆ ਹੈ ਕਿ ਇਸ ਸਮਾਜ ਨੂੰ ਇਸ ਢਾਂਚੇ ਨੂੰ ਬਦਲਣਾ ਹੈ ਉਸੇ ਤਰ੍ਹਾਂ ਲਲਕਾਰ ਨੂੰ ਪੜ੍ਹਕੇ ਇਹ ਵੀ ਸਿੱਖਿਆ ਹੈ ਕਿ ਸਮਾਜ ਨੂੰ ਬਦਲਣ ਤੋਂ ਪਹਿਲਾਂ ਸਮਾਜ ਦੀ ਸਮਝ ਹੋਣੀ ਵੀ ਜ਼ਰੂਰੀ ਹੈ। ਸਮਾਜ ਦਾ ਵੀ ਇੱਕ ਵਿਗਿਆਨ ਹੁੰਦਾ ਹੈ। ਲਲਕਾਰ ਦੇ ਲੇਖਾਂ ਨੂੰ ਪੜ੍ਹਕੇ ਇਸ ਵਿਗਿਆਨ ਦੀ ਸਮਝ ਪੈਂਦੀ ਹੈ ਤੇ ਹੌਲ਼ੀ- ਹੌਲ਼ੀ ਮੇਰੀ ਵੀ ਇਸ ਵਿਗਿਆਨ 'ਤੇ ਪਕੜ ਬਣਦੀ ਜਾ ਰਹੀ ਹੈ। ਹੁਣ ਘੱਟੋ-ਘੱਟ ਇੰਨਾ ਤਾਂ ਪਤਾ ਲੱਗ ਜਾਂਦਾ ਹੈ ਕਿ ਸੱਚ ਕੀ ਹੈ।

ਲਲਕਾਰ ਦੇ ਜਿਵੇਂ ਕਈ ਅੰਕਾਂ ਵਿੱਚ ਪੁਸਤਕ- ਚਰਚਾ ਛਪ ਰਹੀ ਸੀ ਉਸ ਨਾਲ਼ ਜਿਵੇਂ ਸਾਹਿਤ ਪ੍ਰਤੀ ਮੇਰੀ ਰੁਚੀ ਪੈਦਾ ਹੋਈ ਸੀ ਤੇ ਬਾਕਾਇਦਾ ਪੜ੍ਹਨ ਦੀ ਸਮਝ ਪੈਦਾ ਹੋਈ ਸੀ ਕਿ ਸਿਰਫ਼ ਪੜ੍ਹਨ ਲਈ ਹੀ ਨਹੀਂ ਪੜ੍ਹਨਾ ਚਾਹੀਦਾ, ਇੰਞ ਚੀਜ਼ਾਂ ਨੂੰ ਦੇਖਣਾ ਚਾਹੀਦਾ ਹੈ ਕਿ ਪਤਾ ਲੱਗੇ ਕਿ ਜ਼ਿੰਦਗੀ ਦਾ ਇੱਕ ਪੱਖ ਇਹ ਵੀ ਹੈ। ਮੇਰਾ ਸੁਝਾਅ ਹੈ ਕਿ ਜੇਕਰ ਸੰਭਵ ਹੋਵੇ ਤਾਂ ਪੁਸਤਕ-ਚਰਚਾ ਫਿਰ ਤੋਂ ਲਗਾਤਾਰ ਸ਼ੁਰੂ ਕੀਤੀ ਜਾਵੇ। ਇੱਕ ਗੱਲ ਹੋਰ ਜੇ ਹੋ ਸਕੇ ਤਾਂ ਨੌਜਵਾਨਾਂ-ਵਿਦਿਆਰਥੀਆਂ ਨਾਲ਼ ਸਬੰਧਿਤ ਲੇਖ ਵੀ ਹੋਣੇ ਚਾਹੀਦੇ ਹਨ ਜਿਵੇਂ ਲਲਕਾਰ ਦੇ ਜੁਲਾਈ-ਸਤੰਬਰ 2009 ਅੰਕ ਵਿੱਚ 'ਗਰੀਸ ਦੇ ਮਜ਼ਦੂਰਾਂ ਵੱਲੋਂ ਵਿਦਿਆਰਥੀਆਂ ਦੇ ਨਾਂ ਖੁੱਲਾ ਖ਼ਤ' ਬਾਰੇ ਲਿਖਿਆ ਗਿਆ ਸੀ ਤੇ ਜਿਵੇਂ ਪਿਛਲੀ ਵਾਰ ਵਾਲ਼ੇ ਲਲਕਾਰ ਵਿੱਚ ਇੰਗਲੈਂਡ ਦੇ ਵਿਦਿਆਰਥੀਆਂ ਨੂੰ ਲੈ ਕੇ ਲਿਖਿਆ ਗਿਆ ਹੈ। ਬਾਕੀ ਲਲਕਾਰ ਦੀ ਤਰੱਕੀ ਲਈ ਹਮੇਸ਼ਾ ਸੁਝਾਅ ਦਿੰਦੀ ਰਹਾਂਗੀ ਜੇ ਲੱਗੇ ਕਿ ਲਲਕਾਰ ਨੂੰ ਹੋਰ ਅੱਗੇ ਲੈ ਕੇ ਜਾ ਸਕਣ 'ਚ ਮਦਦਗਾਰ ਹੋਣਗੇ।

ਤੁਹਾਡੀ ਹਮਦਰਦ,
ਹਿਨਾ, ਲੁਧਿਆਣਾ

ਸੰਪਾਦਕ ਵੱਲੋਂ

ਸਨੇਹਾ ਜੀ,

ਤੁਹਾਡੇ ਸੁਝਾਅ ਸਾਡੇ ਲਈ ਬਹੁਤ ਕੀਮਤੀ ਹਨ। ਇਹਨਾਂ ਵਿੱਚੋਂ ਕੁੱਝ ਉੱਪਰ ਲਲਕਾਰ ਦੇ ਹੱਥਲੇ ਅੰਕ ਵਿੱਚ ਅਸੀਂ ਅਮਲ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਇਹ ਤੁਹਾਨੂੰ ਕਿਹੋ ਜਿਹਾ ਲੱਗਿਆ? ਲਲਕਾਰ ਦੇ ਅੱਗਲੇ ਅੰਕ ਵਿੱਚ ਇਸ ਬਾਰੇ ਜ਼ਰੂਰ ਲਿਖਣਾ।

ਲਲਕਾਰ ਦੇ ਬਲੌਗ ਨੂੰ ਲਗਾਤਾਰ ਅਪਡੇਟ ਕਰਦੇ ਰਹਿਣ 'ਚ ਸਾਡੇ ਵੱਲੋਂ ਹੁਣ ਤੱਕ ਬਹੁਤ ਅਣਗਹਿਲੀ ਹੁੰਦੀ ਰਹੀ ਹੈ। ਤੁਹਾਡਾ ਕਹਿਣਾ ਇੱਕ ਦਮ ਦਰੁਸਤ ਹੈ ਇਸ ਮਾਮਲੇ ਵਿੱਚ ਅਸੀਂ ਬਹੁਤ ਪਿੱਛੇ ਹਾਂ, ਜਾਂ ਕਹਿ ਲਓ ਕਿ ਪੱਛੜੇ ਹੋਏ ਹਾਂ। ਆਉਣ ਵਾਲ਼ੇ ਦਿਨਾਂ ਵਿੱਚ ਅਸੀਂ ਇਸ ਕਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਵਾਸਤੇ ਸਾਨੂੰ ਤੁਹਾਡੇ ਜਿਹੇ ਸਾਥੀਆਂ ਦੇ ਸਹਿਯੋਗ ਦੀ ਜ਼ਰੂਰਤ ਹੈ। ਇਸ ਸਬੰਧ ਵਿੱਚ ਅਸੀਂ ਤੁਹਾਡੇ ਸੁਝਾਅ ਨੋਟ ਕਰ ਲਏ ਹਨ, ਉਮੀਦ ਹੈ ਕਿ ਆਨਲਾਈਨ ਲਲਕਾਰ ਵਾਸਤੇ ਇਹ ਬਹੁਤ ਮੱਦਦਗਾਰ ਹੋਣੇਗੇ।

•••••

ਹਿਨਾ ਜੀ,

ਲਲਕਾਰ ਦੇ ਪਿਛਲੇ ਕੁੱਝ ਅੰਕਾਂ ਤੋਂ ਅਸੀਂ ਪੁਸਤਕ ਜਾਣ ਪਛਾਣ/ਪੁਸਤਕ ਸਮੀਖਿਆ ਵਾਲਾ ਕਾਲਮ ਜਾਰੀ ਨਹੀਂ ਰੱਖ ਸਕੇ। ਤੁਸੀਂ ਸਾਡੀ ਇਸ ਕਮੀ ਵੱਲ ਠੀਕ ਹੀ ਧਿਆਨ ਦਿਵਾਇਆ ਹੈ। ਇਸ ਦੀ ਇੱਕ ਵਜ੍ਹਾ ਤਾਂ ਲਲਕਾਰ ਦੇ ਪੰਨਿਆਂ ਦੀ ਸੀਮਤਾਈ ਹੈ। ਪਰ ਇਸ ਦੀ ਮੁੱਖ ਵਜ੍ਹਾ ਅਜਿਹੇ ਲੇਖਕਾਂ ਦੀ ਕਮੀ ਹੈ ਜੋ ਇਸ ਕੰਮ ਨੂੰ ਬਾਖੂਬੀ ਅੰਜ਼ਾਮ ਦੇ ਸਕਣ। ਕੋਸ਼ਿਸ਼ ਕਰਾਂਗੇ ਕਿ ਲਲਕਾਰ ਦੇ ਆਉਣ ਵਾਲ਼ੇ ਅੰਕਾਂ ਵਿੱਚ ਅਸੀਂ ਇਹ ਕਾਲਮ ਫਿਰ ਤੋਂ ਸ਼ੁਰੂ ਕਰ ਦੇਈਏ।

ਸਾਡੇ ਲਈ ਪਾਠਕਾਂ ਦੇ ਸੁਝਾਅ ਬੇਹੱਦ ਕੀਮਤੀ ਹਨ। 'ਜੇ ਲੱਗੇ' ਵਾਲ਼ੀ ਤਾਂ ਕੋਈ ਗੱਲ ਹੀ ਨਹੀਂ ਹੈ, ਬਿਨਾਂ ਸ਼ੱਕ ਤੁਹਾਡੇ ਸੁਝਾਅ ਲਲਕਾਰ ਨੂੰ ਹੋਰ ਅੱਗੇ ਲੈ ਜਾ ਸਕਣ ਵਿੱਚ ਮੱਦਦਗਾਰ ਹੋਣਗੇ।

••••

'ਸਾਲਟ ਆਫ਼ ਦੀ ਅਰਥ' ਫ਼ਿਲਮ ਦੇ ਅਮਰ ਨਿਰਦੇਸ਼ਕ–ਹਾਬਰਟ ਜੇ. ਬੀਬਰਮੈਨ

— ਕੁਲਵਿੰਦਰ



ਹਾਬਰਟ ਜੇ. ਬੀਬਰਮੈਨ ਇਕ ਅਜਿਹੇ ਫ਼ਿਲਮ ਨਿਰਦੇਸ਼ਕ ਸਨ ਜਿਨ੍ਹਾਂ ਨੇ ਅਮਰੀਕੀ ਸਿਨੇਮਾ ਨੂੰ ਹਾਲੀਵੁੱਡ ਦੀ ਚਕਾਚੌਂਧ ਵਾਲੀ ਨਕਲੀ ਦੁਨੀਆਂ 'ਚੋਂ ਕੱਢ ਕੇ ਫ਼ਿਲਮ ਵਿਧਾ ਨੂੰ ਲੋਕ ਪੱਖੀ ਮੋੜ ਦੇਣ ਦੀ ਕੋਸ਼ਿਸ਼ ਕੀਤੀ। ਲੋਕਪੱਖੀ ਵਿਰਸੇ ਦੇ ਸ਼ਾਨਾਮੱਤੇ ਇਤਿਹਾਸ ਵਿਚ ਉਹ ਇਕ ਅਜਿਹੇ ਕਲਾਕਾਰ ਸਨ ਜਿਨ੍ਹਾਂ ਨੇ ਔਕੜਾਂ ਝੱਲਦੇ ਹੋਏ ਵੀ ਬਦਲਵਾਂ ਲੋਕ ਪੱਖੀ ਫ਼ਿਲਮ ਸੱਭਿਆਚਾਰ ਉਸਾਰਨ ਦੇ ਯਤਨ ਜਾਰੀ ਰੱਖੇ।

4 ਮਾਰਚ, 1900 ਨੂੰ ਅਮਰੀਕਾ ਦੇ ਸ਼ਹਿਰ ਫਿਲਾਡੇਲਫੀਆ ਵਿਚ ਜਨਮੇ ਬੀਬਰਮੈਨ ਨੇ ਪੈਨਸਲਨਾਵੀਆ ਦੀ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕਈ ਸਾਲ ਯੂਰੋਪ ਵਿਚ ਬਿਤਾਏ। ਅਮਰੀਕਾ ਵਾਪਸ ਆ ਕੇ 1928 ਵਿਚ ਬੀਬਰਮੈਨ ਇਕ ਸਹਾਇਕ ਸਟੇਜ ਮੈਨੇਜਰ ਦੀ ਹੈਸੀਅਤ ਵਿਚ ਥਿਏਟਰ ਗਿਲਡ ਵਿਚ ਸ਼ਾਮਲ ਹੋ ਗਏ। ਇਸ ਦੌਰ ਵਿਚ ਉਨ੍ਹਾਂ ਦਾ ਝੁਕਾਅ ਖੱਬੇ ਪੱਖੀ ਵਿਚਾਰਧਾਰਾ ਵਲ ਹੋ ਗਿਆ। ਬਾਅਦ ਵਿਚ ਉਨ੍ਹਾਂ ਨੇ 'ਰੈੱਡ ਰਸਟ', 'ਰੋਅਰ ਚਾਈਨਾ' ਆਦਿ ਨਾਟਕਾਂ ਦਾ ਨਿਰਦੇਸ਼ਨ ਕੀਤਾ।

ਫ਼ਿਲਮ ਵਿਧਾ ਦੀ ਵਿਆਪਕ ਪਹੁੰਚ ਕਾਰਨ ਬਾਅਦ ਵਿਚ ਬੀਬਰਮੈਨ ਹਾਲੀਵੁੱਡ ਵਿਚ ਆ ਗਏ ਅਤੇ ਇਸ ਦੌਰ ਵਿਚ ਉਨ੍ਹਾਂ ਨੇ 'ਕਿੰਗ ਆਫ਼ ਚਾਈਨਾ ਟਾਊਨ', 'ਵੈਨ ਟੂਮਾਰੋ ਕਮਜ਼', 'ਐਕਸ਼ਨ ਇਨ ਅਰੇਬੀਆ', 'ਦੀ ਮਾਸਟਰ ਰੇਸ', ਅਤੇ 'ਨਿਊ ਔਰੀਅਨਸ' ਜਿਹੀਆਂ ਫ਼ਿਲਮਾਂ ਲਿਖਣ ਦੇ ਨਾਲ ਹੀ 'ਵਨ ਵੇ ਟਿਕਟ', 'ਮੀਟ ਨੇਰੋ ਵੂਲਫ', ਅਤੇ 'ਦੀ ਮਾਸਟਰ ਰੇਸ' ਜਿਹੀਆਂ ਫ਼ਿਲਮਾਂ ਦਾ ਨਿਰਦੇਸ਼ਨ ਕਰਕੇ ਆਪਣੇ ਆਪ ਨੂੰ ਹਾਲੀਵੁੱਡ ਵਿਚ ਸਥਾਪਤ ਕਰ ਲਿਆ।


1947 ਵਿਚ ਜਦ ਜਮਹੂਰੀਅਤ ਦੇ ਦਮਗਜੇ ਮਾਰਨ ਵਾਲੇ ਅਮਰੀਕੀ ਹਾਕਮਾਂ ਨੇ ਕਮਿਊਨਿਜ਼ਮ ਦਾ ਹਊਆ ਖੜ੍ਹਾ ਕਰਕੇ 'ਹਾਊਸ ਕਮੇਟੀ ਆਨ ਅਨ-ਅਮੇਰੀਕਨ ਐਕਟਿਵਟੀਜ਼' ਬਣਾ ਕੇ ਅਮਰੀਕੀ ਲੇਖਕਾਂ ਅਤੇ ਸੱਭਿਆਚਾਰਕ ਕਲਾਕਾਰਾਂ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਕੁਦਰਤੀ ਤੌਰ 'ਤੇ ਹਾਬਰਟ ਜੇ. ਬੀਬਰਮੈਨ ਉਨ੍ਹਾਂ ਫ਼ਿਲਮ ਲੇਖਕਾਂ ਅਤੇ ਨਿਰਦੇਸ਼ਕਾਂ ਵਿਚ ਸ਼ਾਮਲ ਸੀ, ਜੋ ਬਾਅਦ ਵਿਚ 'ਹਾਲੀਵੁਡ ਟੈਨ' ਦੇ ਨਾਂ ਨਾਲ ਪ੍ਰਸਿਧ ਹੋਏ। 'ਹਾਲੀਵੁੱਡ ਟੈਨ' ਉਹ ਦਸ ਵਿਅਕਤੀ ਸਨ, ਜਿਨ੍ਹਾਂ ਨੇ ਬਿਲ ਆਫ਼ ਰਾਈਟ ਦੀ ਓਟ ਲੈ ਕੇ ਵਿਚਾਰਾਂ ਦੀ ਅਜ਼ਾਦੀ 'ਤੇ ਪਹਿਰਾ ਦਿੱਤਾ ਅਤੇ ਕਮੇਟੀ ਦੇ ਸੰਮਨਾਂ ਦੀ ਪਰਵਾਹ ਨਾ ਕੀਤੀ ਅਤੇ ਕਮੇਟੀ ਦੇ ਕਿਸੇ ਵੀ ਸੁਆਲ ਦਾ ਜੁਆਬ ਦੇਣੋਂ ਸਾਫ਼ ਇਨਕਾਰ ਕਰ ਦਿਤਾ। ਨਤੀਜੇ ਵਜੋਂ ਉਨ੍ਹਾਂ ਨੂੰ ਜੇਲ੍ਹ ਵਿਚ ਤੂੜ ਦਿੱਤਾ ਗਿਆ। ਬੀਬਰਮੈਨ ਨੂੰ ਬੁਰਜੂਆ ਜਮਹੂਰੀਅਤ ਵਿਚ ਵਿਚਾਰਾਂ ਦੀ ਅਜ਼ਾਦੀ ਲਈ ਅਦਾਲਤ ਨੇ ਛੇ ਮਹੀਨੇ ਜੇਲ੍ਹ ਅਤੇ 1000 ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ।

ਇਸ ਤੋਂ ਬਾਅਦ ਹਾਲੀਵੁੱਡ ਦੇ ਸਟੂਡੀਓ ਮਾਲਕਾਂ ਵਲੋਂ ਉਨ੍ਹਾਂ ਦੇ ਨਾਂ ਨੂੰ ਉਸ ਬਦਨਾਮ 'ਕਾਲੀ ਸੂਚੀ' ਵਿਚ ਦਰਜ ਕਰ ਲਿਆ, ਜਿਸ ਵਿਚ ਹਾਲੀਵੁੱਡ ਦੇ ਉਨ੍ਹਾਂ ਕਲਾਕਾਰਾਂ ਨੂੰ ਸ਼ਾਮਲ ਕੀਤਾ ਜਾਂਦਾ ਸੀ, ਜੋ ਕਥਿਤ ਤੌਰ ਤੇ ਕਮਿਊਨਿਸਟ ਜਾਂ ਖੱਬੇਪੱਖੀ ਵਿਚਾਰ ਰੱਖਦੇ ਸਨ। ਇਨ੍ਹਾਂ ਕਲਾਕਾਰਾਂ ਨੂੰ ਹਾਲੀਵੁੱਡ ਵਿਚ ਕਿਸੇ ਵੀ ਤਰ੍ਹਾਂ ਦਾ ਕੰਮ ਨਹੀਂ ਦਿੱਤਾ ਜਾਂਦਾ ਸੀ।

ਹੁਣ ਤੱਕ ਬੀਬਰਮੈਨ ਨੂੰ ਵਾਲ ਸਟਰੀਟ ਦੇ ਹਾਲੀਵੁੱਡੀਏ ਮੁਨਾਫ਼ਾਖੋਰਾਂ ਦੇ ਮੁਕਾਬਲੇ ਤੇ ਲੋਕਾਂ ਨੂੰ ਆਪਣਾ ਬਦਲਵਾਂ ਸੱਭਿਆਚਾਰ ਉਸਾਰੇ ਜਾਣ ਦੀ ਲੋੜ ਦਾ ਅਹਿਸਾਸ ਹੋ ਚੁੱਕਿਆ ਸੀ। ਉਨ੍ਹਾਂ ਨੇ ਉਪਰੋਕਤ ਕਾਲੀ ਸੂਚੀ ਵਿਚ ਦਰਜ ਕਲਾਕਾਰਾਂ ਨੂੰ ਲੈ ਕੇ ਇਕ ਫ਼ਿਲਮ ਬਣਾਉਣ ਦੀ ਯੋਜਨਾ ਬਣਾਈ, ਜੋ ਬਾਅਦ ਵਿਚ 'ਸਾਲਟ ਆਫ਼ ਦੀ ਅਰਥ' (1954) ਦੇ ਰੂਪ ਵਿਚ ਸਾਹਮਣੇ ਆਈ। ਫ਼ਿਲਮ ਦੀ ਕਹਾਣੀ ਮੈਕਸੀਕੋ ਦੇ ਖਾਣ ਮਜ਼ਦੂਰਾਂ ਦੀ ਇਕ ਹੜਤਾਲ ਦੀ ਸੱਚੀ ਕਹਾਣੀ ਨੂੰ ਪੇਸ਼ ਕਰਦੀ ਹੈ। ਫ਼ਿਲਮ ਵਿਚ ਪੇਸ਼ੇਵਰ ਕਲਾਕਾਰਾਂ ਦੇ ਨਾਲ ਹੀ ਅਸਲੀ ਖਾਣ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਵੀ ਅਦਾਕਾਰੀ ਕੀਤੀ ਹੈ।

ਫ਼ਿਲਮੀ ਪਰਦੇ 'ਤੇ ਜਦ ਮਜ਼ਦੂਰ ਜਮਾਤ ਦੀ ਇਮਾਨਦਾਰ ਪੇਸ਼ਕਾਰੀ ਦਾ ਸੁਆਲ ਸਾਹਮਣੇ ਆਇਆ ਤਾਂ ਪੂੰਜੀਵਾਦੀ ਟੁੱਕੜਬੋਚਾਂ ਦੀ 'ਮੁਕਤ ਉਦਮ ਦੀ ਅਖੌਤੀ ਸ਼ਰਧਾ' ਕਾਫ਼ੂਰ ਹੋ ਗਈ' ਅਤੇ ਉਨ੍ਹਾਂ ਇਸ ਨੂੰ ਰੋਕਣ ਦੀ ਹਰ ਤਰ੍ਹਾਂ ਨਾਲ ਕੋਸ਼ਿਸ਼ ਕੀਤੀ। ਪਹਿਲਾਂ ਤਾਂ ਹਿੰਸਾ ਨਾਲ ਫ਼ਿਲਮ ਦੀ ਸ਼ੂਟਿੰਗ ਵਿਚ ਗੜਬੜ ਪੈਦਾ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਇਥੋਂ ਤੱਕ ਕਿ ਫ਼ਿਲਮ ਦੀ ਪ੍ਰਮੁੱਖ ਅਦਾਕਾਰਾ ਰੋਜ਼ਾਊਰਾ ਰੀਵੀਲਟਸ ਨੂੰ ਵੀਜ਼ੇ ਦੇ ਕਾਨੂੰਨਾਂ ਤਹਿਤ ਗ੍ਰਿਫ਼ਤਾਰ ਕਰ ਲਿਆ। ਜਦ ਉਹ ਆਪਣੇ ਮਕਸਦ ਵਿਚ ਅਸਫ਼ਲ ਰਹੇ ਤਾਂ ਉਨ੍ਹਾਂ ਨੇ ਇਸ ਦੇ ਪ੍ਰਦਰਸ਼ਨ ਨੂੰ ਰੁਕਵਾਉਣ ਦਾ ਯਤਨ ਕੀਤਾ। ਅੱਜ 'ਸਾਲਟ ਆਫ਼ ਦੀ ਅਰਥ' ਨੂੰ ਮਜ਼ਦੂਰ ਜਮਾਤ ਦੀਆਂ ਮਹਾਨ ਫ਼ਿਲਮਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਭਾਵੇਂ 'ਸਾਲਟ ਆਫ਼ ਦੀ ਅਰਥ' ਨੂੰ ਯੂਰੋਪ ਵਿਚ ਅਲੋਚਕਾਂ ਦੀ ਬਹੁਤ ਪ੍ਰਸ਼ੰਸਾ ਹਾਸਲ ਹੋਈ ਪਰ ਅਮਰੀਕਾ ਵਿਚ ਇਹ 1965 ਵਿਚ ਹੀ ਪ੍ਰਦਰਸ਼ਤ ਹੋ ਸਕੀ।

ਇਸ ਤੋਂ ਬਾਅਦ ਬੀਬਰਮੈਨ ਨੇ 'ਸਲੇਵਜ਼' (1969) ਨਾਂ ਦੀ ਫ਼ਿਲਮ ਦਾ ਨਿਰਦੇਸ਼ਨ ਕੀਤਾ ਜਿਸ ਨੂੰ ਕਾਨ ਫ਼ਿਲਮ ਫੈਸਟੀਵਲ ਵਿਚ ਦਿਖਾਇਆ ਗਿਆ। 30 ਜੂਨ, 1971 ਨੂੰ ਇਸ ਲੋਕ ਪੱਖੀ ਫ਼ਿਲਮਕਾਰ ਦੀ ਮੌਤ ਹੋ ਗਈ। ਸੰਨ 2000 ਵਿਚ ਬਣੀ ਦਸਤਾਵੇਜ਼ੀ ਫ਼ਿਲਮ 'ਵਨ ਆਫ਼ ਹਾਲੀਵੁੱਡ ਟੈਨ' ਬੀਬਰਮੈਨ ...







ਪੰਜਾਬ ਸਰਕਾਰ ਵੱਲੋਂ ਬਣਾਏ ਕਾਲ਼ੇ ਕਨੂੰਨਾਂ ਖਿਲਾਫ਼ 20 ਜਨਵਰੀ ਨੂੰ ਮਿਨੀ ਸਕੱਤਰੇਤ ਲੁਧਿਆਣਾ ਵਿਖੇ ਜਨਤਕ ਜਥੇਬੰਦੀਆਂ ਦਾ ਸਾਂਝਾ ਧਰਨਾ।